

13th April 1978

# KURBANI

Shaheed Bhai FAUJA SINGH Ji who with 12 companions gave there lives to protect the honour of Dhan Sri Guru Granth Sahib Ji. This is their story...

ਸਾਕਾ ਅੰਮ੍ਰਿਤਸਰ ੧੯੭੮ ਮੌਜੂਦਾ ਸਿੱਖ ਸੰਘਰਸ਼ ਦਾ ਆਗਾਜ਼



ਸ੍ਰੀ ਅਕਾਲ ਸਹਾਇ

ਪਰਮ ਸਤਿਕਾਰਯੋਗ ਗੁਰੂ ਰੂਪ ਖਾਲਸਾ ਜੀਓ ,
ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਪੰਜਵੇਂ ਪਾਤਿਸ਼ਾਹ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਹੀ ਸਿੱਖ ਪੰਥ ਵਿੱਚ ਸ਼ਹਾਦਤਾਂ ਤੋਂ ਪ੍ਰੇਰਨਾ ਲੈਣ ਦਾ ਜਜ਼ਬਾ ਪੈਦਾ ਹੁੰਦਾ ਆ ਰਿਹਾ ਹੈ । ਸਮੁੱਚਾ ਸਿੱਖ ਇਤਿਹਾਸ ਅਦੁੱਤੀ ਕੁਬਾਨੀਆਂ ਅਤੇ ਸ਼ਹੀਦੀਆਂ ਦੀ ਰੰਗਤ ਵਿਚ ਰੰਗਿਆ ਪਿਆ ਹੈ ।

੧੩ ਅਪ੍ਰੈਲ ੧੯੭੮ ਨੂੰ ਭਾਈ ਸਾਹਿਬ ਭਾਈ ਫੌਜਾ ਸਿੰਘ ਜੀ ਅਮ੍ਰਿਤਸਰ ਸਾਹਿਬ ਵਿਖੇ ਆਪਣੇ ੧੨ ਸਾਥੀਆਂ ਸਮੇਤ ਗੁਰੂ ਕੀ ਨਿੰਦਿਆ ਨਾ ਸਹਾਰਦੇ ਹੋਏ ਸ਼ਹੀਦੀਆਂ ਪਾ ਗਏ । ਤਿਨ੍ਹਾਂ ਗੁਰਸਿੱਖ ਮਰਜੀਵੜਿਆਂ ਨੇ ਸ਼ਹਾਦਤਾਂ ਦੇ ਕੇ ਸਮੁੱਚੀ ਕੌਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ ਕਾਇਮ ਰੱਖਣ ਅਤੇ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਹੋਣ ਲਈ ਬਹੁਤ ਵੱਡਾ ਹਲੂਣਾ ਦਿੱਤਾ । ਨਾਮ ਬਾਣੀ ਦੇ ਰਸੀਏ ਬਾਣੀ ਬਾਣੇ ਦੇ ਧਾਰਨੀ ਅਤੇ ਗੁਰ ਹੁਕਮਾਂ ਨੂੰ ਮਨ ਬਚ ਕਰਮ ਕਰਕੇ ਨਿਭਾਉਣ ਵਾਲੇ ਸੂਰਬੀਰ ਯੋਧਿਆਂ ਦੀ ਕੁਰਬਾਨੀ ਨੇ ਮੌਜੂਦਾ ਸਿੱਖ ਸੰਘਰਸ਼ ਦਾ ਮੁੱਢ ਬੰਨਿਆ । ਕਰੜੀਆਂ ਘਾਲ ਕਮਾਈਆਂ ਮੁਸ਼ੱਕਤਾਂ ਘਾਲਣਹਾਰੇ ਉੱਚੇ ਸੁੱਚੇ ਜੀਵਨਾਂ ਵਾਲੇ ਗੁਰਮੁਖ ਗਾਡੀ ਰਾਹ ਦੇ ਪਾਂਧੀਆਂ ਨੇ ਸਨਮੁੱਖ ਜੂਝਕੇ ਅਤੇ ਅਡੋਲ ਚਿੱਤ ਵਾਹਿਗੁਰੂ ਵਾਹਿਗੁਰੂ ਜਪਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ ।

ਨੌਜਵਾਨਾਂ ਲਈ ਪ੍ਰੇਰਨਾ ਸ੍ਰੋਤ ਅਤੇ ਹਰਦਮ ਕੁਰਬਾਨੀ ਕਰਨ ਲਈ ਤਤਪਰ ਰਹਿਕੇ ਪ੍ਰਚਾਰ ਦੀ ਸੇਵਾ ਕਰਨ ਵਾਲੇ ਭਾਈ ਫੌਜਾ ਸਿੰਘ ਜੀ ਦੀ ਸੰਗਤ ਨੇ ਅਨੇਕਾਂ ਚਿਰਾਗ ਰੌਸ਼ਨ ਕੀਤੇ । ਜਿੰਨ੍ਹਾਂ ਵਿਚ ਜਥੇਦਾਰ ਸੁਖਦੇਵ ਸਿੰਘ ਬੱਬਰ , ਭਾਈ ਅਨੋਖ ਸਿੰਘ ਬੱਬਰ , ਭਾਈ ਮਹਿੰਗਾ ਸਿੰਘ ਬੱਬਰ , ਭਾਈ ਸੁਲੱਖਣ ਸਿੰਘ ਬੱਬਰ ਅਤੇ ਭਾਈ ਮਨਮੋਹਨ ਸਿੰਘ ਬੱਬਰ ਇਤਿਆਦਿ ਅਜਿਹੇ ਸੰਘਰਸ਼ਸ਼ੀਲ ਯੋਧੇ ਸ਼ਾਮਿਲ ਹਨ ਜੋ ਆਪਣਾ ਆਪਾ ਵਾਰ ਕੇ ਪੰਥ ਦੇ ਵਿਹੜੇ ਨੂੰ ਰੁਸ਼ਨਾ ਗਏ ।

੧੯੭੮ ਦੇ ਇਹਨਾਂ ਮਹਾਨ ਸ਼ਹੀਦਾਂ ਦੀ ਗਾਥਾ ਘਰ ਘਰ ਪਹੁੰਚਾਉਣੀ ਅਜੋਕੇ ਸਮੇਂ ਹੋਰ ਵੀ ਜਰੂਰੀ ਹੋ ਜਾਂਦੀ ਹੈ ਜਦ ਬੇਅਦਬੀ ਦੀਆਂ ਘਟਨਾਵਾਂ ਨਾਲ ਹਰ ਸਿੱਖ ਦਾ ਹਿਰਦਾ ਵਲੂੰਧਰਿਆ ਜਾ ਰਿਹਾ ਹੈ । ਵਿਸ਼ਵਾਸ ਹੈ ਕਿ ਭਾਈ ਫੌਜਾ ਸਿੰਘ ਜੀ ਦੇ ਸਿੱਖੀ ਲਈ ਮਰ ਮਿਟਣ ਵਾਲੇ ਜੀਵਨ ਬਾਬਤ ਪੜਕੇ ਨੌਜਵਾਨ ਪ੍ਰਭਾਵਿਤ ਜਰੂਰ ਹੋਣਗੇ ਤਾਂ ਜੋ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਕੁਰਬਾਨ ਹੋਣ ਦਾ ਹੋਰ ਜਜ਼ਬਾ ਪੈਦਾ ਹੁੰਦਾ ਰਹੇਗਾ ਅਤੇ ਦਸ਼ਮੇਸ਼ ਪਿਤਾ ਦਾ ਫ਼ਰਜ਼ੰਦ ਖਾਲਸਾ ਸਦੀਵ ਚੜ੍ਹਦੀਆਂ ਕਲਾਂ ਵਿਚ ਵਿਚਰਦਾ ਹੋਇਆ ਦੁਨੀਆਂ ਵਿੱਚ ਹਰ ਮੈਦਾਨ ਹਰ ਦੀਵਾਨ ਫਤਹਿ ਹਾਸਿਲ ਕਰਦਾ ਰਹੇਗਾ ।

ਮੈਂ ਇਹ ਉਪਰਾਲਾ ਕਰਨ ਵਾਲੇ ਸਿੰਘਾਂ ਨੂੰ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਅੱਗੇ ਤੋਂ ਵੀ ਉਹ ਇਹੋ ਜਿਹੀਆਂ ਸੇਵਾਵਾਂ ਕਰਦੇ ਰਹਿਣਗੇ । ਮੇਰੀ ਸਿੱਖ ਕੌਮ ਅਤੇ ਹਰ ਗੁਰੂ ਨਾਨਕ ਨਾਮ ਲੇਵਾ ਮਾਈ ਭਾਈ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਕਿਤਾਬਚੇ ਨੂੰ ਜਰੂਰ ਪੜਿਆ ਪ੍ਰਚਾਰਿਆ ਅਤੇ ਪਰਸਾਰਿਆ ਜਾਵੇ । ਨਾਲੋ ਨਾਲ ਇਸ ਕਿਤਾਬਚੇ ਨੂੰ ਪ੍ਰਚਾਰਨ ਪ੍ਰਸਾਰਣ ਅਤੇ ਸੰਪਾਦਿਤ ਕਰਨ ਵਾਲੇ ਸਿੰਘਾਂ ਦਾ ਹਰ ਸੰਭਵ ਸਹਿਯੋਗ ਕੀਤਾ ਜਾਵੇ ਤਾਂ ਜੋ ਇਹ ਸੇਵਾਵਾਂ ਨਿਰੰਤਰ ਜਾਰੀ ਰਹਿਣ ।

ਗੁਰੂ ਪੰਥ ਦਾ ਦਾਸ
**ਜਗਤਾਰ ਸਿੰਘ ਹਵਾਰਾ**
ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ

# Kurbani

13th April 1978



Akhand Kirtani Jatha Worldwide

First Published in Great Britain in 1998 by Akhand Kirtani Jatha U.K.
Email: uk@akj.org

All rights reserved. Apart from any fair dealing for the purpose of private study, research, criticism or review, as permitted under the Copyright, Designs and patents act, 1988, no part of this publication may be reproduced stored in a retrieval system, or transmitted in any form or by any means, electronic, electrical, chemical, mechanical, optical, photocopying, recording or otherwise, without the prior written permission of the copyright owner. Enquiries should be addressed to the Publishers.

First Published 1998
2nd impression 2005
3rd (current) impression 2017

Printed and bound by Panjab Times - 01332 372851

Acknowledgements
The Akhand Kirtani Jatha would like to express its gratitutde to Khalsa Foundation, British Sikh Council, Sikh Relief, Kurbani1978, Bhai Sahib Randhir Singh Trust UK and all the various individual contributors. Your efforts have made it possible to tell the story of these great souls.

---

## DONATIONS/DASVAND REQUIRED

Akhand Kirtani Jatha is starting several projects that require funding, we also work alongside many organisations, support them financially and by donating our time. We would humbly request that all sangat gives a portion of their dasvand to AKJ Please send donations to the following bank account:

Akhand Kirtani Jatha U.K.
Natwest
Sort Code: **60-19-28** Account Number: **57346887**

# contents


| | |
|---|---|
| Introduction | 4 |
| The Amritsar massacre | 8 |
| The aftermath | 14 |
| Start of campaign for Justice | 16 |
| Overview of the life and martyrdom of Shaheed Bhai Fauja Singh Ji | 20 |
| The lives and martyrdom of the twelve fearless ones | 28 |
| Photo gallery | 62 |
| Reminiscences: meeting Bhai Fauja Singh Ji | 72 |
| Provocation campaign by Nirankari Cult | 93 |
| Various stories of the Shaheed Gursikhs | 94 |
| Conclusion | 98 |
| HukamNama against Nirankaris | 100 |
| Interview with Bibi Amarjit Kaur Ji | 102 |
| Kurbani poem | 112 |

# Introduction

On 13th April 1978 during the occasion of Vaisakhi an extraordinary event unfolded in Amritsar. This event was to usher in a new chapter in the Sikh struggle against state oppression, unleashed by the ruling Brahmin-Hindu regime. Bhai Fauja Singh and his twelve companions were key participants in this historic turning point, and their Kurbani or sacrifice starts the Sikh freedom movement and forms the focus of this publication.



Though it is thirty eight years since the thirteen Gursikhs courted martyrdom, little is known of their lives, of this crucial historical event and the impact of their Kurbani. This publication offers an insight into the moral and spiritual lives of these contemporary Sikh martyrs, the extraordinary circumstances concerning their martyrdom, as well as the reaction from the Sikh nation and Indian government.

It is often said that the Kurbani of Shaheeds breathes new life into the body and spirit of the Panth. Those that know their history well will recognise this truth. Each day the Ardaas or invocatory prayer recalls and salutes the countless Sikhs who sacrifice their lives for the preservation of the Sikh faith, nation and its distinct identity. This is testament to the power of Kurbani.

The tradition of Shaheedi or martyrdom comes from an inherent love for liberty and justice. It is deeply revered and honoured in Sikhism. During the Panth's turbulent periods of strife and suffering, Shaheedi gave new hope and pride enabling the Sikhs to struggle against all odds. The story of the thirteen Shaheeds is in keeping with this scared tradition.

Throughout history, great souls have risen to guide humanity towards the path of truthful conduct and godliness. Guru Tegh Bahadur Ji describes their exalted state:

He who grieves not in grief<br>
From avarice, pleasures and fear is free,<br>
And considers gold as dust: Refrain<br>
Who indulges not in slander and flattery,<br>
And is immune to greed, attachment and vanity,<br>
Who in happiness and sorrow is self-poised,<br>
And is indifferent to all praise and blame;<br>
Who discards all hopes and desires,<br>
Who lives detached from the world,<br>
And is not affected by lust or wrath,<br>
In such a one, shines the Light of God.

# ਜਾਣ-ਪਛਾਣ

13 ਅਪ੍ਰੈਲ 1978 ਦੀ ਵਿਸਾਖੀ ਨੂੰ ਅੰਮ੍ਰਿਤਸਰ ਵਿਖੇ ਇੱਕ ਬਹੁਤ ਹੀ ਵਿਲੱਖਣ ਘਟਨਾ ਘਟੀ । ਇਸ ਘਟਨਾ ਨੇ ਦਿੱਲੀ ਦੀ ਸਤਾ ਤੇ ਕਾਬਜ਼ ਬ੍ਰਾਹਮਣ ਸਰਕਾਰ ਵੱਲੋਂ ਸਿੱਖਾਂ ਉੱਤੇ ਕੀਤੇ ਜਾ ਰਹੇ ਸਰਕਾਰੀ ਜ਼ੁਲਮ ਦੇ ਖਿਲਾਫ ਲੜਾਈ ਦਾ ਇੱਕ ਨਵਾਂ ਅਧਿਆਇ ਸ਼ੁਰੂ ਕੀਤਾ । ਭਾਈ ਫੌਜਾ ਸਿੰਘ ਤੇ ਉਨ੍ਹਾਂ ਦੇ ਬਾਰਾਂ ਸਾਥੀ ਇਸ ਇਤਿਹਾਸਕ ਮੋੜ ਦਾ ਹਿੱਸਾ ਸਨ ਅਤੇ ਉਹਨਾਂ ਦੀ ਕੁਰਬਾਨੀ ਇਸ ਹਥਲੇ ਦਸਤਾਵੇਜ਼ ਦਾ ਮੁੱਖ ਵਿਸ਼ਾ ਹੈ ।

ਚਾਹੇ ਕਿ 30 ਸਾਲ ਪਹਿਲਾਂ ਇਹਨਾਂ 13 ਗੁਰਸਿੱਖਾਂ ਨੇ ਸ਼ਹਾਦਤ ਦਾ ਜਾਮ ਪੀਤਾ ਪਰ ਇਹਨਾਂ ਗੁਰਸਿੱਖਾਂ ਦੇ ਜੀਵਨ, ਇਸ ਇਤਿਹਾਸਕ ਸਾਕੇ ਬਾਰੇ ਅਤੇ ਇਹਨਾਂ ਗੁਰਸਿੱਖਾਂ ਦੀ ਸ਼ਹਾਦਤ ਦਾ ਸਿੱਖ ਕੌਮ ਤੇ ਕੀ ਅਸਰ ਹੋਇਆ, ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ । ਹਥਲਾ ਦਸਤਾਵੇਜ਼ ਇਹਨਾਂ ਸਮਕਾਲੀ ਸਿੱਖ ਸ਼ਹੀਦਾਂ ਦੇ ਨੈਤਿਕ ਅਤੇ ਅਧਿਆਤਮਕ ਜੀਵਨ, ਅਸਾਧਾਰਨ ਹਾਲਾਤ ਜਿਨ੍ਹਾਂ ਵਿੱਚ ਉਹਨਾਂ ਦੀ ਸ਼ਹੀਦੀ ਹੋਈ ਤੇ ਉਹਨਾਂ ਦੀ ਸ਼ਹਾਦਤ ਦਾ ਸਿੱਖ ਕੌਮ ਤੇ ਹਿੰਦੁਸਤਾਨ ਦੀ ਸਰਕਾਰ ਤੇ ਕੀ ਅਸਰ ਹੋਇਆ, ਉੱਤੇ ਇਕ ਚਾਨਣਾ ਪਾਉਂਦਾ ਹੈ ।



ਇਹ ਅਕਸਰ ਕਿਹਾ ਜਾਂਦਾ ਹੈ ਕਿ ਸ਼ਹੀਦਾਂ ਦੀ ਕੁਰਬਾਨੀ ਕੌਮਾਂ ਵਿੱਚ ਇੱਕ ਨਵੀਂ ਰੂਹ ਫੂਕ ਦਿੰਦੀ ਹੈ । ਉਹ ਵਿਅਕਤੀ ਜੋ ਆਪਣੇ ਇਤਿਹਾਸ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਇਸ ਸੱਚ ਨੂੰ ਪਛਾਣ ਸਕਦੇ ਹਨ । ਸਾਡੀ ਰੋਜ਼ ਦੀ ਅਰਦਾਸ ਉਨ੍ਹਾਂ ਸ਼ਹੀਦਾਂ ਨੂੰ ਯਾਦ ਕਰਦੀ ਹੈ ਤੇ ਸਿਜਦਾ ਕਰਦੀ ਹੈ ਜਿਨ੍ਹਾਂ ਨੇ ਸਿੱਖ ਧਰਮ, ਕੌਮ ਅਤੇ ਇੱਕ ਅਲੱਗ ਹੋਂਦ ਹਸਤੀ ਨੂੰ ਕਾਇਮ ਰੱਖਣ ਲਈ ਆਪਣਾ ਆਪਾ ਵਾਰਿਆ । ਇਹ ਕੁਰਬਾਨੀ ਦੀ ਹੀ ਤਾਕਤ ਦਾ ਪ੍ਰਗਟਾਵਾ ਹੈ ।

ਸ਼ਹੀਦੀ ਜਾਂ ਸ਼ਹਾਦਤ ਦੀ ਪਰੰਪਰਾ ਅਜ਼ਾਦੀ ਅਤੇ ਇਨਸਾਫ ਦੇ ਗੂੜ੍ਹੇ ਪਿਆਰ ਵਿੱਚੋਂ ਨਿਕਲਦੀ ਹੈ । ਇਸ ਪਰੰਪਰਾ ਨੂੰ ਸਿੱਖੀ ਵਿੱਚ ਬਹੁਤ ਸਤਿਕਾਰਿਆ ਜਾਂਦਾ ਹੈ । ਪੰਥ ਤੇ ਆਏ ਦੁੱਖ ਤੇ ਭੀੜ ਭਰੇ ਸਮਿਆਂ ਵਿੱਚ ਸ਼ਹਾਦਤ ਸਿੱਖਾਂ ਨੂੰ ਇੱਕ ਆਸ ਤੇ ਮਾਣ ਦਿੰਦੀ ਸੀ ਜਿਸ ਨਾਲ ਉਹ ਹਰ ਮੁਸੀਬਤ ਦੇ ਖਿਲਾਫ ਜੱਦੋਜਹਿਦ ਕਰਨ ਲਈ ਤਿਆਰ ਹੋ ਜਾਂਦੇ ਸਨ । 13 ਸਿੰਘਾਂ ਦੀ ਸ਼ਹਾਦਤ ਦੀ ਦਾਸਤਾਨ ਇਸੇ ਹੀ ਸਤਿਕਾਰਯੋਗ ਪ੍ਰੰਪਰਾ ਦਾ ਹਿੱਸਾ ਹੈ ।

ਇਤਿਹਾਸ ਅੰਦਰ ਸਮੇਂ ਸਮੇਂ ਮਹਾਨ ਰੂਹਾਂ ਉੱਠਦੀਆਂ ਹਨ ਜੋ ਮਨੁੱਖਤਾ ਨੂੰ ਸੱਚ ਦੇ ਮਾਰਗ ਤੇ ਚੱਲਣ ਅਤੇ ਧਰਮੀ ਹੋਣ ਲਈ ਪ੍ਰੇਰਦੀਆਂ ਹਨ । ਸ੍ਰੀ ਗੁਰੂ ਤੇਗ ਬਹਾਦਰ ਜੀ ਇਨ੍ਹਾਂ ਦੀ ਅਵਸਥਾ ਨੂੰ ਇਸ ਤਰ੍ਹਾਂ ਬਿਆਨਦੇ ਹਨ :

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥

ਭਾਈ ਫੌਜਾ ਸਿੰਘ ਦੀ ਅਵਸਥਾ ਇੱਥੋਂ ਤੱਕ ਪਹੁੰਚੀ ਹੋਈ ਸੀ। ਉਨ੍ਹਾਂ ਦੇ ਅੰਮ੍ਰਿਤਪਾਨ ਕਰਨ ਤੋਂ ਬਾਅਦ ਹੋਏ ਆਤਮਿਕ ਕਾਇਆ ਕਲਪ ਬਾਰੇ ਉਨ੍ਹਾਂ ਨੂੰ ਮਿਲਣ ਅਤੇ ਜਾਨਣ ਵਾਲੇ ਸਾਰੇ ਜਾਣਦੇ ਹਨ। ਉਨ੍ਹਾਂ ਨੂੰ ਨੇੜਿਉਂ ਸਮਝਣ ਵਾਲਿਆਂ ਨੇ ਉਨ੍ਹਾਂ ਦੇ ਮਨੁੱਖਤਾ ਪ੍ਰਤੀ ਪਿਆਰ ਅਤੇ ਧਾਰਮਿਕ-ਆਤਮਿਕ ਅਨੁਸ਼ਾਸ਼ਨ ਦੇ ਦਰਸ਼ਨ ਕੀਤੇ। ਗੁਰੂ ਹੁਕਮ ਪ੍ਰਤੀ ਉਨ੍ਹਾਂ ਦੀ ਸ਼ਰਧਾ, ਅਟੁੱਟ ਵਿਸ਼ਵਾਸ਼ ਅਤੇ ਜੰਗੀ ਜਜ਼ਬੇ ਤੋਂ ਵੀ ਸੰਗਤ ਬਹੁਤ ਪ੍ਰੇਰਿਤ ਸੀ।

Bhai Fauja Singh emanated this spirit. All who knew and met him were witness to his dynamic spiritual transformation after receiving Khande-Di-Pahul. Many observers noted his infectious love for humanity as well as his rigorous spiritual discipline. Others were deeply moved - and inspired - by his staunch obedience to the Guru's Word, unconquerable faith, and battle-readiness.

The 1978 incident is commonly referred to as the 'Amritsar Massacre'. It must not be misunderstood as a tragedy, but rather remembered as a compelling demonstration of spiritual force, moral conviction, dauntless courage and duty in the face of extreme adversity. Bhai Fauja Singh took an uncompromising stand on behalf of the Panth, against the abuse and provocation meted out by the government-sponsored Nirankari sect. The Amritsar Massacre is therefore best described as a heroic battle that awakened the Sikh nation and raised the banner of Panthic solidarity and set the course for political self-determination.

The Shaheeds' Kurbani also marked a new resurgence of the martyrdom tradition. A spirit of renewed national Sikh consciousness and determination emerged from the ashes of the fearless souls. Their Kurbani underscored the great need for the Panth to return to the Guru's teachings.

Their martyrdom had powerful consequences across the Punjab and elsewhere. It injected a resolute determination amongst the Sikh masses to confront India's policy of attrition and discrimination, a determination that stubbornly continues thirty eight years later.




Many Gursikhs rose to fight the injustices by the government and right wing extremists after the Massacre. The sacrifice of the 13 Warriors lead to the emergence of a Civil Rights Movement leading into an Armed Struggle.

This publication recalls the extraordinary story of the life and martyrdom of Bhai Fauja Singh and his twelve fearless companions. We are pleased to present new information concerning the character of the twelve Shaheeds in this revised third edition.

This work marks their Kurbani, which paved the way for Sikhs to fight for Freedom and Justice. We hope this humble effort will give the reader a unique insight into the standards of the Khalsa, as well as contemporary Sikh history. Equally, we hope it will inspire greater confidence within the seekers of Truth; that they may hold steadfast to the sacred Rehit of Guru Gobind Singh Ji and strive in the footsteps of our immortalised heroes.

ਵਿਸਾਖੀ 1978 ਦੀ ਇਸ ਘਟਨਾ ਨੂੰ ਆਮ ਤੌਰ ‘ਤੇ “ਸਾਕਾ ਅੰਮ੍ਰਿਤਸਰ” ਦੇ ਨਾਮ ਨਾਲ ਜਾਣਿਆਂ ਜਾਂਦਾ ਹੈ।ਇਸਨੂੰ ਇੱਕ ਦੁਖਾਂਤ ਨਹੀਂ ਸਮਝਣਾ ਚਾਹੀਦਾ, ਜਿਵੇਂ ਆਮ ਪ੍ਰਚਾਰਿਆ ਜਾਂਦਾ ਹੈ, ਇਸਨੂੰ ਰੂਹਾਨੀਅਤ ਦੇ ਬੇਰੋਕ ਅਤੇ ਰੋਮਾਂਚਿਕ ਮੁਜ਼ਾਹਰੇ, ਆਤਮਿਕ ਜਜ਼ਬੇ, ਨਿਡਰਤਾ ਅਤੇ ਅਤਿ ਵਿਰੋਧੀ ਹਾਲਤਾਂ ਵਿੱਚ ਫਰਜ਼ ਨਿਭਾਉਣ ਦੀ ਅਦਾ ਵਜੋਂ ਯਾਦ ਕੀਤਾ ਜਾਣਾ ਚਾਹੀਦਾ ਹੈ। ਭਾਈ ਫੌਜਾ ਸਿੰਘ ਨੇ ਸਰਕਾਰੀ ਸਰਪ੍ਰਸਤੀ ਪ੍ਰਾਪਤ ਨਿਰੰਕਾਰੀ ਡੇਰੇ ਦੀਆਂ ਗੁਰੂ-ਪੰਥ ਵਿਰੋਧੀ ਕਰਵਾਈਆਂ ਖਿਲਾਫ ਖਾਲਸਾ ਪੰਥ ਵੱਲੋਂ ਦ੍ਰਿੜਤਾ ਨਾਲ ਸਾਹਮਣਾ ਕੀਤਾ।“ਸਾਕਾ ਅੰਮ੍ਰਿਤਸਰ” ਨੂੰ ਇੱਕ ਅਣਖੀਲੀ ਜੰਗ ਵਜੋਂ ਜਾਣਿਆਂ ਜਾਂਦਾ ਹੈ, ਜਿਸਨੇ ਪੰਥ ਨੂੰ ਗੂੜੀ ਨੀਂਦ ਵਿੱਚੋਂ ਜਗਾ ਕੇ ਇੱਕ ਮੰਚ ‘ਤੇ ਇਕੱਠਿਆਂ ਕੀਤਾ ਅਤੇ ਕੌਮ ਨੂੰ ਰਾਜਸੀ ਖੁਦ-ਮੁਖਤਿਆਰੀ ਦੇ ਰਾਹ ਪਾਇਆ।

ਇਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਸ਼ਹੀਦੀ ਪ੍ਰੰਪਰਾ ਵਿੱਚ ਇੱਕ ਨਵੀਂ ਪਿਰਤ ਸੀ। ਇਹਨਾਂ ਨਿਰਭਓ ਆਤਮਾਵਾਂ ਦੀ ਚਿਖਾ ਵਿੱਚੋਂ ਨਵੀਂ ਸਿੱਖ ਚੇਤੰਨਤਾ ਅਤੇ ਦ੍ਰਿੜਤਾ ਨੇ ਜਨਮ ਲਿਆ। ਉਨ੍ਹਾਂ ਦੀ ਕੁਰਬਾਨੀ ਨੇ ਪੰਥ ਨੂੰ ਗੁਰੂ ਦੀਆਂ ਸਿੱਖਿਆਵਾਂ ਵੱਲ ਮੁੜਨ ਦੀ ਲੋੜ ਸ਼ਿੱਦਤ ਨਾਲ ਮਹਿਸੂਸ ਕਰਵਾਈ।

ਉਨ੍ਹਾਂ ਦੀ ਸ਼ਹਾਦਤ ਨੇ ਪੰਜਾਬ ਅਤੇ ਹੋਰ ਥਾਵਾਂ ‘ਤੇ ਬਹੁਤ ਜਿਆਦਾ ਅਸਰ ਪਾਇਆ।ਇਨ੍ਹਾਂ ਸ਼ਹਾਦਤਾਂ ਨੇ ਸਿੱਖ ਸੰਗਤ ਵਿੱਚ ਭਾਰਤ ਦੀਆਂ ਸਿੱਖਾਂ ਪ੍ਰਤੀ ਵਿਤਕਰੇ ਭਰੀਆਂ ਨੀਤੀਆਂ ਖਿਲਾਫ ਇੱਕ ਨਵੀਂ ਰੂਹ ਫੂਕੀ। ਉਹ ਪੱਖਪਾਤੀ ਅਤੇ ਵਿਤਕਰੇ ਭਰਿਆ ਵਤੀਰਾ ਜੋ ਪਿਛਲੇ 38 ਸਾਲਾਂ ਤੋਂ ਬੜੀ ਨਿਰਲੱਜਤਾ ਨਾਲ ਚਲਿਆ ਆ ਰਿਹਾ ਸੀ।

“ਸਾਕਾ ਅੰਮ੍ਰਿਤਸਰ” ਤੋਂ ਬਾਅਦ ਭਾਰਤ ਸਰਕਾਰ ਦੀ ਬੇਇਨਸਾਫ਼ੀ ਅਤੇ ਹਿੰਦੂਵਾਦੀ ਕੱਟੜਪੰਥੀਆਂ ਖਿਲਾਫ ਲੜਨ ਲਈ ਬਹੁਤ ਸਾਰੇ ਸਿੱਖਾਂ ਨੇ ਕਮਰਕੱਸੇ ਕਰ ਲਏ। ਇਨ੍ਹਾਂ 13 ਸਿੰਘਾਂ ਦੀ ਸ਼ਹੀਦੀ ਨੇ ਸਿੱਖਾਂ ਨੂੰ ਅਜ਼ਾਦੀ ਲਈ ਹਥਿਆਰਬੰਦ ਸੰਘਰਸ਼ ਦੇ ਰਾਹ ਤੋਰਿਆ।

ਇਹ ਲਿਖਤ ਭਾਈ ਫੌਜਾ ਸਿੰਘ ਅਤੇ ਉਨ੍ਹਾਂ ਦੇ ਸਾਥੀ ਬਾਰਾਂ ਸਿੰਘਾਂ ਦੇ ਜੀਵਨ ਅਤੇ ਸ਼ਹਾਦਤ ਨੂੰ ਯਾਦ ਕਰਦੀ ਹੈ। ਅਸੀਂ ਇਸ ਤੀਜੇ ਨਵੇਂ ਸੰਸਕਰਣ ਵਿੱਚ ਬਾਰਾਂ ਸਿੰਘਾਂ ਦੇ ਜੀਵਨ ਨਾਲ ਸਬੰਧਿਤ ਨਵੀਂ ਜਾਣਕਾਰੀ ਸੰਗਤਾਂ ਤੱਕ ਪਹੁੰਚਾਉਣ ਦੀ ਖੁਸ਼ੀ ਲੈ ਰਹੇ ਹਾਂ।

ਇਹ ਹੱਥਲੀ ਲਿਖਤ ਇਹ ਦੱਸਦੀ ਹੈ ਕਿ ਇਨ੍ਹਾਂ ਸ਼ਹੀਦ ਸਿੰਘਾਂ ਦੀ ਕੁਰਬਾਨੀ ਨੇ ਸਿੱਖਾਂ ਲਈ ਅਜ਼ਾਦੀ ਦਾ ਰਾਹ ਤਿਆਰ ਕੀਤਾ। ਸਾਨੂੰ ਆਸ ਹੈ ਕਿ ਸਾਡੇ ਇਸ ਨਿਮਾਣੇ ਯਤਨ ਨਾਲ ਪਾਠਕਾਂ ਨੂੰ ਤਤਕਾਲੀ ਸਿੱਖ ਇਤਿਹਾਸ ‘ਚੋਂ ਖਾਲਸਾਈ ਚਰਿੱਤਰ ਦੇ ਵਿਲੱਖਣ ਝਲਕਾਰੇ ਦਿਸਣ ਨੂੰ ਮਿਲਣਗੇ।ਇਸਦੇ ਨਾਲ ਹੀ ਸਾਨੂੰ ਆਸ ਹੈ ਕਿ ਇਹ ਸੱਚ ਦੇ ਖੋਜੀਆਂ ਵਿੱਚ ਦ੍ਰਿੜ ਵਿਸ਼ਵਾਸ ਪੈਦਾ ਕਰੇਗਾ ਅਤੇ ਉਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਤ ਮਰਿਆਦਾ ਦੀ ਸਖਤੀ ਨਾਲ ਪਾਲਣਾ ਕਰਨਗੇ ਅਤੇ ਸਾਡੇ ਅਮਰ ਸ਼ਹੀਦਾਂ ਦੇ ਪਾਏ ਪੂਰਨਿਆਂ ‘ਤੇ ਚੱਲਣਗੇ।



# The Amritsar Massacre



On 13th April 1978, the Akhand Kirtani Jatha gathered together from all over India at Amritsar to hold their yearly Vaisakhi Smagam. Kirtan had started from Amrit Vela and at about ten o'clock an important message was received. The message said that the followers of Nirankari chief Gurbachan Singh were holding a procession in Amritsar and were shouting insulting slogans directed at Guru Granth Sahib Ji and the Sikh religion.

The Sangat knew very well that the Nirankaris had been doing such things for several years. The Nirankaris had even gone so far as to give degrading names to prominent Gursikhs including Mata Tripta, Bhai Gurdas, Bibi Nanaki, Baba Buddha, Bhai Lalo and Bhagat Kabir. They scornfully referred to Guru Granth Sahib Ji as "a bundle of papers" and they called Kar Sewa "Bikar Sewa". The Nirankari leader is on record as saying that Guru Gobind Singh had made only Panj Pyare (Five Beloved) and that he would make 'Sat Sitaare' (seven stars). He had even dared to place his foot upon Guru Granth Sahib Ji. Since 1943 the Nirankaris have annoyed the Sikhs by distorting Gurbani to promote their warped ideals; just as many Sant-led movements do today. However it was during the 1970's that the then Nirankari 'Satguru' Gurbachan 'Singh', went even further. He published articles stating that, Gurdwara Sarovars are pools which serve no purpose and they should be filled-up; Guru Gobind Singh Ji was either fighting battles or hunting and that he knew nothing about meditation; that no sensible person can call the writings in the 'bulky miscellany' (referring to Guru Granth Sahib Ji) a divine revelation.

Bhai Fauja Singh heard the news from the loudspeaker when he was kneading the dough for the langar. He washed his hands and rushed to the congregation. He delivered a short speech explaining the dire situation and drew a line, asking for those who are willing to accept martyrdom to cross it. Bhai Joginder Singh Taiwara asked children and women not to go. However, many Bibian still insisted on going. After performing Ardas, the Gursikhs bowed before Guru Granth Sahib Ji and went off to Ramdas Niwas.

Upon reaching Ramdas Niwas they found that the procession had finished. The Gursikhs then decided that they should go to the place where the Nirankaris had gathered to hold a peaceful but resolute protest against the blasphemous insults directed at Guru Sahib. It is known that Sikhs of the Akhand Kirtani Jatha and the Bhindra Jatha reached the Reego Bridge near Gobind Gar. Here, the Police stopped them. The Gursikhs remonstrated to the police about the insults being shouted at the gathering. These insults could be heard

# ਸਾਕਾ ਅੰਮ੍ਰਿਤਸਰ

13 ਅਪ੍ਰੈਲ 1978 ਨੂੰ ਅਖੰਡ ਕੀਰਤਨੀ ਜਥੇ ਦੇ ਮੈਂਬਰ ਅੰਮ੍ਰਿਤਸਰ ਵਿਖੇ ਸਾਲਾਨਾ ਵਿਸਾਖੀ ਸਮਾਗਮ ਦੇ ਲਈ ਪੂਰੇ ਭਾਰਤ ਵਿੱਚੋਂ ਇਕੱਤਰ ਹੋਏ ਸਨ । ਅੰਮ੍ਰਿਤ ਵੇਲੇ ਤੋਂ ਕੀਰਤਨ ਦੀ ਸ਼ੁਰੂਆਤ ਹੋ ਚੁੱਕੀ ਸੀ ਤੇ 10 ਕੁ ਵਜੇ ਜਥੇ ਦੇ ਸਿੰਘਾਂ ਨੂੰ ਇੱਕ ਸੁਨੇਹਾ ਪ੍ਰਾਪਤ ਹੋਇਆ । ਸੁਨੇਹਾ ਸੀ ਕਿ ਨਿਰੰਕਾਰੀ ਮੁਖੀ ਗੁਰਬਚਨ ਸਿੰਹੁ ਦੇ ਚੇਲੇ ਅੰਮ੍ਰਿਤਸਰ ਵਿੱਚ ਇੱਕ ਜਲੂਸ ਕੱਢ ਰਹੇ ਹਨ ਤੇ ਉਹ ਸਿੱਖ ਧਰਮ ਅਤੇ ਗੁਰੂ ਗਰੰਥ ਸਾਹਿਬ ਜੀ ਦੇ ਖਿਲਾਫ ਅਪਮਾਨਜਨਕ ਨਾਅਰੇ ਲਾ ਰਹੇ ਹਨ ।

ਸੰਗਤਾਂ ਨੂੰ ਪਹਿਲਾਂ ਹੀ ਜਾਣਕਾਰੀ ਸੀ ਕਿ ਨਿਰੰਕਾਰੀ ਸਿੱਖੀ ਖਿਲਾਫ ਕਈ ਸਾਲਾਂ ਤੋਂ ਬੋਲ ਰਹੇ ਸਨ । ਉਹ ਸਿੱਖਾਂ ਦੀਆਂ ਸਤਿਕਾਰਯੋਗ ਹਸਤੀਆਂ ਮਾਤਾ ਤ੍ਰਿਪਤਾ ਜੀ, ਬੀਬੀ ਨਾਨਕੀ ਜੀ, ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ, ਭਾਈ ਲਾਲੋ ਜੀ ਅਤੇ ਭਗਤ ਕਬੀਰ ਜੀ ਨੂੰ ਘਟੀਆ ਨਾਮ ਦਿੰਦੇ ਆ ਰਹੇ ਸਨ । ਉਹ ਬੜੇ ਵਿਅੰਗ ਨਾਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ''ਕਾਗਜ਼ਾਂ ਦਾ ਬੰਡਲ'' ਅਤੇ ਕਾਰ ਸੇਵਾ ਨੂੰ ''ਬੇਕਾਰ ਸੇਵਾ'' ਕਹਿੰਦੇ ਸਨ । ਨਿਰੰਕਾਰੀ ਮੁਖੀ ਨੇ ਇੱਕ ਵਾਰ ਇਹ ਵੀ ਕਿਹਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਪੰਜ ਪਿਆਰੇ ਬਣਾਏ ਸਨ ਮੈਂ ਸੱਤ ਸਿਤਾਰੇ ਬਣਾਵਾਂਗਾ । ਉਸ ਨੇ ਗੁਰੂ ਗਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਉੱਤੇ ਪੈਰ ਰੱਖਣ ਦੀ ਹਿਮਾਕਤ ਵੀ ਕੀਤੀ ਸੀ ।

ਸੰਨ 1943 ਤੋਂ ਲੈ ਕੇ ਹੀ ਨਿਰੰਕਾਰੀ ਆਪਣੇ ਗੁਮਰਾਹਕੁੰਨ ਇਸ਼ਟ ਨੂੰ ਵੱਧ ਪ੍ਰਚਾਰਨ ਲਈ ਗੁਰਬਾਣੀ ਨੂੰ ਤੋੜ ਮਰੋੜ ਕੇ ਪੇਸ਼ ਕਰਦੇ ਆ ਰਹੇ ਸਨ ਜਿਵੇਂ ਅੱਜ ਕੱਲ ਦੇ ਅਖੌਤੀ ਸੰਤ ਕਰ ਰਹੇ ਹਨ । ਪਰ 1970 ਵਿੱਚ ਨਿਰੰਕਾਰੀਆਂ ਦੇ ਅਖੌਤੀ 'ਸਤਿਗੁਰੂ' ਨੇ ਹੱਦ ਹੀ ਕਰ ਦਿੱਤੀ । ਉਸ ਨੇ ਲੇਖ ਪ੍ਰਕਾਸ਼ਿਤ ਕੀਤੇ ਜਿਨ੍ਹਾਂ ਵਿੱਚ ਸਰੋਵਰਾਂ ਨੂੰ ਛੱਪੜ ਕਹਿੰਦਿਆਂ ਉਹਨਾਂ ਦੀ ਕੋਈ ਲੋੜ ਨਾ ਹੋਣ ਕਰਕੇ ਸਰੋਵਰਾਂ ਨੂੰ ਪੂਰਨ ਬਾਰੇ ਕਿਹਾ । ਉਸਦੇ ਲੇਖਾਂ ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਜਾਂ ਤਾਂ ਲੜਾਈਆਂ ਲੜਦੇ ਰਹੇ ਤੇ ਜਾਂ ਸ਼ਿਕਾਰ ਕਰਦੇ ਰਹੇ ਤੇ ਉਹਨਾਂ ਨੂੰ ਭਗਤੀ ਬਾਰੇ ਬਿਲਕੁਲ ਜਾਣਕਾਰੀ ਨਹੀਂ ਸੀ । ਉਸ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ''ਭਾਰੀ ਫੁਟਕਲ ਗਰੰਥ'' ਕਹਿੰਦਿਆਂ ਕਿਹਾ ਕਿ ਕੋਈ ਵੀ ਸਮਝਦਾਰ ਇਸ ਨੂੰ ਗੁਰੂ ਦੀ ਬਾਣੀ ਤਸਲੀਮ ਨਹੀਂ ਕਰ ਸਕਦਾ ।



ਜਦੋਂ ਭਾਈ ਫੌਜਾ ਸਿੰਘ ਜੀ ਨੇ ਲਾਊਡ ਸਪੀਕਰ ਰਾਹੀਂ ਇਹ ਖਬਰ ਸੁਣੀ ਤਾਂ ਉਹ ਲੰਗਰ ਵਿੱਚ ਆਟਾ ਗੁੰਨਣ ਦੀ ਸੇਵਾ ਕਰ ਰਹੇ ਸਨ । ਉਹਨਾਂ ਜਲਦ ਆਪਣੇ ਹੱਥ ਧੋਤੇ ਤੇ ਦੀਵਾਨ ਵੱਲ ਚੱਲ ਪਏ । ਦੀਵਾਨ ਵਿੱਚ ਉਹਨਾਂ ਛੋਟੀ ਜਿਹੀ ਤਕਰੀਰ ਕਰਕੇ ਸਥਿਤੀ ਦੀ ਤੀਬਰਤਾ ਬਾਰੇ ਚਾਨਣਾ ਪਾਇਆ । ਭਾਈ ਸਾਹਿਬ ਜੀ ਨੇ ਇੱਕ ਲਾਈਨ ਖਿੱਚ ਕੇ ਕਿਹਾ ਕਿ ਉਹ ਇਸ ਲਾਈਨ ਨੂੰ ਟੱਪਣ ਜੋ ਸ਼ਹੀਦੀ ਪਾਉਣ ਲਈ ਤਿਆਰ ਹਨ । ਭਾਈ ਜੋਗਿੰਦਰ ਸਿੰਘ ਤਲਵਾੜਾ ਜੀ ਨੇ ਬੀਬੀਆਂ ਤੇ ਬੱਚਿਆਂ ਨੂੰ ਸਿੰਘਾਂ ਨਾਲ ਜਾਣ ਤੋਂ ਵਰਜਿਆ । ਪਰ ਬਹੁਤ ਬੀਬੀਆਂ ਨਾਲ ਜਾਣ ਲਈ ਬਜ਼ਿੱਦ ਸਨ । ਅਰਦਾਸ ਕਰਨ ਉਪਰੰਤ ਗੁਰਸਿੱਖਾਂ ਨੇ ਗੁਰੂ ਗਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ ਅਤੇ ਅਜੀਤ ਨਗਰ ਤੋਂ ਗੁਰੂ ਰਾਮਦਾਸ ਨਿਵਾਸ ਵੱਲ ਚੱਲ ਪਏ ।

ਗੁਰੂ ਰਾਮਦਾਸ ਨਿਵਾਸ ਪਹੁੰਚ ਕੇ ਉਨ੍ਹਾਂ ਨੂੰ ਪਤਾ ਲੱਗਿਆ ਕਿ ਨਿਰੰਕਾਰੀਆਂ ਦਾ ਜਲੂਸ ਸਮਾਪਤ ਹੋ ਗਿਆ ਹੈ । ਗੁਰਸਿੱਖਾਂ ਨੇ ਫੈਸਲਾ ਕੀਤਾ ਕਿ ਸਾਰਿਆਂ ਨੂੰ ਮਿਲ ਕੇ ਜਿੱਥੇ ਨਿਰੰਕਾਰੀ ਇਕੱਠੇ ਹੋਏ ਹਨ ਉੱਥੇ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਦੇ ਖਿਲਾਫ ਸ਼ਾਂਤਮਈ ਰੋਸ ਕਰਨ ਲਈ ਜਾਣਾ ਚਾਹੀਦਾ ਹੈ । ਜਦੋਂ ਅਖੰਡ ਕੀਰਤਨੀ

clearly from, where they were standing. They told the police that they wanted to protest against the organisers of the gathering and the hurtful insults. A police officer told the Gursikhs that he would go and stop the Nirankaris and for them to remain there. The police officer went to where the Nirankaris had gathered and the Sikhs waited patiently for thirty minutes for him to return.

On his return, there were more policemen accompanying him. D.S.P Joshi told the assembled jatha to go back and that the procession had ended a long time ago. But provoking speeches could still be heard on the loudspeakers. Then, about five to six thousand uniformed Nirankaris rushed towards the group of about two to three hundred Gursikhs. Within seconds the massive force of Nirankaris mercilessly attacked them with pistols, rifles, spears, swords, bow and arrows, sticks, stones, acid bottles and home made bombs. The Gursikhs that were hit with bullets fell to the ground and were brutally butchered with swords, spears and axes. As the ground became covered with the bodies of the dead and wounded the police fired tear gas and bullets, but even that was directed towards the jatha, causing further injuries and death. In this way, the Nirankaris received greater assistance and were emboldened.

Bhai Fauja Singh was fired upon by the Superintendent of Police who emptied the bullets from his pistol into Bhai Fauja Singh's chest. These were not the only bullets he was to receive that day but he kept on standing, uttering only "Waheguru". Two Sikhs attempted to carry the still breathing and chanting Bhai Fauja Singh to a nearby hospital for emergency treatment, but were quickly arrested by the Police. Bhai Fauja Singh's body was taken by the Police and put into the "dead wagon". Again, another Sikh came upon Bhai Fauja Singh and found, him breathing and still uttering "Waheguru". He attempted to help, but half an hour later, when Bibi Amarjit Kaur arrived, Bhai Fauja Singh had attained martyrdom.



D.S.P Joshi was responsible for shooting Bhai Fauja Singh. He did not allow anyone to provide medical attention to Bhai Fauja Singh. Eventually the police took the bodies of the Shaheeds to the morgue; the wounded were taken to hospital.

The astonishing thing is that the gathering of the Nirankaris continued for three-and-a-half hours after this bloody massacre had occurred. It has also become known that the D.C of Gurdaspur, Naranjan Singh I.A.S, and other senior officers were present in the gathering during the massacre. It is clear that the authorities of the Amritsar district allowed the Nirankaris to hold their procession in the Sikhs main city of Amritsar during Vaisakhi. The Police authorities are guilty of colluding with and allowing the Nirankaris complete freedom to kill at will, not dealing with them properly at the right time.

Dalbir Singh produced a telling eyewitness account. Dalbir was a former communist who had devoted himself to trade union activities for more than a decade and is one of many who believe that the Nirankaris had fought the Sikhs with a pre-conceived plan. At

ਜਥੇ ਅਤੇ ਜਥਾ ਭਿੰਡਰਾਂ ਦੇ ਸਿੰਘ ਗੋਬਿੰਦ ਗੜ੍ਹ ਨੇੜੇ ਰੀਗੋ ਪੁਲ ਤੇ ਪਹੁੰਚੇ ਤਾਂ ਇੱਥੇ ਪੁਲਿਸ ਨੇ ਉਹਨਾਂ ਨੂੰ ਰੋਕ ਲਿਆ । ਗੁਰਸਿੱਖਾਂ ਨੇ ਪੁਲਿਸ ਨੂੰ ਨਿਰੰਕਾਰੀਆਂ ਦੇ ਜਲਸੇ ਵਿੱਚ ਸਿੱਖਾਂ ਤੇ ਸਿੱਖੀ ਖਿਲਾਫ ਬੋਲੇ ਜਾ ਰਹੇ ਅਪਸ਼ਬਦਾਂ ਬਾਰੇ ਦੱਸਿਆ । ਜਿੱਥੇ ਉਹ ਖੜ੍ਹੇ ਸਨ ਉੱਥੋਂ ਵੀ ਇਹ ਅਪਸ਼ਬਦ ਸੁਣੇ ਜਾ ਸਕਦੇ ਸਨ । ਗੁਰਸਿੱਖਾਂ ਨੇ ਕਿਹਾ ਕਿ ਉਹ ਇਸ ਜਲਸੇ ਦੇ ਆਯੋਜਕਾਂ ਤੇ ਉਹਨਾਂ ਵੱਲੋਂ ਬੋਲੇ ਜਾ ਰਹੇ ਅਪਸ਼ਬਦਾਂ ਖਿਲਾਫ ਰੋਸ ਪ੍ਰਗਟ ਕਰਨ ਆਏ ਹਨ । ਇੱਕ ਪੁਲਿਸ ਅਫਸਰ ਨੇ ਕਿਹਾ ਕਿ ਉਹ ਜਾ ਕੇ ਨਿਰੰਕਾਰੀਆਂ ਨੂੰ ਰੋਕੇਗਾ ਤੇ ਉਸ ਨੇ ਗੁਰਸਿੱਖਾਂ ਨੂੰ ਉਥੇ ਖੜ੍ਹੇ ਰਹਿਣ ਲਈ ਕਿਹਾ । ਪੁਲਿਸ ਅਧਿਕਾਰੀ ਨਿਰੰਕਾਰੀਆਂ ਨੂੰ ਰੋਕਣ ਦਾ ਕਹਿ ਕੇ ਚਲਾ ਗਿਆ ਤੇ ਗੁਰਸਿੱਖ ਉਥੇ ਅੱਧਾ ਘੰਟਾ ਖੜੇ ਉਸ ਦੇ ਆਉਣ ਦਾ ਇੰਤਜ਼ਾਰ ਕਰਦੇ ਰਹੇ ।

ਜਦੋਂ ਉਹ ਵਾਪਸ ਆਇਆ ਤਾਂ ਉਸ ਦੇ ਨਾਲ ਹੋਰ ਜ਼ਿਆਦਾ ਪੁਲਿਸ ਵਾਲੇ ਸਨ । ਡੀ ਐਸ ਪੀ ਜੋਸ਼ੀ ਨੇ ਕਿਹਾ ਕਿ ਸਿੰਘ ਵਾਪਸ ਚਲੇ ਜਾਣ ਕਿਉਂਕਿ ਜਲੂਸ ਹੁਣ ਖਤਮ ਹੋ ਚੁੱਕਾ ਹੈ । ਪਰ ਸਿੱਖਾਂ ਖਿਲਾਫ ਭਾਸ਼ਣ ਅਜੇ ਵੀ ਲਾਊਡ ਸਪੀਕਰ ਤੋਂ ਸੁਣਿਆ ਜਾ ਸਕਦਾ ਸੀ । ਫਿਰ ਇਕਦਮ 5-6 ਹਜ਼ਾਰ ਨਿਰੰਕਾਰੀ ਉੱਥੇ ਖੜੇ 2-3 ਸੌ ਗੁਰਸਿੱਖਾਂ ਵੱਲ ਭੱਜੇ ਆਏ । ਸਕਿੰਟਾਂ ਵਿੱਚ ਹੀ ਨਿਰੰਕਾਰੀਆਂ ਦੀ ਬੇਹਿਸਾਬ ਭੀੜ ਨੇ ਪਿਸਤੌਲਾਂ, ਰਾਈਫਲਾਂ, ਨੇਜਿਆਂ, ਤਲਵਾਰਾਂ, ਤੀਰਾਂ, ਪੱਥਰਾਂ, ਡਾਂਗਾਂ, ਤੇਜ਼ਾਬ ਦੀਆਂ ਬੋਤਲਾਂ ਅਤੇ ਦੇਸੀ ਬੰਬਾਂ ਨਾਲ ਗੁਰਸਿੱਖਾਂ ਉੱਤੇ ਹਮਲਾ ਕਰ ਦਿੱਤਾ । ਜਿਹੜੇ ਗੁਰਸਿੱਖ ਗੋਲੀਆਂ ਲੱਗਣ ਨਾਲ ਥੱਲੇ ਡਿੱਗ ਪਏ ਸਨ ਉਨ੍ਹਾਂ ਨੂੰ ਤਲਵਾਰਾਂ, ਕੁਹਾੜੀਆਂ ਅਤੇ ਨੇਜਿਆਂ ਨਾਲ ਬੜੀ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ । ਜ਼ਖਮੀਆਂ ਅਤੇ ਸ਼ਹੀਦਾਂ ਦੇ ਖੂਨ ਨਾਲ ਧਰਤੀ ਲਥ ਪਥ ਹੋ ਗਈ । ਇਸ ਮੌਕੇ ਪੁਲਿਸ ਨੇ ਹੰਝੂ ਗੈਸ ਦੇ ਗੋਲੇ ਤੇ ਗੋਲੀਆਂ ਚਲਾਈਆਂ ਪਰ ਉਹਨਾਂ ਦਾ ਨਿਸ਼ਾਨਾਂ ਵੀ ਗੁਰਸਿੱਖਾਂ ਵੱਲ ਹੀ ਸੇਧਿਤ ਸੀ, ਜੋ ਕਿ ਹੋਰ ਸੱਟਾਂ ਤੇ ਮੌਤਾਂ ਦਾ ਕਾਰਨ ਬਣਿਆ । ਇਸ ਤਰ੍ਹਾਂ ਨਾਲ ਨਿਰੰਕਾਰੀਆਂ ਨੂੰ ਹੋਰ ਸਹਾਇਤਾ ਮਿਲੀ ਤੇ ਇਸ ਸਹਾਇਤਾ ਨਾਲ ਉਹ ਉਤਸ਼ਾਹ ਵਿੱਚ ਆ ਗਏ ।

ਭਾਈ ਫੌਜਾ ਸਿੰਘ ਜੀ ਉੱਤੇ ਐਸ ਪੀ ਨੇ ਖੁਦ ਗੋਲੀਆਂ ਚਲਾਈਆਂ ਤੇ ਉਸ ਨੇ ਆਪਣੇ ਪਿਸਤੌਲ ਦੀਆਂ ਸਾਰੀਆਂ ਗੋਲੀਆਂ ਭਾਈ ਸਾਹਿਬ ਜੀ ਦੀ ਛਾਤੀ ਵਿੱਚ ਖਾਲੀ ਕਰ ਦਿੱਤੀਆਂ । ਇਸ ਤੋਂ ਇਲਾਵਾ ਵੀ ਭਾਈ ਸਾਹਿਬ ਜੀ ਉੱਤੇ ਗੋਲੀਆਂ ਦਾਗੀਆਂ ਗਈਆਂ ਪਰ ਜਿੰਨੀ ਵਾਰ ਵੀ ਉਹਨਾਂ ਨੂੰ ਗੋਲੀਆਂ ਲਗਦੀਆਂ ਉਹ ਖੜ੍ਹੇ ਹੋ ਜਾਂਦੇ ਰਹੇ ਤੇ ਮੁਖੋਂ ਬਸ 'ਵਾਹਿਗੁਰੂ ਵਾਹਿਗੁਰੂ' ਜਪਦੇ ਰਹੇ । ਦੋ ਗੁਰਸਿੱਖ ਅਜੇ ਸਾਹ ਲੈ ਰਹੇ ਤੇ ਨਾਮ ਜਪ ਰਹੇ ਭਾਈ ਸਾਹਿਬ ਜੀ ਨੂੰ ਚੁੱਕ ਕੇ ਹਸਪਤਾਲ ਲਿਜਾਣ ਦੀ ਕੋਸ਼ਿਸ਼ ਕਰਨ ਲੱਗੇ ਪਰ ਉਹਨਾਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ । ਪੁਲਿਸ ਨੇ ਭਾਈ ਸਾਹਿਬ ਨੂੰ ਚੁੱਕ ਕੇ ਮ੍ਰਿਤਕਾਂ ਵਾਲੀ ਗੱਡੀ ਵਿੱਚ ਸੁੱਟ ਦਿੱਤਾ । ਦੁਬਾਰਾ ਫਿਰ ਇੱਕ ਗੁਰਸਿੱਖ ਨੇ ਭਾਈ ਸਾਹਿਬ ਜੀ ਨੂੰ ਦੇਖਿਆ । ਉਹ ਅਜੇ ਵੀ ਜੀਵਤ ਸਨ ਤੇ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰ ਰਹੇ ਸਨ । ਉਸ ਸਿੰਘ ਨੇ ਵੀ ਮਦਦ ਕਰਨ ਦੀ ਕੋਸ਼ਿਸ਼ ਕੀਤੀ ਪਰ ਜਦੋਂ ਅੱਧੇ ਘੰਟੇ ਬਾਅਦ ਬੀਬੀ ਅਮਰਜੀਤ ਕੌਰ ਪਹੁੰਚੇ ਉਦੋਂ ਭਾਈ ਸਾਹਿਬ ਜੀ ਸ਼ਹੀਦ ਹੋ ਚੁੱਕੇ ਸਨ ।

ਡੀ ਐਸ ਪੀ ਜੋਸ਼ੀ ਭਾਈ ਸਾਹਿਬ ਉੱਤੇ ਗੋਲੀ ਚਲਾਉਣ ਦਾ ਦੋਸ਼ੀ ਸੀ । ਉਸ ਨੇ ਕਿਸੇ ਨੂੰ ਵੀ ਭਾਈ ਸਾਹਿਬ ਦੀ ਮਦਦ ਨਾ ਕਰਨ ਦਿੱਤੀ । ਅਖੀਰ ਪੁਲਿਸ ਸਾਰੇ ਸ਼ਹੀਦਾਂ ਦੀਆਂ ਦੇਹਾਂ ਨੂੰ ਮੁਰਦਾ ਘਰ ਲੈ ਗਈ ਤੇ ਫੱਟੜ ਹੋਏ ਸਿੰਘਾਂ ਨੂੰ ਹਸਪਤਾਲ ਪਹੁੰਚਾਇਆ ਗਿਆ ।

ਹੈਰਾਨੀ ਵਾਲੀ ਗੱਲ ਇਹ ਸੀ ਕਿ ਨਿਰੰਕਾਰੀਆਂ ਦਾ ਜਲਸਾ ਇਸ ਖੂਨੀ ਸਾਕੇ ਤੋਂ ਬਾਅਦ ਵੀ ਸਾਢੇ ਤਿੰਨ ਘੰਟੇ ਚਲਦਾ ਰਿਹਾ । ਸਿੱਖਾਂ ਦੇ ਕਤਲੇਆਮ ਦੌਰਾਨ ਗੁਰਦਾਸਪੁਰ ਦਾ ਡਿਪਟੀ ਕਮਿਸ਼ਨਰ ਨਿਰੰਜਣ ਸਿੰਘ ਆਈ. ਏ. ਐਸ ਅਤੇ ਹੋਰ ਸੀਨੀਅਰ ਅਧਿਕਾਰੀ ਨਿਰੰਕਾਰੀਆਂ ਦੇ ਜਲਸੇ ਵਿੱਚ ਮੌਜੂਦ ਸਨ । ਇਹ ਚਿੱਟੇ ਦਿਨ ਵਾਂਗ ਸਾਫ ਹੈ ਕਿ ਅੰਮ੍ਰਿਤਸਰ ਦੇ ਪ੍ਰਸ਼ਾਸਨ ਨੇ ਵਿਸਾਖੀ ਦੇ ਮੌਕੇ ਤੇ ਸਿੱਖੀ ਦੇ ਮੁੱਖ ਕੇਂਦਰ ਵਿੱਚ ਨਿਰੰਕਾਰੀਆਂ ਨੂੰ ਜਲੂਸ ਕੱਢਣ ਦੀ ਇਜਾਜ਼ਤ ਦਿੱਤੀ । ਪੁਲਿਸ ਅਧਿਕਾਰੀ ਨਿਰੰਕਾਰੀਆਂ ਨਾਲ ਮਿਲੇ ਹੋਣ ਦੇ ਦੋਸ਼ੀ ਸਨ ਤੇ ਉਹਨਾਂ ਨੇ ਨਿਰੰਕਾਰੀਆਂ ਨੂੰ ਆਪਣੀ ਮਰਜ਼ੀ ਕਰਨ ਦੀ ਖੁਲ੍ਹ ਦੇਈ ਰੱਖੀ ਤੇ ਸਹੀ ਸਮੇਂ ਤੇ ਬਣਦੀ ਕਾਰਵਾਈ ਨਾ ਕੀਤੀ ।

ਪੱਤਰਕਾਰ ਦਲਬੀਰ ਸਿੰਘ ਇਸ ਘਟਨਾ ਦਾ ਚਸ਼ਮਦੀਦ ਗਵਾਹ ਸੀ । ਦਲਬੀਰ ਸਿੰਘ ਸਾਬਕਾ ਕਮਿਊਨਿਸਟ ਸੀ ਜੋ ਕਿ ਇੱਕ ਦਹਾਕੇ ਤੱਕ ਟਰੇਡ ਯੂਨੀਅਨਾਂ ਦੀਆਂ ਸਰਗਰਮੀਆਂ ਨਾਲ ਜੁੜਿਆ ਰਿਹਾ ਸੀ । ਦਲਬੀਰ ਸਿੰਘ ਤੇ ਹੋਰ ਬਹੁਤ ਲੋਕਾਂ ਦਾ ਇਹ ਵਿਸ਼ਵਾਸ ਹੈ ਕਿ ਨਿਰੰਕਾਰੀਆਂ ਨੇ ਸਿੱਖਾਂ ਉੱਤੇ ਹਮਲਾ ਪਹਿਲਾਂ ਬਣਾਈ ਹੋਈ ਯੋਜਨਾ ਮੁਤਾਬਕ ਕੀਤਾ ਸੀ । ਅੰਮ੍ਰਿਤਸਰ ਦੇ ਸਾਕੇ ਵੇਲੇ ਉਹ ਅੰਮ੍ਰਿਤਸਰ ਤੋਂ 'ਦਾ ਟਰੀਬਿਊਨ' ਅਖਬਾਰ ਦਾ ਪੱਤਰਕਾਰ ਸੀ । ਉਸ ਦੀ ਰਿਪਰਟ ਇਸ ਤਰ੍ਹਾਂ ਸੀ :

''13 ਅਪ੍ਰੈਲ 1978 ਦੀ ਦੁਪਹਿਰ ਨੂੰ ਮੈਂ ਅੰਮ੍ਰਿਤਸਰ ਦੇ ਦੁਆਲੇ ਨੇਮ ਅਨੁਸਾਰ ਸੈਰ ਕਰਕੇ ਵਾਪਸ ਘਰ ਆ ਗਿਆ । ਮੈਂ ਅਰਾਮ ਕਰ ਰਿਹਾ ਸੀ ਕਿ ਟੈਲੀਫੋਨ ਦੀ ਘੰਟੀ ਵੱਜੀ । ਟੈਲੀਫੋਨ ਤੇ ਇੱਕ ਅਗਿਆਤ ਵਿਅਕਤੀ ਨੇ ਮੈਨੂੰ ਦੱਸਿਆ ਕਿ ਨਿਰੰਕਾਰੀਆਂ ਦੇ ਜਲਸੇ ਤੇ ਗੋਲੀਬਾਰੀ ਦੌਰਾਨ ਕਈ ਲੋਕ ਮਾਰੇ ਗਏ ਹਨ । ਇਹ ਸੁਣਦੇ ਸਾਰ

the time of the clash he was a correspondent at The Tribune based in Amritsar. His report states:

"It was the afternoon of 13th April 1978. I had returned home from a routine walk around Amritsar. I was taking a nap after lunch when the telephone rang. Someone who refused to identify himself told me that several people had been killed during a shooting incident at the Nirankari convention. I rushed out to the stadiul1J at the railway colony. There were many dead bodies that were strewn outside the venue of the convention. I didn't yet know what had happened. I wandered around and met Govind Singh, the son-in-law of the Nirankari chief, on the stage. Govind Singh first led me to a tent in which there were many armed persons. After entering it, he suddenly turned around to lead me to another tent in which some Nirankaris were chatting with the Deputy Superintendent of Police.

I approached him and explained that I had seen some armed men who might have been the killers. The officer completely ignored this information. The next day, the police searched the Nirankari centre in Amritsar for the killers and their weapons. They had let the killers scatter, when they could still have been nearby, only to catch scapegoats one day after the actual incident." Dalbir Singh maintains that the local administration had allowed the main culprits to escape.

The government produced a panel of doctors for the post mortem of the dead bodies. It has become known that Mr Janjooha D.C ordered the post mortems to be done only by one doctor and the government orders were not correctly carried out. The D.C was also involved with the Nirankaris.

The press also printed the news details of the incident incorrectly. The Gursikhs of the Akhand Kirtani Jatha and the Bhindra Jatha were called 'fanatics'. Harbhajan Singh Yogi responded stated:

"Today I read the newspaper report in which it was said, 'a body of fanatic Sikhs'. If doing Kirtan and defending the good name of our father Guru Gobind Singh Ji makes us fanatics, then we welcome this allegation. Remember, those who do not defend the honour of their father are never worthy of respect on earth. These martyrs of Amritsar have shown us that we shall live in dignity; if it is not possible, we choose to die with honour:"

The killing of the Gursikhs by the Nirankari leader Gurbachan Singh was a heinous crime. We ask from where and from who did the arsenal of weapons come from? By giving the order to kill the leader of the Nirankaris was the main guilty party of the bloody massacre and. should have been punished according to the full weight of the law. However, the Indian government administration, it police and judiciary, were exposed as partners to the Nirankaris and guilty of failing to deliver justice.

The Amritsar Massacre set alight the flames of justice in the Panth by the martyrdom of thirteen Gursikhs and seventy wounded. Ten Gursikhs were members of the Akhand Kirtani Jatha and two from the Bhindra Jatha. Many of them left wives and children. The Khalsa Panth will always remember the thirteen Shaheeds, as will their great Kurbani.

The funeral took place on Saturday 15th April 1978 outside Gurdwara Ramsar Sahib, in front of a congregation of about twenty-five to thirty thousand people. The thirteen martyrs were united on a single funeral pyre, to be cremated together.

ਹੀ ਮੈਂ ਰੇਲਵੇ ਕਾਲੋਨੀ ਦੇ ਸਟੇਡੀਅਮ ਵੱਲ ਭੱਜਾ ।

ਜਲਸੇ ਵਾਲੀ ਜਗ੍ਹਾ ਦੇ ਬਾਹਰ ਕਈ ਲਾਸ਼ਾਂ ਖਿਲਰੀਆਂ ਪਈਆਂ ਸਨ । ਮੈਨੂੰ ਅਜੇ ਪਤਾ ਨਹੀਂ ਸੀ ਕਿ ਇੱਥੇ ਕੀ ਵਾਪਰਿਆ ਸੀ । ਮੈਂ ਇੱਧਰ ਉਧਰ ਤੁਰਿਆ ਫਿਰਿਆ ਤਾਂ ਮੈਨੂੰ ਸਟੇਜ ਲਾਗੇ ਨਿਰੰਕਾਰੀ ਮੁਖੀ ਦਾ ਜਵਾਈ ਗੋਵਿੰਦ ਸਿੰਘ ਮਿਲ ਪਿਆ । ਉਹ ਮੈਨੂੰ ਇੱਕ ਟੈਂਟ ਵਿੱਚ ਲੈ ਗਿਆ ਜਿੱਥੇ ਬਹੁਤ ਸਾਰੇ ਹਥਿਆਰਬੰਦ ਵਿਅਕਤੀ ਸਨ । ਵੜਨ ਸਾਰ ਉਹ ਅਚਾਨਕ ਮੈਨੂੰ ਦੂਸਰੇ ਟੈਂਟ ਵੱਲ ਲੈ ਮੁੜਿਆ ਜਿੱਥੇ ਕੁਝ ਨਿਰੰਕਾਰੀ ਡੀ ਐਸ ਪੀ ਨਾਲ ਗੱਲ ਕਰ ਰਹੇ ਸਨ ।

ਮੈਂ ਡੀ ਐਸ ਪੀ ਕੋਲ ਗਿਆ ਤੇ ਉਸ ਨੂੰ ਦੱਸਿਆ ਕਿ ਮੈਂ ਇੱਥੇ ਹਥਿਆਰਬੰਦ ਵਿਅਕਤੀ ਦੇਖੇ ਹਨ ਜੋ ਕਿ ਕਾਤਲ ਹੋ ਸਕਦੇ ਹਨ । ਪੁਲਿਸ ਅਧਿਕਾਰੀ ਨੇ ਮੇਰੀ ਜਾਣਕਾਰੀ ਨੂੰ ਅਣਡਿੱਠ ਕਰ ਦਿੱਤਾ । ਅਗਲੇ ਦਿਨ ਪੁਲਿਸ ਨੇ ਕਾਤਲਾਂ ਅਤੇ ਉਹਨਾਂ ਦੇ ਹਥਿਆਰ ਲੱਭਣ ਲਈ ਅੰਮ੍ਰਿਤਸਰ ਵਿਚਲੇ ਨਿਰੰਕਾਰੀ ਭਵਨ ਦੀ ਤਲਾਸ਼ੀ ਲਈ । ਪੁਲਿਸ ਨੇ ਕਾਤਲਾਂ ਨੂੰ ਭੱਜਣ ਵਿੱਚ ਮਦਦ ਕੀਤੀ ਜਦਕਿ ਉਹਨਾਂ ਨੂੰ ਪਹਿਲਾਂ ਫੜਿਆ ਜਾ ਸਕਦਾ ਸੀ । ਅਗਲੇ ਦਿਨ ਤਾਂ ਉਹਨਾਂ ਨੇ ਬਲੀ ਦੇ ਬੱਕਰੇ ਬਨਾਉਣ ਲਈ ਗ੍ਰਿਫਤਾਰੀਆਂ ਕੀਤੀਆਂ ਸਨ ।''

ਪੱਤਰਕਾਰ ਦਲਬੀਰ ਸਿੰਘ ਦਾ ਕਹਿਣਾ ਹੈ ਕਿ ਸਥਾਨਕ ਪ੍ਰਸ਼ਾਸਨ ਨੇ ਦੋਸ਼ੀਆਂ ਨੂੰ ਭੱਜ ਜਾਣ ਵਿੱਚ ਮਦਦ ਕੀਤੀ ।

ਸਰਕਾਰ ਨੇ ਮ੍ਰਿਤਕ ਦੇਹਾਂ ਦਾ ਪੋਸਟ ਮਾਰਟਮ ਕਰਨ ਲਈ ਇੱਕ ਡਾਕਟਰਾਂ ਦੇ ਪੈਨਲ ਦਾ ਗਠਨ ਕੀਤਾ । ਇਹ ਆਮ ਜਾਣਕਾਰੀ ਹੈ ਕਿ ਡਿਪਟੀ ਕਮਿਸ਼ਨਰ ਜੰਜੂਆ ਨੇ ਹੁਕਮ ਦਿੱਤਾ ਕਿ ਸਿਰਫ ਇੱਕ ਡਾਕਟਰ ਵੱਲੋਂ ਹੀ ਪੋਸਟ ਮਾਰਟਮ ਕੀਤਾ ਜਾਵੇਗਾ । ਇੱਥੇ ਵੀ ਸਰਕਾਰ ਦੇ ਹੁਕਮਾਂ ਦਾ ਸਹੀ ਪਾਲਣ ਨਾ ਕੀਤਾ ਗਿਆ । ਡਿਪਟੀ ਕਮਿਸ਼ਨਰ ਵੀ ਨਿਰੰਕਾਰੀਆਂ ਨਾਲ ਰਲਿਆ ਹੋਇਆ ਸੀ ।



ਪ੍ਰੈਸ ਨੇ ਵੀ ਇਸ ਸਾਕੇ ਦੇ ਗਲਤ ਵੇਰਵੇ ਛਾਪੇ । ਅਖੰਡ ਕੀਰਤਨੀ ਜਥੇ ਤੇ ਜਥਾ ਭਿੰਡਰਾਂ ਦੇ ਸਿੰਘਾਂ ਨੂੰ 'ਕੱਟੜ' ਲਿਖਿਆ ਗਿਆ ਹਰਭਜਨ ਸਿੰਘ ਯੋਗੀ ਨੇ ਇਸ ਦਾ ਜਵਾਬ ਦਿੰਦਿਆਂ ਕਿਹਾ :

''ਅੱਜ ਮੈਂ ਅਖਬਾਰ ਵਿੱਚ ਇੱਕ ਰਿਪੋਰਟ ਪੜ੍ਹੀ ਜਿਸ ਵਿੱਚ ਕਿਹਾ ਗਿਆ ਸੀ ''ਕੱਟੜ ਸਿੱਖਾਂ ਦਾ ਜਥਾ''। ਜੇ ਕੀਰਤਨ ਕਰਨਾ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ੁੱਭ ਨਾਮ ਦੀ ਰੱਖਿਆ ਕਰਨ ਕਰਕੇ ਅਸੀਂ ਕੱਟੜ ਹੁੰਦੇ ਹਾਂ ਤਾਂ ਅਸੀਂ ਇਸ ਦੋਸ਼ ਦਾ ਸਵਾਗਤ ਕਰਦੇ ਹਾਂ । ਯਾਦ ਰੱਖੋ ਜੋ ਆਪਣੇ ਪਿਤਾ ਦੀ ਇੱਜ਼ਤ ਦੀ ਰਾਖੀ ਨਹੀਂ ਕਰ ਸਕਦੇ ਉਹ ਇਸ ਧਰਤੀ ਤੇ ਆਦਰ ਸਨਮਾਨ ਦੇ ਅਧਿਕਾਰੀ ਨਹੀਂ ਹਨ । ਅੰਮ੍ਰਿਤਸਰ ਦੇ ਇਨ੍ਹਾਂ ਸ਼ਹੀਦਾਂ ਨੇ ਦਰਸਾ ਦਿੱਤਾ ਹੈ ਕਿ ਅਸੀਂ ਸਦਾ ਮਾਣ ਨਾਲ ਰਵ੍ਹਾਂਗੇ ਤੇ ਜੇ ਅਜਿਹਾ ਸੰਭਵ ਨਹੀਂ ਹੈ ਤਾਂ ਅਸੀਂ ਇੱਜ਼ਤ ਨਾਲ ਮਰਨ ਦੀ ਚੋਣ ਕਰਾਂਗੇ ।''

ਨਿਰੰਕਾਰੀ ਮੁਖੀ ਵੱਲੋਂ ਗੁਰਸਿੱਖਾਂ ਦਾ ਕਤਲ ਇੱਕ ਬਹੁਤ ਵੱਡਾ ਅਪਰਾਧ ਸੀ । ਅਸੀਂ ਪੁੱਛਦੇ ਹਾਂ ਕਿ ਉਸ ਕੋਲ ਹਥਿਆਰਾਂ ਦਾ ਜ਼ਖੀਰਾ ਕਿਵੇਂ ਤੇ ਕਿਸ ਕੋਲੋਂ ਆਇਆ ਸੀ ? ਸਿੱਖਾਂ ਨੂੰ ਕਤਲ ਕਰਨ ਦਾ ਹੁਕਮ ਦੇਣ ਕਰਕੇ ਨਿਰੰਕਾਰੀ ਮੁਖੀ ਮੁੱਖ ਦੋਸ਼ੀ ਸੀ ਤੇ ਕਾਨੂੰਨ ਅਨੁਸਾਰ ਉਸ ਨੂੰ ਕਰੜੀ ਸਜ਼ਾ ਮਿਲਣੀ ਚਾਹੀਦੀ ਸੀ । ਪਰ ਭਾਰਤ ਸਰਕਾਰ ਦਾ ਪਰਸ਼ਾਸਨ, ਪੁਲਿਸ ਅਤੇ ਨਿਆਂ ਪਾਲਿਕਾ ਨਿਰੰਕਾਰੀਆਂ ਦੇ ਭਾਈਵਾਲ ਸਾਬਤ ਹੋਏ ਤੇ ਇਹ ਸਭ ਇਨਸਾਫ ਨਾ ਕਰਨ ਦੇ ਦੋਸ਼ੀ ਹਨ ।

ਅੰਮ੍ਰਿਤਸਰ ਸਾਕੇ ਦੌਰਾਨ ਸ਼ਹੀਦ ਹੋਏ 13 ਸਿੰਘਾਂ ਅਤੇ 70 ਜ਼ਖਮੀਆਂ ਨਾਲ ਪੰਥ ਅੰਦਰ ਇਨਸਾਫ ਪ੍ਰਾਪਤੀ ਦੀ ਲਹਿਰ ਉਠ ਖੜ੍ਹੀ ਹੋਈ । 13 ਸਿੰਘਾਂ ਵਿੱਚੋਂ 10 ਸਿੰਘ ਅਖੰਡ ਕੀਰਤਨੀ ਜਥੇ ਦੇ ਅਤੇ 2 ਸਿੰਘ ਜਥਾ ਭਿੰਡਰਾਂ ਦੇ ਸਨ । ਉਹਨਾਂ ਵਿੱਚੋਂ ਕਈ ਆਪਣੇ ਪਿੱਛੇ ਪਤਨੀਆਂ ਅਤੇ ਬੱਚੇ ਛੱਡ ਗਏ ਸਨ । ਖਾਲਸਾ ਪੰਥ ਸਦਾ ਹੀ ਇਨ੍ਹਾਂ 13 ਸ਼ਹੀਦਾਂ ਅਤੇ ਉਹਨਾਂ ਦੀ ਮਹਾਨ ਕੁਰਬਾਨੀ ਨੂੰ ਯਾਦ ਰੱਖੇਗਾ ।

15 ਅਪ੍ਰੈਲ 1978 ਨੂੰ ਸ਼ਹੀਦਾਂ ਦਾ ਅੰਤਿਮ ਸੰਸਕਾਰ ਗੁਰਦੁਆਰਾ ਰਾਮਸਰ ਸਾਹਿਬ ਦੇ ਬਾਹਰ 25 ਤੋਂ 30 ਹਜ਼ਾਰ ਸੰਗਤਾਂ ਦੇ ਇਕੱਠ ਵਿੱਚ ਕੀਤਾ ਗਿਆ । 13 ਸ਼ਹੀਦ ਗੁਰਸਿੱਖਾਂ ਦਾ ਇੱਕ ਚਿਖਾ ਤੇ ਇਕੱਠਿਆਂ ਸੰਸਕਾਰ ਕੀਤਾ ਗਿਆ ।

# The Aftermath

On the morning of 14th April 1978, a day after the massacre, the police force headed by the Senior Superintendent of Police and Deputy Commisioner thoroughly searched the Nirankari Bhavan premises. They carried away an arsenal of firearms and the uniforms worn by the Nirankari thugs.

The Akhand Kirtani Jatha made two clear demands to the authorities. Firstly, they demanded justice according to the law. Secondly, they wanted an assurance that no one should ever show any disrespect towards Siri Guru Granth Sahib Ji. However, neither of these demands was met. A case was registered against Gurbachan Singh leader of the Nirankaris and sixty-two of his followers. A case was also registered against Naranjan Singh I.A.S. For some unknown reason, the Delhi police authorities did not serve warrants issued by the Sessions Judge. Eventually they were all acquitted. Gurbachan Singh was not deterred by this gruesome episode and continued his disrespect for Sir Guru Granth Sahib Ji.

The Nirankaris were the creation of the Government of India. The cult was created to divide the Sikhs. The Indian Express (Chandigarh Edition) featured a report by Sat Pal Baghi in late April 1978. He felt that the Indira Gandhi actively supported the Nirankaris saying:



"The genesis of the real trouble between the Nirankaris and the Akalis goes back to the years when Indira Gandhi headed the Union Government. She wanted to weaken the Shiromani Akali Dal, but found that the Akalis could not be brought to heel. She thought of an elaborate plan to strengthen the Nirankari sect not only in Punjab, but throughout the country and abroad also. Official patronage was extended to the Nirankaris much to the anger of the Akalis who have always considered the Nirankaris as heretics.

In pursuit of this policy to divide and rule, Indira Gandhi personally gave clearance for a diplomatic passport to be issued to the Nirankari Chief, and the Indian High Commisioners and Ambassadors abroad were instructed to show him respect and regard. This was meant to help the sect improve its image and increase its following abroad."

During Indira Gandhi`s reign, the Nirankaris received financial assistance from undisclosed Government funds, which were not available for Parliamentary scrutiny. Indira Gandhi ensured that the Congress regime would give official patronage to the Nakali Nirankari. H.S Chhina I.A.S, a staunch Nirankari, was appointed Chief Secretary to the Punjab Government in 1976.

As a result of this open official patronage and financial support, the Nirankaris received a considerable political boost within the administrative set-up of the Punjab Government. H.S Chhina appointed Niranjan Singh I.A.S as Deputy Commissioner of Gurdaspur. Niranjan Singh tried his best to widen the field of operation for the Nirankaris.

# ਸਾਕੇ ਤੋਂ ਬਾਅਦ ਦਾ ਘਟਨਾਕ੍ਰਮ

ਕਤਲੇਆਮ ਤੋਂ ਅਗਲੇ ਦਿਨ 14 ਅਪ੍ਰੈਲ 1978 ਨੂੰ ਐਸ. ਐਸ. ਪੀ. ਅਤੇ ਡਿਪਟੀ ਕਮਿਸ਼ਨਰ ਦੀ ਅਗਵਾਈ ਵਿੱਚ ਪੁਲਿਸ ਫੋਰਸ ਨੇ ਨਿਰੰਕਾਰੀ ਭਵਨ ਦੀ ਤਲਾਸ਼ੀ ਲਈ । ਪੁਲਿਸ ਉਥੋਂ ਵੱਡੀ ਮਾਤਰਾ ਵਿੱਚ ਹਥਿਆਰ ਅਤੇ ਨਿਰੰਕਾਰੀ ਬਦਮਾਸ਼ਾਂ ਵੱਲੋਂ ਪਹਿਨੀਆਂ ਵਰਦੀਆਂ ਚੁੱਕ ਕੇ ਲੈ ਗਈ ।

ਅਖੰਡ ਕੀਰਤਨੀ ਜਥੇ ਵੱਲੋਂ ਪ੍ਰਸ਼ਾਸਨ ਅੱਗੇ ਦੋ ਮੰਗਾਂ ਰੱਖੀਆਂ ਗਈਆਂ । ਪਹਿਲੀ ਕਾਨੂੰਨ ਅਨੁਸਾਰ ਇਨਸਾਫ ਦੀ ਮੰਗ ਤੇ ਦੂਸਰੀ ਇਸ ਗੱਲ ਦਾ ਭਰੋਸਾ ਮੰਗਿਆ ਗਿਆ ਕਿ ਕੋਈ ਵੀ ਭਵਿੱਖ ਵਿੱਚ ਗੁਰੂ ਗਰੰਥ ਸਾਹਿਬ ਜੀ ਦਾ ਨਿਰਾਦਰ ਨਾ ਕਰ ਸਕੇ । ਪਰ ਇਹ ਦੋਵੇਂ ਮੰਗਾਂ ਮੰਨੀਆਂ ਨਾ ਗਈਆਂ । ਨਿਰੰਕਾਰੀ ਮੁਖੀ ਗੁਰਬਚਨ ਸਿੰਹੁ ਤੇ ਉਸਦੇ 62 ਚੇਲਿਆਂ ਖਿਲਾਫ ਕੇਸ ਦਰਜ ਕੀਤਾ ਗਿਆ । ਇੱਕ ਕੇਸ ਆਈ. ਏ. ਐਸ. ਅਧਿਕਾਰੀ ਨਿਰੰਜਨ ਸਿੰਘ ਖਿਲਾਫ ਵੀ ਕੀਤਾ ਗਿਆ । ਕੁਝ ਅਣਜਾਣ ਕਾਰਨਾਂ ਕਰਕੇ ਸੈਸ਼ਨ ਜੱਜ ਵੱਲੋਂ ਜਾਰੀ ਕੀਤੇ ਗਏ ਵਰੰਟਾਂ ਦੀ ਦਿੱਲੀ ਪੁਲਿਸ ਨੇ ਤਾਮੀਲ ਨਾ ਕੀਤੀ । ਅਖੀਰ ਤੇ ਇਹ ਸਾਰੇ ਲੋਕ ਅਦਾਲਤ ਵਿੱਚ ਬਰੀ ਹੋ ਗਏ। ਗੁਰਬਚਨ ਸਿੰਹੁ ਨੇ ਅੰਮ੍ਰਿਤਸਰ ਵਿੱਚ ਵਾਪਰੀ ਘਟਨਾ ਤੋਂ ਕੋਈ ਸਬਕ ਨਾ ਲਿਆ । ਉਸ ਨੇ ਗੁਰੂ ਗਰੰਥ ਸਾਹਿਬ ਜੀ ਖਿਲਾਫ ਊਲ ਜਲੂਲ ਬੋਲਣਾ ਬੰਦ ਨਾ ਕੀਤਾ ।

ਨਿਰੰਕਾਰੀ ਭਾਰਤ ਸਰਕਾਰ ਦੀ ਪੈਦਾਇਸ਼ ਸਨ ਤੇ ਇਹਨਾਂ ਨੂੰ ਸਿੱਖਾਂ ਵਿੱਚ ਵੰਡੀਆਂ ਪਾਉਣ ਲਈ ਤਿਆਰ ਕੀਤਾ ਗਿਆ ਸੀ । ਇੰਡੀਅਨ ਐਕਸਪ੍ਰੈਸ ਦੇ ਚੰਡੀਗੜ੍ਹ ਐਡੀਸ਼ਨ ਵਿੱਚ ਸੱਤਪਾਲ ਬਾਗੀ ਦੀ ਇੱਕ ਰਿਪੋਰਟ ਅਪ੍ਰੈਲ 1978 ਵਿੱਚ ਛਪੀ ਸੀ । ਉਸ ਮੁਤਾਬਕ ਇੰਦਰਾ ਗਾਂਧੀ ਨਿਰੰਕਾਰੀਆਂ ਦੀ ਪੁਸ਼ਤ-ਪਨਾਹੀ (ਮਦਦ) ਕਰ ਰਹੀ ਸੀ । ਰਿਪੋਰਟ ਮੁਤਾਬਕ :

''ਨਿਰੰਕਾਰੀਆਂ ਅਤੇ ਅਕਾਲੀਆਂ ਵਿਚਾਲੇ ਅਸਲ ਸਮੱਸਿਆ ਦੀ ਜੜ੍ਹ ਉਦੋਂ ਦੀ ਹੈ ਜਦੋਂ ਇੰਦਰਾ ਗਾਂਧੀ ਭਾਰਤ ਸਰਕਾਰ ਦੀ ਅਗਵਾਈ ਕਰ ਰਹੀ ਸੀ । ਉਹ ਅਕਾਲੀ ਦਲ ਨੂੰ ਕਮਜ਼ੋਰ ਕਰਨਾ ਚਾਹੁੰਦੀ ਸੀ ਤੇ ਆਪਣੇ ਇਸ ਮਕਸਦ ਵਿੱਚ ਸਫਲ ਨਹੀਂ ਸੀ ਹੋ ਰਹੀ । ਉਸ ਨੇ ਇੱਕ ਯੋਜਨਾ ਤਿਆਰ ਕੀਤੀ ਜਿਸ ਅਧੀਨ ਨਿਰੰਕਾਰੀ ਡੇਰੇ ਨੂੰ ਪੰਜਾਬ ਅਤੇ ਪੂਰੇ ਭਾਰਤ ਵਿੱਚ ਹੀ ਨਹੀਂ ਬਲਕਿ ਵਿਦੇਸ਼ਾਂ ਵਿੱਚ ਵੀ ਮਜ਼ਬੂਤ ਕਰਨਾ ਸੀ । ਨਿਰੰਕਾਰੀਆਂ ਨੂੰ ਪੂਰੀ ਸਰਕਾਰੀ ਸ੍ਰਪਰਸਤੀ ਦਿੱਤੀ ਗਈ ਸੀ। ਅਕਾਲੀਆਂ ਨੇ ਇਸ ਗੱਲ ਦਾ ਵਿਰੋਧ ਕੀਤਾ ਕਿਉਂਕਿ ਉਹ ਨਿਰੰਕਾਰੀਆਂ ਨੂੰ ਨਾਸਤਿਕ ਸਮਝਦੇ ਸਨ ।''

ਪਾੜੋ ਤੇ ਰਾਜ ਕਰੋ ਦੀ ਨੀਤੀ ਤਹਿਤ ਇਦਰਾ ਗਾਂਧੀ ਨੇ ਨਿੱਜੀ ਤੌਰ ਤੇ ਨਿਰੰਕਾਰੀ ਮੁਖੀ ਨੂੰ ਡਿਪਲੋਮੈਟਿਕ ਪਾਸਪੋਰਟ ਦੇਣ ਦੀ ਪ੍ਰਵਾਨਗੀ ਦਿੱਤੀ । ਭਾਰਤੀ ਹਾਈ ਕਮਿਸ਼ਨਾਂ ਤੇ ਅੰਬੈਸਡਰਾਂ ਨੂੰ ਨਿਰੰਕਾਰੀ ਮੁਖੀ ਦਾ ਆਦਰ ਸਤਿਕਾਰ ਕਰਨ ਦੀ ਹਦਾਇਤ ਦਿੱਤੀ ਗਈ । ਅਜਿਹਾ ਨਿਰੰਕਾਰੀ ਡੇਰੇ ਦੀ ਮਸ਼ਹੂਰੀ ਕਰਨ ਲਈ ਤੇ ਡੇਰੇ ਦੇ ਪੈਰੋਕਾਰਾਂ ਦੀ ਗਿਣਤੀ ਵਧਾਉਣ ਲਈ ਕੀਤਾ ਗਿਆ ।




ਇੰਦਰਾ ਗਾਂਧੀ ਦੇ ਸ਼ਾਸਨ ਕਾਲ ਦੌਰਾਨ ਨਿਰੰਕਾਰੀਆਂ ਨੂੰ ਵਿੱਤੀ ਸਹਾਇਤਾ ਵੀ ਮਿਲਦੀ ਰਹੀ ਜੋ ਕਿ ਸੰਸਦੀ ਪੜਤਾਲ ਤੋਂ ਬਾਹਰੀ ਸੀ । ਇੰਦਰਾ ਗਾਂਧੀ ਨੇ ਯਕੀਨੀ ਬਣਾਇਆ ਕਿ ਕਾਂਗਰਸ ਦੇ ਸ਼ਾਸਨ ਕਾਲ ਦੌਰਾਨ ਨਕਲੀ ਨਿਰੰਕਾਰੀਆਂ ਨੂੰ ਸਰਕਾਰੀ ਸ੍ਰਪਰਸਤੀ ਮਿਲਦੀ ਰਹੇ । ਇਸੇ ਤਹਿਤ ਕੱਟੜ ਨਿਰੰਕਾਰੀ ਆਈ. ਏ. ਐਸ. ਐਚ. ਐਸ. ਛੀਨਾ ਨੂੰ 1976 ਵਿੱਚ ਪੰਜਾਬ ਸਰਕਾਰ ਦਾ ਚੀਫ ਸੈਕਟਰੀ ਨਿਯੁਕਤ ਕੀਤਾ ਗਿਆ ।

ਖੁੱਲ੍ਹੇਆਮ ਮਿਲ ਰਹੀ ਸਰਕਾਰੀ ਸ੍ਰਪਰਸਤੀ ਤੇ ਵਿੱਤੀ ਸਹਾਇਤਾ ਕਾਰਨ ਨਿਰੰਕਾਰੀਆਂ ਨੂੰ ਪੰਜਾਬ ਸਰਕਾਰ ਦੇ ਪ੍ਰਸ਼ਾਸਨਿਕ ਹਲਕਿਆਂ ਵਿੱਚ ਕਾਫੀ ਹੁਲਾਰਾ ਮਿਲਿਆ । ਐਚ. ਐਸ. ਛੀਨਾ ਨੇ ਨਿਰੰਜਨ ਸਿੰਘ ਆਈ. ਏ. ਐਸ. ਨੂੰ ਗੁਰਦਾਸਪੁਰ ਦਾ ਡਿਪਟੀ ਕਮਿਸ਼ਨਰ ਨਿਯੁਕਤ ਕੀਤਾ । ਫਿਰ ਨਿਰੰਜਨ ਸਿੰਘ ਨੇ ਆਪਣਾ ਸਾਰਾ ਜ਼ੋਰ ਨਿਰੰਕਾਰੀਆਂ ਦਾ ਪੰਜਾਬ ਵਿੱਚ ਕਾਰਜ ਖੇਤਰ ਵਧਾਉਣ ਲਈ ਲਾਇਆ ।

wwww.akj.org

# Start of Campaign for Justice

After the Vaisakhi Massacre of 1978, a peaceful agitation was started against the Nirankaris. Wherever they held their meetings, Gursikhs would go and strongly protest. Thus Gurbachana was unable to address the meetings held at Varanasi, Azamgarh and Allahbad. On 25th September 1978, Gurbachana reached Kanpur at 9.30pm flanked by police officers ordered to provide protection.

The news soon leaked out and Sikhs started a protest march from Gurdwara Gobindpuri Sahib, which is three kilometres away from the Nirankari Bhawan in Kanpur. Women and children were also amongst the protesters. The Nirankari chief had again made full preparations for the Sikhs.

When the Sikh protesters reached the Nirankari Bhawan, the Nirankaris attacked them with bricks, bats and shotguns. An armed volunteer of the Nirankaris attacked Jathedar Kishan Singh with a spear, piercing his stomach. A fight ensued, and it was then that the police officers started to shoot at the Sikh protesters. As a result, thirteen Sikhs were martyred while a further seventy-four were injured. Bhai Jagjit Singh a young Naam Abhyassi Singh was also martyred in this protest. (Editor Note: A separate Booklet will be published on the Kanpur Shaheeds in detail)



*Shaheed Baba Kishan Singh Ji*

This incident further increased Sikh resentment against Nirankaris and the Indian government. On 28th September, the bodies of those killed at Kanpur were carried in huge procession. The day before, the Sikhs of Amritsar, Delhi, Bombay, Lucknow, Kanpur and many other places observed a one-day protest strike

On the 30th September 1978, the Sikhs of Delhi organised a protest march and presented a memorandum to the Government of India, which demanded that all Nirankari 'Smagams' be banned. On 4th November 1978, the Nirankaris sent out a procession in Delhi to mark their annual conference. The Sikhs retaliated with a counter protest march that ended in bloodshed. The President of the Delhi Akali Dal, Avtar Singh Kohli, was hit on the head by a police-fired tear gas shell and was killed. Aside from him, Bhai Darshan Singh and thirteen-year old Maninder Singh were also Shaheed. Nine other Sikhs received injuries.

During the 5th and 6th November 1978, disturbances broke out in parts of Delhi and a curfew was imposed. Jan Sangh (BJP) workers provided a protection force, enabling the Nirankaris to continue their functions despite disturbances throughout the city. Many Arya Samaj leaders, including Lala Jagat Narain, gave speeches supporting the Nirankaris. This gave a new direction to the anti-Nirankari agitation. The Sikhs now strongly felt that the

# ਨਿਆਂ ਪ੍ਰਾਪਤੀ ਲਈ ਮੁਹਿੰਮ ਦੀ ਸ਼ੁਰੂਆਤ

ਵਿਸਾਖੀ 1978 ਦੇ ਸਾਕੇ ਤੋਂ ਬਾਅਦ ਨਿਰੰਕਾਰੀਆਂ ਖਿਲਾਫ ਇੱਕ ਸ਼ਾਂਤਮਈ ਸੰਘਰਸ਼ ਸ਼ੁਰੂ ਹੋ ਗਿਆ । ਜਿੱਥੇ ਵੀ ਨਿਰੰਕਾਰੀ ਆਪਣਾ ਸਮਾਗਮ ਕਰਦੇ ਗੁਰਸਿੱਖ ਉਥੇ ਜਾ ਕੇ ਜ਼ੋਰਦਾਰ ਵਿਰੋਧ ਕਰਦੇ । ਗੁਰਬਚਨ ਸਿਹੁੰ ਵਾਰਾਨਸੀ, ਆਜ਼ਮਗੜ੍ਹ ਅਤੇ ਅਲਾਹਾਬਾਦ ਵਿੱਚ ਆਪਣੇ ਸਮਾਗਮਾਂ ਨੂੰ ਸੰਬੋਧਨ ਨਾ ਕਰ ਸਕਿਆ ।

25 ਸਤੰਬਰ 1978 ਨੂੰ ਗੁਰਬਚਨ ਸਿੰਹੁ ਪੁਲਿਸ ਸੁਰੱਖਿਆ ਦੀ ਛਤਰ ਛਾਇਆ ਹੇਠ ਸਵੇਰੇ 9:30 ਵਜੇ ਕਾਨ੍ਹਪੁਰ ਅੱਪੜਿਆ । ਉਸ ਦੇ ਆਉਣ ਬਾਰੇ ਜਦ ਸਿੱਖਾਂ ਨੂੰ ਪਤਾ ਲੱਗਿਆ ਤਾਂ ਸਿੱਖਾਂ ਨੇ ਗੁਰਦੁਆਰਾ ਗੋਬਿੰਦਪੁਰੀ ਸਾਹਿਬ ਜੋ ਕਿ ਨਿਰੰਕਾਰੀ ਭਵਨ ਤੋਂ 3 ਕਿਲੋਮੀਟਰ ਦੂਰ ਹੈ ਤੋਂ ਇੱਕ ਰੋਸ ਮਾਰਚ ਸ਼ੁਰੂ ਕਰ ਦਿੱਤਾ । ਰੋਸ ਮਾਰਚ ਵਿੱਚ ਬੱਚੇ ਤੇ ਬੀਬੀਆਂ ਵੀ ਸ਼ਾਮਲ ਸਨ । ਇਥੇ ਵੀ ਨਿਰੰਕਾਰੀ ਮੁਖੀ ਨੇ ਸਿੱਖਾਂ ਖਿਲਾਫ ਪੂਰੀ ਤਿਆਰੀ ਕੀਤੀ ਹੋਈ ਸੀ ।

ਜਦੋਂ ਸਿੱਖ ਪ੍ਰਦਰਸ਼ਨਕਾਰੀ ਨਿਰੰਕਾਰੀ ਭਵਨ ਪਹੁੰਚੇ ਤਾਂ ਨਿਰੰਕਾਰੀਆਂ ਨੇ ਉਹਨਾਂ ਉੱਤੇ ਬੰਦੂਕਾਂ ਅਤੇ ਇੱਟਾਂ ਪੱਥਰਾਂ ਨਾਲ ਹਮਲਾ ਕਰ ਦਿੱਤਾ । ਨਿਰੰਕਾਰੀਆਂ ਦੇ ਇੱਕ ਹਥਿਆਰਬੰਦ ਚੇਲੇ ਨੇ ਜਥੇਦਾਰ ਕਿਸ਼ਨ ਸਿੰਘ ਦੇ ਢਿੱਡ ਵਿੱਚ ਆ ਬਰਛਾ ਮਾਰਿਆ । ਇਸ ਤੋਂ ਬਾਅਦ ਧੱਕਾ ਮੁੱਕੀ ਸ਼ੁਰੂ ਹੋ ਗਈ ਤੇ ਪੁਲਿਸ ਨੇ ਸਿੱਖਾਂ ਉੱਤੇ ਗੋਲੀਆਂ ਦੀ ਵਾਛੜ ਕਰ ਦਿੱਤੀ । ਗੋਲੀਬਾਰੀ ਦੇ ਨਤੀਜੇ ਵਿੱਚ 13 ਸਿੰਘ ਸ਼ਹੀਦ ਹੋਏ ਅਤੇ 74 ਜ਼ਖਮੀ ਹੋ ਗਏ । ਇੱਕ ਨੌਜਵਾਨ ਅਭਿਆਸੀ ਸਿੰਘ ਭਾਈ ਜਗਜੀਤ ਸਿੰਘ ਵੀ ਇਸ ਕਤਲੇਆਮ ਵਿੱਚ ਸ਼ਹੀਦ ਹੋ ਗਏ ।
(ਸੰਪਾਦਕੀ ਨੋਟ : ਇੱਕ ਵੱਖਰੀ ਪੁਸਤਕ ਕਾਨ੍ਹਪੁਰ ਵਿੱਚ ਸ਼ਹੀਦ ਹੋਏ ਸਿੱਖਾਂ ਪ੍ਰਤੀ ਵਿਸਥਾਰ ਨਾਲ ਜਾਣਕਾਰੀ ਦੇਣ ਲਈ ਛਾਪੀ ਜਾਵੇਗੀ।)

ਇਸ ਘਟਨਾ ਨੇ ਸਿੱਖਾਂ ਅੰਦਰ ਨਿਰੰਕਾਰੀਆਂ ਅਤੇ ਭਾਰਤ ਸਰਕਾਰ ਖਿਲਾਫ ਗੁੱਸੇ ਨੂੰ ਹੋਰ ਪ੍ਰਚੰਡ ਕਰ ਦਿੱਤਾ । 28 ਸਤੰਬਰ ਨੂੰ ਕਾਨ੍ਹਪੁਰ ਵਿੱਚ ਸ਼ਹੀਦ ਹੋਏ ਸਿੱਖਾਂ ਦੀਆਂ ਮ੍ਰਿਤਕ ਦੇਹਾਂ ਇੱਕ ਵੱਡੇ ਜਲੂਸ ਵਿੱਚ ਲਿਜਾਈਆਂ ਗਈਆਂ । ਇੱਕ ਦਿਨ ਪਹਿਲਾਂ ਸਿੱਖਾਂ ਨੇ ਅੰਮ੍ਰਿਤਸਰ, ਦਿੱਲੀ, ਬੰਬੇ, ਲਖਨਊ, ਕਾਨ੍ਹਪੁਰ ਤੇ ਕਈ ਹੋਰ ਜਗ੍ਹਾ ਇੱਕ ਦਿਨਾ ਰੋਸ ਵਿੱਚ ਹੜਤਾਲ ਕੀਤੀ ।



Shaheed Bhai Jagjit Singh Ji

30 ਸਤੰਬਰ 1978 ਦਿੱਲੀ ਦੇ ਸਿੱਖਾਂ ਨੇ ਇੱਕ ਰੋਸ ਮਾਰਚ ਕੱਢਿਆ ਤੇ ਭਾਰਤ ਸਰਕਾਰ ਨੂੰ ਮੈਮੋਰੰਡਮ ਦੇ ਕੇ ਮੰਗ ਕੀਤੀ ਕਿ ਨਿਰੰਕਾਰੀਆਂ ਦੇ ਸਾਰੇ ਸਮਾਗਮਾਂ ਉੱਤੇ ਪਾਬੰਦੀ ਲਗਾਈ ਜਾਵੇ । 4 ਨਵੰਬਰ 1978 ਨੂੰ ਦਿੱਲੀ ਵਿੱਚ ਨਿਰੰਕਾਰੀਆਂ ਨੇ ਆਪਣੀ ਸਾਲਾਨਾ ਕਾਨਫਰੰਸ ਦੇ ਸਬੰਧ ਵਿੱਚ ਇੱਕ ਜਲੂਸ ਕੱਢਿਆ । ਸਿੱਖਾਂ ਨੇ ਨਿਰੰਕਾਰੀਆਂ ਦੇ ਜਲੂਸ ਦੇ ਖਿਲਾਫ ਰੋਸ ਮਾਰਚ ਕੱਢਿਆ ਜੋ ਕਿ ਖੂਨ ਖਰਾਬੇ ਵਿੱਚ ਖਤਮ ਹੋਇਆ । ਦਿੱਲੀ ਅਕਾਲੀ ਦਲ ਦੇ ਪ੍ਰਧਾਨ ਅਵਤਾਰ ਸਿੰਘ ਕੋਹਲੀ ਦੇ ਸਿਰ ਵਿੱਚ ਪੁਲਿਸ ਵੱਲੋਂ ਚਲਾਈ ਗਈ ਹੰਝੂ ਗੈਸ ਦਾ ਗੋਲਾ ਲੱਗਿਆ ਤੇ ਉਹਨਾਂ ਦੀ ਮੌਕੇ ਤੇ ਹੀ ਮੌਤ ਹੋ ਗਈ । ਉਸ ਤੋਂ ਇਲਾਵਾ ਭਾਈ ਦਰਸ਼ਨ ਸਿੰਘ ਤੇ 13 ਸਾਲਾ ਮਨਿੰਦਰ ਸਿੰਘ ਨੇ ਵੀ ਸ਼ਹੀਦੀ ਪ੍ਰਾਪਤ ਕੀਤੀ । ਇਸ ਘਟਨਾ ਵਿੱਚ 9 ਸਿੱਖ ਵੀ ਜ਼ਖਮੀ ਹੋਏ ।

majority Hindu community in India was in support of the Nirankaris and their activities. The Sikhs decided to take matters into their own hands following the failure of peaceful means. This time they were to obey Guru Gobind Singh Ji's instruction:

Chu Kaar Az Hamah Heelte Dar Guzasht|| Halaal Ast Burden Ba Shamsheer Dast|

'When all means of redressing a wrong have failed, it is both just and righteous to unsheath the sword".



Bhai Ranjit Singh, a member of the Akhand Kirtani Jatha along with two other Gursikhs assassinated the Nirankari chief at his home on April 24th 1980. Bhai Ranjit Singh had managed to find employment at the Nirankari headquarters in Delhi, posing as a carpenter. Later that evening, he waited with an automatic rifle in a room within their guesthouse. One of the windows gave a clear view of the driveway. At about II pm, he shot Gurbachan Singh from his position just as he returned home from a public function. Bhai Ranjit Singh managed to escape by jumping down onto a compound wall.

Bhai Sukhdev Singh Babbar, Jathedar of Babbar Khalsa, was a very close friend of Bhai Fauja Singh. He heard the news of Bhai Fauja Singh's martyrdom while his Anand Karaj ceremony was being performed. He left his newly wed wife and rushed directly to Amritsar. He played a major part in eliminating the Nirankaris, including the assassination of the Nirankaris' 'Sat Sitaare'. Later he went underground from where he led the Khalistan movement for fourteen years, before attaining martyrdom on 9th August 1992.

Baba Jarnail Singh Bhindranwala emerged after the Amritsar Massacre as the pivotal figure spearheading the Sikh response to the Indian government of Indira Gandhi. The situation deteriorated as the government continued its policy of undermining the Sikh nation. This included the extensive murder, rape and humiliation of Sikhs, particularly Sikh youth. Baba Jarnail Singh Bhindranwala educated the Sikh masses about the central government's anti-Sikh policies and discriminations and brought many onto the path of Sikhi through his teachings.

It must be strongly noted that 100s of Sikh Youth stepped on the Path of Justice & Freedom by the inspiration of Amritsar Massacre. Bhai Fauja Singh Jee & his great companions Kurbani produced Rehatvaan Naam Abhyassi Gursikhs such as Bhai Anokh Singh Babbar, Bhai Sulakhan Singh Babbar, Bhai Mengha Babbar, Baba Gurbachan Singh Manochahal etc. The list is endless, with many famed Freedom Fighters serving the Panth after the 1978 Saka.

5-6 ਨਵੰਬਰ 1978 ਨੂੰ ਦਿੱਲੀ ਦੇ ਕਈ ਹਿੱਸਿਆਂ ਵਿੱਚ ਹੰਗਾਮਾ ਖੜ੍ਹਾ ਹੋਣ ਤੇ ਪੁਲਿਸ ਵੱਲੋਂ ਕਰਫਿਊ ਲਗਾ ਦਿੱਤਾ ਗਿਆ । ਦਿੱਲੀ ਸ਼ਹਿਰ ਦੇ ਬਹੁਤ ਹਿੱਸਿਆਂ ਵਿੱਚ ਹੰਗਾਮਾਂ ਹੋਣ ਦੇ ਬਾਵਜੂਦ ਨਿਰੰਕਾਰੀਆਂ ਨੇ ਆਪਣੇ ਪ੍ਰੋਗਰਾਮ ਜਾਰੀ ਰੱਖੇ । ਜਨ ਸੰਘ (ਬੀ ਜੇ ਪੀ) ਨੇ ਪ੍ਰੋਗਰਾਮ ਕਰਨ ਲਈ ਉਹਨਾਂ ਨੂੰ ਸੁਰੱਖਿਆ ਫੋਰਸ ਮੁਹੱਈਆ ਕਰਾਈ । ਕਈ ਆਰੀਆ ਸਮਾਜੀ ਲੀਡਰਾਂ ਤੇ ਲਾਲਾ ਜਗਤ ਨਰਾਇਣ ਨੇ ਸਮਾਗਮਾਂ ਦੌਰਾਨ ਨਿਰੰਕਾਰੀਆਂ ਦੇ ਸਮਰਥਨ ਵਿੱਚ ਭਾਸ਼ਣ ਦਿੱਤੇ । ਇਹਨਾਂ ਭਾਸ਼ਣਾਂ ਕਰਕੇ ਸਿੱਖਾਂ ਦੇ ਨਿਰੰਕਾਰੀਆਂ ਖਿਲਾਫ ਅੰਦੋਲਨ ਨੂੰ ਹੋਰ ਹੁਲਾਰਾ ਮਿਲਿਆ। ਸਿੱਖਾਂ ਨੇ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਕਿ ਭਾਰਤ ਦੇ ਬਹੁਗਿਣਤੀ ਹਿੰਦੂ ਨਿਰੰਕਾਰੀਆਂ ਤੇ ਉਹਨਾਂ ਦੇ ਕੰਮਾਂ ਦਾ ਸਮਰਥਨ ਕਰ ਰਹੇ ਹਨ ।

ਸਿੱਖਾਂ ਨੇ ਹੁਣ ਸ਼ਾਂਤਮਈ ਤਰੀਕੇ ਅਸਫਲ ਰਹਿਣ ਤੇ ਆਪਣੀ ਹੋਣੀ ਆਪਣੇ ਹੱਥ ਲੈਣ ਦਾ ਫੈਸਲਾ ਕੀਤਾ । ਉਹਨਾਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ;

"ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥"
ਉਤੇ ਪਹਿਰਾ ਦੇਣ ਦਾ ਪ੍ਰਣ ਕੀਤਾ।

ਭਾਈ ਰਣਜੀਤ ਸਿੰਘ ਜੀ ਜੋ ਕਿ ਅਖੰਡ ਕੀਰਤਨੀ ਜਥੇ ਦੇ ਮੈਂਬਰ ਸਨ ਨੇ ਆਪਣੇ ਦੋ ਗੁਰਸਿੱਖ ਸਾਥੀਆਂ ਸਮੇਤ ਨਿਰੰਕਾਰੀ ਮੁਖੀ ਨੂੰ ਉਸ ਦੇ ਘਰ 24 ਅਪ੍ਰੈਲ 1980 ਨੂੰ ਕਤਲ ਕਰ ਦਿੱਤਾ । ਭਾਈ ਰਣਜੀਤ ਸਿੰਘ ਇੱਕ ਤਰਖਾਣ ਦੇ ਤੌਰ ਤੇ ਨਿਰੰਕਾਰੀ ਮੁਖੀ ਦੇ ਦਿੱਲੀ ਹੈਡਕੁਆਰਟਰ ਵਿੱਚ ਕੰਮ ਲੈਣ ਵਿੱਚ ਕਾਮਯਾਬ ਹੋ ਗਏ । ਉਸ ਸ਼ਾਮ ਨੂੰ ਭਾਈ ਰਣਜੀਤ ਸਿੰਘ ਆਟੋਮੈਟਿਕ ਰਾਈਫਲ ਲੈ ਕੇ ਨਾਲ ਲਗਦੇ ਗੈਸਟ ਹਾਊਸ ਦੇ ਇੱਕ ਕਮਰੇ ਵਿੱਚ ਬੈਠ ਕੇ ਨਿਰੰਕਾਰੀ ਮੁਖੀ ਦਾ ਇੰਤਜ਼ਾਰ ਕਰਨ ਲੱਗੇ । ਇੱਕ ਖਿੜਕੀ ਤੋਂ ਬਾਹਰ ਵਾਲਾ ਦਰਵਾਜਾ ਸਾਫ ਦਿਖਦਾ ਸੀ । ਰਾਤ 11 ਵਜੇ ਜਦੋਂ ਨਿਰੰਕਾਰੀ ਮੁਖੀ ਆਪਣੇ ਪ੍ਰੋਗਰਾਮ ਤੋਂ ਵਾਪਸ ਆਇਆ ਤਾਂ ਭਾਈ ਰਣਜੀਤ ਸਿੰਘ ਜੀ ਨੇ ਉਸ ਨੂੰ ਗੋਲੀਆਂ ਮਾਰ ਕੇ ਥਾਂਏ ਚਿੱਤ ਕਰ ਦਿੱਤਾ । ਭਾਈ ਰਣਜੀਤ ਸਿੰਘ ਜੀ ਘਰ ਦੀ ਕੰਧ ਟੱਪ ਕੇ ਬਚ ਨਿਕਲਣ ਵਿੱਚ ਕਾਮਯਾਬ ਹੋ ਗਏ ।

ਬੱਬਰ ਖਾਲਸਾ ਇੰਟਰਨੈਸ਼ਨਲ ਦੇ ਪਹਿਲੇ ਜਥੇਦਾਰ ਭਾਈ ਸੁਖਦੇਵ ਸਿੰਘ ਜੀ ਬੱਬਰ ਭਾਈ ਫੌਜਾ ਸਿੰਘ ਜੀ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਸਨ । ਜਦੋਂ ਉਹਨਾਂ ਭਾਈ ਫੌਜਾ ਸਿੰਘ ਜੀ ਦੀ ਸ਼ਹੀਦੀ ਦੀ ਖਬਰ ਸੁਣੀ ਉਸ ਵੇਲੇ ਉਹਨਾਂ ਦਾ ਅਨੰਦ ਕਾਰਜ ਹੋ ਰਿਹਾ ਸੀ ।ਖਬਰ ਸੁਣਦਿਆਂ ਸਾਰ ਉਹ ਆਪਣੀ ਸਿੰਘਣੀ ਨੂੰ ਪਿੱਛੇ ਛੱਡ ਸਿੱਧਾ ਅੰਮ੍ਰਿਤਸਰ ਪੁੱਜੇ । ਬਾਅਦ ਵਿੱਚ ਭਾਈ ਸੁਖਦੇਵ ਸਿੰਘ ਜੀ ਨੇ ਨਿਰੰਕਾਰੀਆਂ ਨੂੰ ਸਜ਼ਾ ਦੇਣ ਵਿੱਚ ਮੁੱਖ ਭੂਮਿਕਾ ਨਿਭਾਈ, ਇਹਨਾਂ ਨਿਰੰਕਾਰੀਆਂ ਵਿੱਚ ਸੱਤ ਸਿਤਾਰੇ ਵੀ ਸ਼ਾਮਲ ਸਨ । ਭਾਈ ਸੁਖਦੇਵ ਸਿੰਘ ਜੀ ਨੇ ਰੂਪੋਸ਼ ਹੋ ਕੇ ਖਾਲਿਸਤਾਨ ਦੀ ਪ੍ਰਾਪਤੀ ਦੇ ਸੰਘਰਸ਼ ਵਿੱਚ 14 ਸਾਲ ਹਿੱਸਾ ਪਾਇਆ ਤੇ 9 ਅਗਸਤ 1992 ਨੂੰ ਆਪ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ ।



Shaheed Jathedar Sukhdev Singh Babbar

# The Life & Martyrdom of Amar Shaheed Bhai Fauja Singh Ji



On 17th May 1936, a child was born to a rural family in District Gurdaspur in Punjab. The baby's father Sardar Surain Singh was a middle-class farmer by trade who, after the formation of Pakistan, took his family and all their belongings to Gazneepur, a small village found on the Gurdaspur Dera Baba Nanak road.

From a young age, Bhai Fauja Singh was very popular and would lead the local village boys, no matter what game they played. Although he was given Amrit whilst studying at school he did not receive the fruits of Naam, so the spiritual hunger within him did not cease; although his mind remained aloof. This spiritual thirst would not go away. In fact, even at this tender age he displayed such a detached attitude, that he even vanished for a whole month. He went where many seekers try to find there answers; at the feet of Sants and Sadhus. He did finally return home but not before he'd given his parents the shock of their lives.

He went on to pass his exams and although he enrolled in the Khalsa College, Amritsar, his mind remained somewhere else. Unconcerned with day-to-day life, he disappeared again. Even though his family looked everywhere, and placed advertisements in the local press, they couldn't find their adventurous son. Meanwhile, Bhai Fauja Singh stayed with various holy people at their Deras and meditated on a Mantar. His family finally found him two years later and after returning home, he was placed in college.

Whilst at college, Bhai Fauja Singh mixed with indecent company. This was to tear him away from Sikhi. But Guru Sahib Ji in his mercy quickly put the young Singh back on the right path. In 1964 he received Amrit at a Smagam organised by the Akhand Kirtani Jatha, where the Panj Piyare ushered him into the Khalsa Panth. In Vaisakhi 1965 he married Bibi Amarjit Kaur. Bhai Jeevan Singh Ji performed Kirtan at the occasion.

Bhai Fauja Singh increasingly began to apply his body and mind to the study of Gatka and persuaded other young Sikhs to also study it closely. He was acknowledged as the best Gatka practitioner in the area and there was nobody around who could beat him. Professor Gurmukh Singh, who was well acquainted with Bhai Fauja Singh, felt that there was something about him which stood out amongst the general Sangat:

"I have been in the Jatha for quite a while now and have been lucky enough to meet many highly spiritual Sikhs of the Guru. Bhai Fauja Singh was different; he had Bir Ras and Naam Ras. Bhai Fauja Singh was always ready to fight against falsehood and stand up for the truth. Some highly spiritual Singhs from the Jatha told him to just meditate. They

# ਅਮਰ ਸ਼ਹੀਦ ਭਾਈ ਫੌਜਾ ਸਿੰਘ ਜੀ ਦਾ ਜੀਵਨ ਅਤੇ ਸ਼ਹੀਦੀ

ਭਾਈ ਫੌਜਾ ਸਿੰਘ ਦਾ ਜਨਮ 17 ਮਈ ਸੰਨ 1936 ਨੂੰ ਇੱਕ ਪੇਂਡੂ ਪਰਿਵਾਰ ਦੇ ਘਰ ਜ਼ਿਲ੍ਹਾ ਗੁਰਦਾਸਪੁਰ ਵਿੱਚ ਹੋਇਆ ਸੀ । ਉਹਨਾਂ ਦੇ ਪਿਤਾ ਸ੍ਰ: ਸੁਰੈਣ ਸਿੰਘ ਇੱਕ ਮੱਧ ਵਰਗੀ ਕਿਸਾਨ ਸਨ ਤੇ ਉਹ ਪੰਜਾਬ ਦੀ ਵੰਡ ਤੋਂ ਬਾਅਦ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਗਜ਼ਨੀਪੁਰ ਵਿੱਚ ਆ ਵਸੇ ਸਨ। ਗਜ਼ਨੀਪੁਰ ਗੁਰਦਾਸਪੁਰ ਡੇਰਾ ਬਾਬਾ ਨਾਨਕ ਸੜਕ ਉੱਤੇ ਇੱਕ ਛੋਟਾ ਜਿਹਾ ਪਿੰਡ ਹੈ ।

ਛੋਟੀ ਉਮਰ ਤੋਂ ਹੀ ਭਾਈ ਫੌਜਾ ਸਿੰਘ ਜੀ ਬਹੁਤ ਮਸ਼ਹੂਰ ਸਨ। ਬੱਚਿਆਂ ਵੱਲੋਂ ਜਿਹੜੀ ਮਰਜੀ ਖੇਡ ਖੇਡੀ ਜਾਂਦੀ ਉਹ ਹਮੇਸ਼ਾਂ ਸਭ ਦੀ ਅਗਵਾਈ ਕਰਦੇ । ਚਾਹੇ ਕਿ ਉਹਨਾਂ ਨੂੰ ਸਕੂਲ ਵਿੱਚ ਪੜ੍ਹਨ ਦੌਰਾਨ ਅੰਮ੍ਰਿਤ ਦੀ ਦਾਤ ਪਰਾਪਤ ਹੋ ਗਈ ਸੀ ਪਰ ਅਜੇ ਉਹਨਾਂ ਨੂੰ ਨਾਮ ਦਾ ਫਲ ਨਹੀਂ ਸੀ ਮਿਲਿਆ । ਇਸ ਕਰਕੇ ਉਹਨਾਂ ਅੰਦਰ ਆਤਮਿਕ ਭੁੱਖ ਅਜੇ ਖਤਮ ਨਹੀਂ ਸੀ ਹੋਈ । ਰੂਹਾਨੀ ਪਿਆਸ ਉਹਨਾਂ ਅੰਦਰ ਅਜੇ ਵੀ ਬਹੁਤ ਪ੍ਰਬਲ ਸੀ । ਛੋਟੀ ਉਮਰ ਤੋਂ ਹੀ ਉਹਨਾਂ ਦੀ ਨਿਰਲੇਪ ਬਿਰਤੀ ਸੀ । ਇੱਕ ਵਾਰ ਉਹ ਮਹੀਨਾ ਭਰ ਘਰੋਂ ਬਾਹਰ ਚਲੇ ਗਏ । ਬਹੁਤ ਲੋਕ ਆਪਣੇ ਸਵਾਲਾਂ ਦੇ ਜਵਾਬ ਲੱਭਣ ਲਈ ਸੰਤਾਂ ਸਾਧੂਆਂ ਦੇ ਚਰਨਾਂ ਵਿੱਚ ਜਾਂਦੇ ਹਨ ਤੇ ਭਾਈ ਸਾਹਿਬ ਵੀ ਉਹਨਾਂ ਕੋਲ ਗਏ । ਉਹ ਮਹੀਨੇ ਬਾਅਦ ਘਰ ਵਾਪਸ ਆ ਗਏ ਸਨ ਪਰ ਇਸ ਸਮੇਂ ਦੌਰਾਨ ਉਹਨਾਂ ਦੇ ਮਾਤਾ ਪਿਤਾ ਸਦਮੇ ਵਿੱਚ ਰਹੇ ।

ਭਾਈ ਸਾਹਿਬ ਜੀ ਨੇ ਸਕੂਲੀ ਪ੍ਰੀਖਿਆ ਵਿੱਚ ਪਾਸ ਹੋਣ ਤੋਂ ਬਾਅਦ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਦਾਖਲਾ ਲੈ ਲਿਆ । ਪਰ ਉਹਨਾਂ ਦਾ ਮਨ ਕਿਸੇ ਹੋਰ ਪਾਸੇ ਹੀ ਰਿਹਾ । ਰੋਜ਼ਾਨਾ ਦੀ ਦੁਨਿਆਵੀ ਜ਼ਿੰਦਗੀ ਦੀ ਪਰਵਾਹ ਨਾ ਕਰਦਿਆਂ ਭਾਈ ਸਾਹਿਬ ਇੱਕ ਵਾਰ ਫਿਰ ਘਰੋਂ ਗਾਇਬ ਹੋ ਗਏ । ਘਰ ਵਾਲਿਆਂ ਨੇ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ, ਅਖਬਾਰਾਂ ਵਿੱਚ ਇਸ਼ਤਿਹਾਰ ਵੀ ਦਿੱਤੇ ਪਰ ਉਹ ਆਪਣੇ ਸਪੁੱਤਰ ਨੂੰ ਨਾ ਲੱਭ ਸਕੇ । ਇਸ ਸਮੇਂ ਦੌਰਾਨ ਭਾਈ ਫੌਜਾ ਸਿੰਘ ਜੀ ਵੱਖ ਵੱਖ ਸਾਧੂ ਸੰਤਾਂ ਦੇ ਡੇਰਿਆਂ ਵਿੱਚ ਰਹੇ ਤੇ ਮੰਤਰਾਂ ਵੱਲ ਧਿਆਨ ਧਰਦੇ ਰਹੇ । ਉਹ ਦੋ ਸਾਲਾਂ ਬਾਅਦ ਆਪਣੇ ਪਰਿਵਾਰ ਨੂੰ ਮਿਲੇ ਤੇ ਉਹਨਾਂ ਫਿਰ ਭਾਈ ਸਾਹਿਬ ਨੂੰ ਕਾਲਜ ਵਿੱਚ ਦਾਖਲ ਕਰਵਾ ਦਿੱਤਾ ।

ਕਾਲਜ ਵਿੱਚ ਪੜ੍ਹਦਿਆਂ ਭਾਈ ਸਾਹਿਬ ਜੀ ਗਲਤ ਸੰਗਤ ਵਿੱਚ ਪੈ ਗਏ । ਇਸ ਕਰਕੇ ਉਹ ਸਿੱਖੀ ਤੋਂ ਦੂਰ ਚਲੇ ਗਏ । ਪਰ ਗੁਰੂ ਸਾਹਿਬ ਜੀ ਨੇ ਆਪਣੇ ਨੌਜਵਾਨ ਸਿੱਖ ਤੇ ਅਪਾਰ ਕਿਰਪਾ ਕੀਤੀ ਤੇ ਜਲਦ ਹੀ ਭਾਈ ਸਾਹਿਬ ਵਾਪਸ ਸਹੀ ਰਸਤੇ ਤੇ ਆ ਗਏ । ਸੰਨ 1964 ਵਿੱਚ ਭਾਈ ਸਾਹਿਬ ਜੀ ਨੇ ਅਖੰਡ ਕੀਰਤਨੀ ਜਥੇ ਦੇ ਸਮਾਗਮ ਦੌਰਾਨ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ । ਪੰਜਾਂ ਪਿਆਰਿਆ ਰਾਹੀਂ ਭਾਈ ਸਾਹਿਬ ਜੀ ਦਾ ਖਾਲਸਾ ਪੰਥ ਵਿੱਚ ਪਰਵੇਸ਼ ਹੋਇਆ । 1965 ਦੀ ਵੈਸਾਖੀ ਦੌਰਾਨ ਭਾਈ ਸਾਹਿਬ ਜੀ ਦਾ ਅਨੰਦ ਕਾਰਜ ਬੀਬੀ ਅਮਰਜੀਤ ਕੌਰ ਨਾਲ ਹੋਇਆ । ਭਾਈ ਜੀਵਨ ਸਿੰਘ ਜੀ ਨੇ ਇਸ ਮੌਕੇ ਕੀਰਤਨ ਦੀ ਸੇਵਾ ਕੀਤੀ ਸੀ ।

ਭਾਈ ਫੌਜਾ ਸਿੰਘ ਜੀ ਨੇ ਆਪਣੇ ਸਰੀਰ ਅਤੇ ਮਨ ਨੂੰ ਗਤਕੇ ਦੀ ਸਿਖਲਾਈ ਵੱਲ ਲਾਉਣਾ ਸ਼ੁਰੂ ਕਰ ਦਿੱਤਾ ਤੇ ਉਹ ਨੌਜਵਾਨਾਂ ਨੂੰ ਵੀ ਗਤਕੇ ਦੀ ਸਿਖਿਆ ਲੈਣ ਲਈ ਪ੍ਰੇਰਨ ਲੱਗੇ । ਭਾਈ ਸਾਹਿਬ ਜੀ ਆਪਣੇ ਇਲਾਕੇ ਵਿੱਚ ਸਭ ਤੋਂ ਵਧੀਆ ਗਤਕੇ ਦੇ ਖਿਡਾਰੀ ਸਨ ਅਤੇ ਆਸ ਪਾਸ ਐਸਾ ਕੋਈ ਨਹੀਂ ਸੀ ਜੋ ਆਪ ਨੂੰ ਗਤਕੇ ਵਿੱਚ ਹਰਾ ਸਕਦਾ । ਪ੍ਰੋ: ਗੁਰਮੁਖ ਸਿੰਘ ਜੋ ਕਿ ਭਾਈ ਫੌਜਾ ਸਿੰਘ ਜੀ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਨੇ ਮਹਿਸੂਸ ਕੀਤਾ ਕਿ ਭਾਈ ਸਾਹਿਬ ਵਿੱਚ ਕੁਝ ਅਜਿਹਾ ਸੀ ਜੋ ਬਾਕੀ ਸਿੰਘਾਂ ਤੋਂ ਉਹਨਾਂ ਨੂੰ ਨਿਖੇੜਦਾ ਸੀ । ਪ੍ਰੋ: ਸਾਹਿਬ ਅਨੁਸਾਰ :

''ਮੈਂ ਜਥੇ ਵਿੱਚ ਕਾਫੀ ਦੇਰ ਤੋਂ ਵਿਚਰ ਰਿਹਾ ਹਾਂ ਤੇ ਮੈਨੂੰ ਕਈ ਚੜ੍ਹਦੀ ਕਲਾ ਵਾਲੇ ਗੁਰੂ ਕੇ ਸਿੱਖਾਂ ਨਾਲ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ । ਭਾਈ ਫੌਜਾ ਸਿੰਘ ਜੀ ਕੁਝ ਵੱਖ ਸਨ, ਉਹਨਾਂ ਕੋਲ ਬੀਰ ਰਸ ਤੇ ਨਾਮ ਰਸ ਦੋਨੋਂ ਮੌਜੂਦ ਸਨ । ਭਾਈ ਫੌਜਾ ਸਿੰਘ ਝੂਠ ਵਿਰੁੱਧ ਲੜਨ ਤੇ ਸੱਚ ਲਈ ਖੜ੍ਹਨ ਲਈ ਸਦਾ ਤਿਆਰ ਬਰ ਤਿਆਰ ਰਹਿੰਦੇ ਸਨ । ਕਈ ਜਥੇ ਦੇ ਜੀਵਨ ਵਾਲੇ ਸਿੰਘਾਂ ਨੇ ਭਾਈ ਸਾਹਿਬ ਜੀ ਨੂੰ ਸਿਰਫ ਨਾਮ ਬਾਣੀ ਵੱਲ ਧਿਆਨ ਦੇਣ ਲਈ ਕਿਹਾ । ਉਹਨਾਂ ਨੂੰ ਲਗਦਾ ਸੀ ਕਿ ਹੁਣ ਅਮਨ ਦੇ ਸਮੇਂ ਵਿੱਚ ਸਿੰਘਾਂ ਨੂੰ ਸ਼ਹੀਦੀ ਦੇਣ ਦੀ ਲੋੜ ਨਹੀਂ ਹੈ । ਸਿੱਖਾਂ ਨੇ ਗੁਰੂਆਂ ਦੇ ਸਮੇਂ ਵਿੱਚ ਸ਼ਹੀਦੀਆਂ ਇਸ ਕਰਕੇ ਦਿੱਤੀਆਂ ਸਨ ਕਿਉਂਕਿ ਹਿੰਦੂ ਰਾਜੇ, ਮੁਗਲ ਤੇ ਪਠਾਣ ਹਾਕਮ ਸਿੱਖ ਧਰਮ ਨੂੰ ਖਤਮ ਕਰਨ ਤੇ ਤੁਲੇ ਹੋਏ ਸਨ । ਪਰ ਹੁਣ ਸਮਾਂ ਬਦਲ ਚੁੱਕਾ ਹੈ । ਕੁਝ ਵੀਰ ਤਾਂ ਭਾਈ ਸਾਹਿਬ ਜੀ ਦੇ ਬੀਰ ਰਸੀ ਵਿਚਾਰਾਂ ਪ੍ਰਤੀ ਹਾਸਾ ਠੱਠਾ ਵੀ ਕਰਦੇ ਸਨ ।''

ਸੰਨ 1970 ਤੋਂ ਬਾਅਦ ਭਾਈ ਫੌਜਾ ਸਿੰਘ ਨੇ ਆਪਣੇ ਆਪ ਨੂੰ ਸ੍ਰੀ ਅੰਮ੍ਰਿਤਸਰ ਦੇ ਆਲੇ ਦੁਆਲੇ ਸੇਵਾ ਕਰਨ ਵਿੱਚ ਲੀਨ ਕਰ ਲਿਆ । ਉਹ ਆਪਣੀ ਤੇ ਆਪਣੀ ਪਤਨੀ ਵੱਲੋਂ ਕੀਤੀ ਸਾਰੀ ਕਮਾਈ ਦੂਸਰਿਆਂ ਦੀ ਭਲਾਈ ਲਈ ਲਗਾ ਦਿੰਦੇ । ਬੀਬੀ ਅਮਰਜੀਤ ਕੌਰ ਦੱਸਦੇ ਹਨ ਕਿ ਭਾਈ ਫੌਜਾ ਸਿੰਘ ਕਹਿੰਦੇ ਹੁੰਦੇ ਸਨ ਕਿ "ਜਿਹੜਾ ਪੈਸਾ ਅਸੀਂ ਆਪਣੇ ਆਪ ਤੇ ਖਰਚ ਕਰ ਰਹੇ ਹਾਂ ਉਹ ਬਰਬਾਦ ਹੁੰਦਾ ਹੈ ਤੇ ਜੋ ਪੈਸਾ ਅਸੀਂ ਸੇਵਾ ਵਿੱਚ ਲਗਾਉਂਦੇ ਹਾਂ

did not think that in these peaceful times there would be a need for our peoplc to give Shaheedi. The Sikhs gave Shaheedi at the time of the Gurus because the Hindu Rajas, Mughal and Pathan rulers where trying to destroy the Sikh religion. But now the situation was different. Some brothers even joked about his Bir Ras."

After 1970 Bhai Fauja Singh immersed himself in sewa and spent all of his and his wife's wages serving Gursikhs. Bibi Amarjit Kaur told us that sometimes he used to say; "All the money we spend on ourselves is wasted, but the money we spend on doing Sewa for the Gursikhs is not wasted and is saved in our bank". At other times he would say rather ominously; "The tenth Guru formed the Khalsa by shedding his blood. When this plant gets dried-up it needs more blood. Then the Guru`s beloved ones spill their blood to keep the Khalsa`s flag flying. This cycle repeats itself approximately every fifty years". He would tell his close companions that there was a lot of disrespect emerging, targeted directly at the heart of the Sikh Dharam. He believed future generations would rightfully ask what there forefathers and mothers were like; who accepted everything so quietly and passively.

The spiritual bliss that martyrs get from reading Gurbani verses like: "Purja Purja Kat Marai Kab Hoo Nah Shadai Keth", only they know. It also seems that the words spoken by Shaheeds are special. Bibi Amarjit Kaur says that during his last six months, Bhai Fauja Singh kept saying to her; "Visualise an image of my dead body. Will you be able to bear it? Be strong and don't despair." Bibi Ji realised that one day her husband was destined to give his life for the Panth.

Like all Chardi-Kalaa Gursikhs, Bhai Fauja Singh possessed the Guru-given gifts of honesty, contentment and divine meditation. He ate what he received happily and was never greedy, constantly seeking to live by the will of Waheguru. Professor Gurmukh Singh believed that even beyond this, Bhai Fauja Singh was extraordinary for other reasons…

"I first met Bhai Fauja Singh in 1972 at the Darbar Sahib. He did not know me but said his Fateh to me and met me like we had been old friends. He took me to where he was staying and kept me here for two or three days.

During this first meeting he told me something very secretive which I am now only sharing with the readers after his Shaheedi. He told me that in his previous life he was in Baba Deep Singh's Jatha and became Shaheed at Lohgarh. Now, again, he has done Shaheedi for the Khalsa Panth in the holy city of Amritsar near Lohgarh. Those that have seen and met Bhai Fauja Singh all agree that he was filled with the spirit of; 'Mohai Murnai Ka Chow Hai'.

Shakespeare says, "What is in a name?" The name Bhai Fauja Singh given to him by his parents, from the Hukamnama of Guru Granth Sahib Ji, was definitely a true picture of him. Bhai Fauja Singh really was a soldier of the Guru`s army, in not only this but also his previous life."

In late 1977 whilst in Gurdaspur Jail, Bhai Fauja Singh wrote a poem under the title of Kurbani. This was probably the only one written by him because as far as it is known, he was not a poet. It was written about eight months before his Shaheedi and now with hindsight, its underlying theme is worthy of attention. It centres upon the declining state of the Khalsa Panth and the problems facing the Nation. It also serves to relay the emotions

ਉਹ ਸਾਡੀ ਬੈਂਕ ਵਿੱਚ ਜਮ੍ਹਾਂ ਹੁੰਦਾ ਹੈ ।"

ਭਾਈ ਫੌਜਾ ਸਿੰਘ ਦਾ ਮੰਨਣਾ ਸੀ ਕਿ ਦਸਵੇਂ ਪਾਤਿਸ਼ਾਹ ਨੇ ਖਾਲਸੇ ਦੀ ਸਾਜਨਾ ਆਪਣਾ ਖੂਨ ਦੇ ਕੇ ਕੀਤੀ ਹੈ । ਜਦੋਂ ਫਿਰ ਖਾਲਸੇ ਦਾ ਹਰਿਆ ਭਰਿਆ ਪੌਦਾ ਸੁਕਦਾ ਹੈ ਤਾਂ ਉਸ ਨੂੰ ਹੋਰ ਖੂਨ ਦੀ ਲੋੜ ਪੈਂਦੀ ਹੈ । ਉਦੋਂ ਫਿਰ ਗੁਰੂ ਦੇ ਸਿੱਖਾਂ ਨੂੰ ਖਾਲਸੇ ਦਾ ਪਰਚਮ ਝੂਲਦਾ ਰੱਖਣ ਲਈ ਆਪਣਾ ਖੂਨ ਦੇਣਾ ਪੈਂਦਾ ਹੈ । ਭਾਈ ਫੌਜਾ ਸਿੰਘ ਆਪਣੇ ਸਾਥੀਆਂ ਨੂੰ ਕਿਹਾ ਕਰਦੇ ਸਨ ਕਿ ਮੌਜੂਦਾ ਸਮੇਂ ਵਿੱਚ ਆਪਣੇ ਧਰਮ ਦਾ ਨਿਰਾਦਰ ਵਧ ਰਿਹਾ ਹੈ । ਸਾਨੂੰ ਸਾਡੀਆਂ ਭਵਿੱਖ ਦੀਆਂ ਪੀੜੀਆਂ ਪੁੱਛਣਗੀਆਂ "ਕਿ ਸਾਡੇ ਵੱਡੇ ਵਡੇਰੇ ਕਿਹੋ ਜਿਹੇ ਸਨ ਜਿਨ੍ਹਾਂ ਨੇ ਇਹ ਨਿਰਾਦਰ ਚੁੱਪ ਕਰਕੇ ਬਰਦਾਸ਼ਤ ਕਰ ਲਿਆ ?"

''ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥'' ਸ਼ਬਦ ਪੜ੍ਹ ਕੇ ਸ਼ਹੀਦਾਂ ਨੂੰ ਕਿਹੋ ਜਿਹਾ ਰੂਹਾਨੀ ਅਨੰਦ ਮਿਲਦਾ ਹੋਵੇਗਾ ਇਹ ਉਹ ਹੀ ਜਾਣ ਸਕਦੇ ਹਨ । ਸ਼ਹੀਦਾਂ ਦੇ ਬਚਨ ਅਮੋਲ ਹੁੰਦੇ ਹਨ । ਬੀਬੀ ਅਮਰਜੀਤ ਕੌਰ ਨੇ ਦੱਸਿਆ ਕਿ ਆਪਣੀ ਜ਼ਿੰਦਗੀ ਦੇ ਆਖਰੀ ਛੇ ਮਹੀਨਿਆਂ ਵਿੱਚ ਭਾਈ ਫੌਜਾ ਸਿੰਘ ਜੀ ਅਕਸਰ ਉਨ੍ਹਾਂ ਨੂੰ ਕਿਹਾ ਕਰਦੇ ਸਨ ਕਿ ''ਮੇਰੀ ਮ੍ਰਿਤਕ ਦੇਹ ਨੂੰ ਆਪਣੀ ਅੱਖਾਂ ਅੱਗੇ ਲਿਆਓ । ਕੀ ਤੁਸੀਂ ਇਹ ਦ੍ਰਿਸ਼ ਬਰਦਾਸ਼ਤ ਕਰ ਲਓਗੇ ? ਤਕੜੇ ਰਿਹੋ ਅਤੇ ਨਿਰਾਸ਼ ਨਾ ਹੋਣਾ ।'' ਬੀਬੀ ਜੀ ਨੂੰ ਅਹਿਸਾਸ ਹੋ ਗਿਆ ਸੀ ਕਿ ਇੱਕ ਦਿਨ ਭਾਈ ਸਾਹਿਬ ਆਪਣੀ ਜ਼ਿੰਦਗੀ ਪੰਥ ਦੇ ਲੇਖੇ ਲਾ ਦੇਣਗੇ ।

ਚੜ੍ਹਦੀ ਕਲਾ ਵਿੱਚ ਰਹਿਣ ਵਾਲੇ ਗੁਰਸਿੱਖਾਂ ਵਾਂਗ ਭਾਈ ਫੌਜਾ ਸਿੰਘ ਅੰਦਰ ਗੁਰੂ ਪਾਤਿਸਾਹ ਵੱਲੋਂ ਬਖਸ਼ੇ ਈਮਾਨਦਾਰੀ, ਸੰਤੋਖ ਅਤੇ ਰੱਬੀ ਸਿਮਰਨ ਜਿਹੇ ਗੁਣ ਮੌਜੂਦ ਸਨ । ਆਪ ਜੀ ਉਹ ਖਾਂਦੇ ਜੋ ਖੁਸ਼ੀ ਖੁਸ਼ੀ ਮਿਲ ਜਾਂਦਾ ਤੇ ਕਦੇ ਲੋਭ ਨਹੀਂ ਕੀਤਾ ਤੇ ਹਮੇਸ਼ਾਂ ਗੁਰੂ ਦੀ ਰਜ਼ਾ ਵਿੱਚ ਹੀ ਜੀਵਨ ਬਤੀਤ ਕਰਨਾ ਲੋਚਦੇ। ਪ੍ਰੋ: ਗੁਰਮੁਖ ਸਿੰਘ ਜੀ ਦਾ ਵਿਸ਼ਵਾਸ ਸੀ ਕਿ ਭਾਈ ਫੌਜਾ ਸਿੰਘ ਜੀ ਇਸ ਤੋਂ ਇਲਾਵਾ ਹੋਰ ਕਾਰਨਾਂ ਕਰਕੇ ਵਿਲੱਖਣ ਸਨ । ਉਹਨਾਂ ਮੁਤਾਬਕ :

''ਮੈਂ ਭਾਈ ਫੌਜਾ ਸਿੰਘ ਜੀ ਨੂੰ ਪਹਿਲੀ ਵਾਰ ਸੰਨ 1972 ਨੂੰ ਦਰਬਾਰ ਸਾਹਿਬ ਵਿੱਚ ਮਿਲਿਆ । ਭਾਈ ਸਾਹਿਬ ਜੀ ਮੈਨੂੰ ਜਾਣਦੇ ਨਹੀਂ ਸੀ ਪਰ ਉਹਨਾਂ ਮੈਨੂੰ ਮਿਲਦਿਆਂ ਇਸ ਤਰ੍ਹਾਂ ਫਤਹਿ ਬੁਲਾਈ ਜਿਵੇਂ ਅਸੀਂ ਕੋਈ ਪੁਰਾਣੇ ਮਿੱਤਰ ਹੋਈਏ । ਭਾਈ ਸਾਹਿਬ ਮੈਨੂੰ ਆਪਣੇ ਨਾਲ ਲੈ ਗਏ ਜਿੱਥੇ ਉਹ ਠਹਿਰੇ ਹੋਏ ਸਨ ਤੇ ਮੈਨੂੰ ਉਥੇ 2-3 ਦਿਨ ਰੱਖਿਆ ।

ਸਾਡੀ ਪਹਿਲੀ ਮਿਲਣੀ ਦੌਰਾਨ ਉਹਨਾਂ ਮੈਨੂੰ ਇੱਕ ਗੁਪਤ ਗੱਲ ਦੱਸੀ ਜੋ ਮੈਂ ਉਹਨਾਂ ਦੀ ਸ਼ਹੀਦੀ ਤੋਂ ਬਾਅਦ ਪਾਠਕਾਂ ਨਾਲ ਸਾਂਝੀ ਕਰ ਰਿਹਾ ਹਾਂ । ਭਾਈ ਸਾਹਿਬ ਜੀ ਨੇ ਮੈਨੂੰ ਦੱਸਿਆ ਕਿ ਉਹ ਪਿਛਲੇ ਜਨਮ ਵਿੱਚ ਬਾਬਾ ਦੀਪ ਸਿੰਘ ਜੀ ਦੇ ਜਥੇ ਵਿੱਚ ਸਨ ਅਤੇ ਉਹਨਾਂ ਲੋਹਗੜ੍ਹ ਵਿੱਚ ਸ਼ਹੀਦੀ ਪ੍ਰਾਪਤ ਕੀਤੀ ਸੀ । ਹੁਣ ਦੁਬਾਰਾ ਉਹਨਾਂ ਨੇ ਖਾਲਸਾ ਪੰਥ ਲਈ ਅੰਮ੍ਰਿਤਸਰ ਵਿੱਚ ਲੋਹਗੜ੍ਹ ਦੇ ਨਜ਼ਦੀਕ ਸ਼ਹੀਦੀ ਪਰਾਪਤ ਕੀਤੀ ਹੈ । ਜਿੰਨੇ ਵੀ ਸਿੰਘ ਭਾਈ ਸਾਹਿਬ ਨੂੰ ਮਿਲੇ ਹਨ ਉਹ ਸਾਰੇ ਸਹਿਮਤ ਹਨ ਕਿ ਭਾਈ ਸਾਹਿਬ ਜੀ ''ਮੁਹਿ ਮਰਨੈ ਕਾ ਚਾਉ ਹੈ'' ਦੀ ਸਪਿਰਟ ਨਾਲ ਭਰੇ ਹੋਏ ਸਨ ।''

ਸ਼ੈਕਸਪੀਅਰ ਕਹਿੰਦਾ ਹੈ ਕਿ, ''ਨਾਮ ਵਿੱਚ ਕੀ ਪਿਆ ਹੈ ?'' ਭਾਈ ਫੌਜਾ ਸਿੰਘ ਜੀ ਦਾ ਨਾਮ ਉਹਨਾਂ ਦੇ ਮਾਤਾ ਪਿਤਾ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਹੁਕਮ ਲੈ ਕੇ ਰੱਖਿਆ ਸੀ ਤੇ ਇਹ ਨਾਮ ਉਹਨਾਂ ਦੀ ਸੱਚੀ ਤਸਵੀਰ ਸੀ । ਭਾਈ ਫੌਜਾ ਸਿੰਘ ਸੱਚੀਂ ਹੀ ਗੁਰੂ ਸਾਹਿਬ ਦੀ ਫੌਜ ਦੇ ਸਿਪਾਹੀ ਸਨ । ਇਸ ਜਨਮ ਵਿੱਚ ਹੀ ਨਹੀਂ ਬਲਕਿ ਪਿਛਲੇ ਜਨਮ ਵਿੱਚ ਵੀ ਸਨ ।

1977 ਦੇ ਅਖੀਰ ਵਿੱਚ ਜਦੋਂ ਭਾਈ ਸਾਹਿਬ ਗੁਰਦਾਸਪੁਰ ਜੇਲ੍ਹ ਵਿੱਚ ਬੰਦ ਸਨ ਤਾਂ ਉਹਨਾਂ ਨੇ ਕੁਰਬਾਨੀ ਦੇ ਸਿਰਲੇਖ ਹੇਠ ਇੱਕ ਕਵਿਤਾ ਲਿਖੀ । ਇਹ ਉਹਨਾਂ ਵੱਲੋਂ ਲਿਖੀ ਇਕੋ ਇੱਕ ਕਵਿਤਾ ਸੀ ਕਿਉਂਕਿ ਭਾਈ ਸਾਹਿਬ ਜੀ ਕਵੀ ਨਹੀਂ ਸਨ । ਇਹ ਕਵਿਤਾ ਉਹਨਾਂ ਨੇ ਸ਼ਹੀਦੀ ਤੋਂ 8 ਮਹੀਨੇ ਪਹਿਲਾਂ ਲਿਖੀ ਸੀ। ਉਸ ਵੇਲੇ ਤਾਂ ਕਿਸੇ ਨੂੰ ਅੰਦਾਜ਼ਾ ਨਹੀਂ ਸੀ ਕਿ ਕੀ ਭਾਣਾ ਵਾਪਰਨਾ ਹੈ ਪਰ ਭਾਈ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਇਹ ਕਵਿਤਾ ਵਿਚਲੇ ਵਲਵਲੇ ਅਹਿਮ ਬਣ ਜਾਂਦੇ ਹਨ । ਕਵਿਤਾ ਦਾ ਵਿਸ਼ਾ ਖਾਲਸਾ ਪੰਥ ਦੀ ਗਿਰ ਰਹੀ ਸਾਖ ਤੇ ਕੌਮ ਨੂੰ ਦਰਪੇਸ਼ ਮੁਸ਼ਕਿਲਾਂ ਦਾ ਹੈ । ਇਹ ਕਵਿਤਾ ਰਾਹੀਂ ਉਹ ਰੂਹ ਆਪਣੇ ਜਜ਼ਬਾਤ ਬਿਆਨ ਕਰ ਰਹੀ ਹੈ ਜਿਸ ਨੇ ਪਿਛਲੇ ਜਨਮ ਵਿੱਚ ਧਰਮ ਦੀ ਖਾਤਰ ਆਪਾ ਵਾਰ ਦਿੱਤਾ ਸੀ । ਇਹ ਰੂਹ ਮੌਜੂਦਾ ਹਾਲਾਤਾਂ ਨੂੰ ਕਿਸ ਤਰ੍ਹਾਂ ਕਬੂਲ ਕਰ ਸਕਦੀ ਸੀ ਜਦੋਂ ਖੁਲ੍ਹੇਆਮ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਹੋ ਰਹੀ ਸੀ ? ਇਸ ਤੋਂ ਸਮਝ ਲੱਗ ਸਕਦੀ ਹੈ ਕਿ ਭਾਈ ਫੌਜਾ ਸਿੰਘ ਜੀ ਲਈ ਅੰਮ੍ਰਿਤਸਰ ਵਿੱਚ ਹੋ ਰਿਹਾ ਘਟਨਾਕ੍ਰਮ ਉਹਨਾਂ ਲਈ ਕਿਉਂ ਬਿਲਕੁਲ ਅਸਹਿ ਸੀ ।

ਸੰਨ 1978 ਦੀ ਵਿਸਾਖੀ ਤੋਂ ਪਹਿਲਾਂ ਹੀ ਭਾਈ ਫੌਜਾ ਸਿੰਘ ਜੀ ਦੀ ਸ਼ਖਸੀਅਤ ਨੇ ਆਪਣਾ ਅਸਲੀ ਰੰਗ ਵਿਖਾਇਆ ਸੀ ਜਦੋਂ ਸੰਨ 1972 ਵਿੱਚ ਮਿਸਰੀ ਬਜ਼ਾਰ ਘਟਨਾ ਤੋਂ ਬਾਅਦ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਸੀ । ਭਾਈ ਫੌਜਾ ਸਿੰਘ ਜੀ ਪੁਲਿਸ ਦੇ ਵਤੀਰੇ ਤੋਂ ਬਹੁਤ ਦੁਖੀ ਸਨ ਕਿਉਂਕਿ ਉਹ ਦੋਸ਼ੀਆਂ ਨੂੰ ਫੜਨ ਤੋਂ

of a soul that in its last life shed the mortal frame for the sake of righteousness…now how could that soul have accepted that present day situation, where the Guru was being disrespected openly? This insight goes some way towards explaining why Bhai Fauja Singh who was now 42 years old found the events taking place in Amritsar absolutely intolerable.

Even before Vaisakhi in 1978, Bhai Fauja Singh's personality showed its true colours when in 1972 after the Misri Bajar incident, Guru Granth Sahib Ji was treated with disrespect. Bhai Fauja Singh was disgusted at the police who were too scared to make the arrest of the criminals involved. It was then that he decided to apprehend the miscreants and after catching them, he punished them accordingly. He was deeply saddened by the fact that our 'Panthic leaders' tried to keep the whole incident quiet in case it would lead to some sort of Hindu-Sikh conflict. This political expediency, which sidestepped any notion of love and respect for Guru Sahib, deeply saddened him. He simply could not understand how Sikhs could quietly sit by whilst others insulted and treated Guru Granth Sahib Ji with total disrespect. One question constantly began to engrave itself upon his mind; 'What has happened to the Khalsa Panth?'

This question arose again on 17th October 1975 when the Sikh Sangat celebrated Sangrand at Gurdwara Bhai Salo Jee. Langar was being served when a gang of thugs came and treated Guru Granth Sahib Ji with disrespect and the assaulted the sewadar and Granthi of the Gurdwara. They even made plans to burn down the Gurdwara Guru Keh Mehal that night. When Bhai Fauja Singh heard about this incident in the evening he got together some Gursikhs and went there straight away.

First they went to see for themselves the disrespectful treatment of Guru Granth Sahib Ji and the damage done to the Gurdwara building. After seeing this, the Gursikhs started chanting Jaikaras and then stood outside, ready to defend the Guru's House. The thugs soon surrounded them from tall buildings on all four sides, and then started throwing stones, bricks and acid bottles at them. Even though the Gursikh's clothes and bodies were drenched in blood, they managed to protect the Gurdwara from being burnt down. After 1972, this was now the second painful event to have taken place at the Sikh headquarters in Amritsar. The Panthic leaders at that time pretended as if nothing had happened and quite predictably accepted no responsibility.

However, the troublemakers now knew that there were atleast a few brave lions amongst the sheep and this was more than enough. After this second incident, Bhai Fauja Singh did not sit quietly at home. In October 1975 Bhai Fauja Singh no longer worked in the office. Referring to the benefits he was receiving, he laughingly said to Professor Gurmukh Singh in 1978 that; "Satguru is having his Sewa done whilst ensuring that I receive my wages from the Punjab Government."

After the 1975 incident Bhai Fauja Singh co-ordinated a new Gursikhi Parchaar programme. He mentions in his poem that; "the light of faith which seems to be dwindling…" He now decided to rectify this. In 1976 a group of Gursikhs started preaching the Guru's message in ten villages within Gurdaspur. Professor Gurmukh Singh was amongst this Jatha.

Bhai Fauja Singh felt that the Sikhs living in cities were not prepared to sacrifice their lives for their Guru; several previous incidents had proved this. So he now turned his

ਡਰਦੇ ਸਨ । ਭਾਈ ਸਾਹਿਬ ਜੀ ਨੇ ਆਪ ਹੀ ਦੋਸ਼ੀਆਂ ਨੂੰ ਫੜਨ ਦਾ ਫੈਸਲਾ ਕੀਤਾ ਤੇ ਉਹਨਾਂ ਨੂੰ ਫੜਨ ਤੋਂ ਬਾਅਦ ਉਹਨਾਂ ਨੂੰ ਬਣਦੀ ਸਜ਼ਾ ਦਿੱਤੀ । ਭਾਈ ਸਾਹਿਬ ਨੂੰ ਇਸ ਗੱਲ ਤੋਂ ਬਹੁਤ ਦੁੱਖ ਹੋਇਆ ਕਿ ਉਸ ਸਮੇਂ ਦੇ 'ਪੰਥਕ ਲੀਡਰਾਂ' ਨੇ ਇਸ ਘਟਨਾ ਨੂੰ ਇਸ ਕਰਕੇ ਦਬਾਉਣ ਦੀ ਕੋਸ਼ਿਸ਼ ਕੀਤੀ ਕਿ ਕਿਤੇ ਹਿੰਦੂ ਸਿੱਖ ਫਸਾਦ ਨਾ ਹੋ ਜਾਣ । 'ਪੰਥਕ ਲੀਡਰਾਂ' ਦੀ ਗੁਰੂ ਗਰੰਥ ਸਾਹਿਬ ਜੀ ਦੇ ਪਿਆਰ ਸਤਿਕਾਰ ਨੂੰ ਦਰਕਿਨਾਰ ਕਰਨ ਦੀ ਨੀਤੀ ਤੋਂ ਭਾਈ ਸਾਹਿਬ ਬਹੁਤ ਤੰਗ ਸਨ । ਭਾਈ ਸਾਹਿਬ ਇਹ ਸਮਝਣ ਤੋਂ ਅਸਮਰਥ ਸਨ ਕਿ ਇੱਕ ਸਿੱਖ ਗੁਰੂ ਗਰੰਥ ਸਾਹਿਬ ਜੀ ਦੇ ਹੋ ਰਹੇ ਨਿਰਾਦਰ ਨੂੰ ਕਿਸ ਤਰ੍ਹਾਂ ਚੁੱਪ ਕਰਕੇ ਸਹਿਣ ਕਰ ਸਕਦਾ ਹੈ । ਇੱਕ ਸਵਾਲ ਉਹਨਾਂ ਦੇ ਮਨ ਵਿਚ ਵਾਰ ਵਾਰ ਉੱਠਦਾ ਸੀ ਕਿ ''ਖਾਲਸਾ ਪੰਥ ਨੂੰ ਕੀ ਹੋ ਗਿਆ ਹੈ ?''

ਇਹ ਸਵਾਲ ਦੁਬਾਰਾ 17 ਅਕਤੂਬਰ 1975 ਨੂੰ ਉੱਠਿਆ ਜਦੋਂ ਸਿੱਖ ਸੰਗਤ ਗੁਰਦੁਆਰਾ ਭਾਈ ਸਾਲੋ ਜੀ ਵਿਖੇ ਸੰਗਰਾਦ ਦਾ ਦਿਨ ਮਨਾ ਰਹੀ ਸੀ । ਜਦੋਂ ਲੰਗਰ ਵਰਤਾਇਆ ਜਾ ਰਿਹਾ ਸੀ ਤਾਂ ਕੁਝ ਬਦਮਾਸ਼ ਗੁਰਦੁਆਰੇ ਅੰਦਰ ਦਾਖਲ ਹੋਏ ਤੇ ਉਹਨਾਂ ਨੇ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦੀ ਕੋਸ਼ਿਸ਼ ਕੀਤੀ । ਉਹਨਾਂ ਗੁਰਦੁਆਰੇ ਦੇ ਸੇਵਾਦਾਰ ਤੇ ਗਰੰਥੀ ਸਿੰਘ ਦੀ ਕੁੱਟਮਾਰ ਵੀ ਕੀਤੀ । ਉਹਨਾਂ ਬਦਮਾਸ਼ਾਂ ਨੇ ਉਸ ਰਾਤ ਗੁਰਦੁਆਰਾ ਗੁਰੂ ਕੇ ਮਹਿਲ ਨੂੰ ਅੱਗ ਲਾਉਣ ਦੀ ਵੀ ਯੋਜਨਾ ਬਣਾਈ ਹੋਈ ਸੀ । ਜਦੋਂ ਸ਼ਾਮ ਨੂੰ ਭਾਈ ਸਾਹਿਬ ਜੀ ਨੂੰ ਇਸ ਘਟਨਾ ਬਾਰੇ ਜਾਣਕਾਰੀ ਮਿਲੀ ਤਾਂ ਉਹਨਾਂ ਇਕਦਮ ਹੀ ਕੁਝ ਗੁਰਸਿੱਖਾਂ ਨੂੰ ਇਕੱਠਾ ਕਰਕੇ ਗੁਰਦੁਆਰਾ ਸਾਹਿਬ ਵੱਲ ਚਾਲੇ ਪਾ ਦਿੱਤੇ ।

ਪਹਿਲਾਂ ਸਾਰੇ ਸਿੰਘ ਗੁਰਦੁਆਰਾ ਸਾਹਿਬ ਗਏ ਤੇ ਉੱਥੇ ਹੋਈ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਤੇ ਗੁਰਦੁਆਰਾ ਸਾਹਿਬ ਦੇ ਹੋਏ ਨੁਕਸਾਨ ਨੂੰ ਦੇਖਿਆ । ਇਸ ਨੂੰ ਵੇਖਣ ਤੋਂ ਬਾਅਦ ਗੁਰਸਿੱਖਾਂ ਨੇ ਜੈਕਾਰੇ ਲਗਾਉਣੇ ਸ਼ੁਰੂ ਕਰ ਦਿੱਤੇ ਤੇ ਬਾਹਰ ਆ ਕੇ ਗੁਰਦੁਆਰੇ ਦੀ ਰਾਖੀ ਕਰਨ ਲਈ ਤਿਆਰ ਬਰ ਤਿਆਰ ਹੋ ਕੇ ਖੜ੍ਹ ਗਏ । ਬਦਮਾਸ਼ਾਂ ਨੇ ਉਚੀਆਂ ਇਮਾਰਤਾਂ ਤੇ ਚੜ੍ਹ ਕੇ ਚਾਰੇ ਪਾਸਿਆਂ ਤੋਂ ਗੁਰਸਿੱਖਾਂ ਨੂੰ ਘੇਰ ਲਿਆ ਤੇ ਉਹਨਾਂ ਉੱਤੇ ਇੱਟਾਂ, ਪੱਥਰ ਤੇ ਤੇਜ਼ਾਬ ਦੀਆਂ ਬੋਤਲਾਂ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ । ਚਾਹੇ ਕਿ ਗੁਰਸਿੱਖਾਂ ਦੇ ਕੱਪੜੇ ਤੇ ਸਰੀਰ ਖੂਨ ਨਾਲ ਲੱਥਪਥ ਹੋ ਗਏ ਸਨ ਪਰ ਉਹਨਾਂ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਅੱਗ ਲੱਗਣੋਂ ਬਚਾਅ ਲਿਆ । 1972 ਤੋਂ ਬਾਅਦ ਸਿੱਖੀ ਦੇ ਕੇਂਦਰੀ ਅਸਥਾਨ ਸ੍ਰੀ ਅੰਮ੍ਰਿਤਸਰ ਸਾਹਿਬ ਅੰਦਰ ਇਹ ਦੂਜੀ ਵਾਰ ਹੋਇਆ ਹਮਲਾ ਸੀ । ਇਸ ਵਾਰੀ ਵੀ 'ਪੰਥਕ ਲੀਡਰਾਂ' ਨੇ ਇਸ ਤਰ੍ਹਾਂ ਦਾ ਵਿਵਹਾਰ ਕੀਤਾ ਜਿਸ ਤਰ੍ਹਾਂ ਕਿ ਕੁਝ ਵਾਪਰਿਆ ਹੀ ਨਹੀਂ ਹੁੰਦਾ ਅਤੇ ਜਿਸ ਤਰ੍ਹਾਂ ਫਿਰ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿਸੇ ਤਰ੍ਹਾਂ ਦੀ ਜਿੰਮੇਵਾਰੀ ਵੀ ਨਾ ਕਬੂਲੀ ।

ਪਰ ਹੁਣ ਬਦਮਾਸ਼ਾਂ ਨੂੰ ਇਸ ਗੱਲ ਦਾ ਪਤਾ ਚੱਲ ਚੁੱਕਾ ਸੀ ਕਿ ਭੇਡਾਂ ਦੇ ਝੁੰਡ ਵਿੱਚ ਕੁਝ ਬਹਾਦਰ ਸ਼ੇਰ ਹਨ ਅਤੇ ਇਹ ਜਾਣਕਾਰੀ ਉਹਨਾਂ ਦੇ ਪਿੱਛੇ ਹਟਣ ਲਈ ਕਾਫੀ ਸੀ । ਇਸ ਦੂਸਰੀ ਘਟਨਾ ਤੋਂ ਬਾਅਦ ਭਾਈ ਫੌਜਾ ਸਿੰਘ ਜੀ ਚੁੱਪ ਕਰਕੇ ਘਰ ਨਾ ਬੈਠੇ । ਅਕਤੂਬਰ 1975 ਦੌਰਾਨ ਭਾਈ ਸਹਿਬ ਜੀ ਆਪਣੀ ਨੌਕਰੀ ਤੇ ਦਫਤਰ ਵਿੱਚ ਕੰਮ ਨਹੀਂ ਸੀ ਕਰਦੇ । ਉਹਨਾਂ ਨੂੰ ਮਿਲ ਰਹੇ ਸਰਕਾਰੀ ਲਾਭ ਦਾ ਹਸਦਿਆਂ ਜ਼ਿਕਰ ਕਰਦਿਆਂ ਭਾਈ ਸਾਹਿਬ ਜੀ ਨੇ 1978 ਵਿੱਚ ਭਾਈ ਗੁਰਮੁਖ ਸਿੰਘ ਨੂੰ ਕਿਹਾ ਕਿ, ''ਸਤਿਗੁਰ ਜੀ ਆਪਣੀ ਸੇਵਾ ਆਪ ਕਰਾ ਰਹੇ ਹਨ ਤੇ ਇਹ ਵੀ ਯਕੀਨੀ ਬਣਾ ਰਹੇ ਹਨ ਕਿ ਮੈਨੂੰ ਪੰਜਾਬ ਸਰਕਾਰ ਤੋਂ ਤਨਖਾਹ ਮਿਲਦੀ ਰਹੇ ।''



1975 ਦੀ ਘਟਨਾ ਤੋਂ ਬਾਅਦ ਭਾਈ ਫੌਜਾ ਸਿੰਘ ਜੀ ਨੇ ਗੁਰਸਿੱਖੀ ਪ੍ਰਚਾਰ ਲਈ ਨਵਾਂ ਪ੍ਰੋਗਰਾਮ ਉਲੀਕਿਆ । ਆਪਣੀ ਕਵਿਤਾ ਵਿੱਚ ਜੋ ਉਹਨਾਂ ''ਬੁਝ ਰਹੀ ਜੋਤਿ ਜੋ ਅਸਾਂ ਨੂੰ ਜਾਪਦੀ ਹੈ'' ਦਾ ਜ਼ਿਕਰ ਕੀਤਾ ਸੀ ਹੁਣ ਉਹਨਾਂ ਨੇ ਇਸ ਦਾ ਹੱਲ ਕਰਨ ਦਾ ਤਹੱਈਆ ਕੀਤਾ । 1976 ਵਿੱਚ ਗੁਰਸਿੱਖਾਂ ਦੇ ਇੱਕ ਜਥੇ ਨੇ ਗੁਰਦਾਸਪੁਰ ਜ਼ਿਲ੍ਹੇ ਦੇ 10 ਪਿੰਡਾਂ ਵਿੱਚ ਗੁਰੂ ਜੀ ਦੇ ਸੰਦੇਸ਼ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ । ਪ੍ਰੋ: ਗੁਰਮੁਖ ਸਿੰਘ ਜੀ ਵੀ ਇਸ ਜਥੇ ਵਿੱਚ ਸਨ ।

ਭਾਈ ਫੌਜਾ ਸਿੰਘ ਜੀ ਦਾ ਮੰਨਣਾ ਸੀ ਕਿ ਸ਼ਹਿਰ ਵਿੱਚ ਵਸਦੇ ਸਿੱਖ ਆਪਣੇ ਗੁਰੂ ਲਈ ਕੁਰਬਾਨੀ ਕਰਨ ਲਈ ਤਿਆਰ ਨਹੀਂ ਹਨ । ਪਹਿਲਾਂ ਵਾਪਰੇ ਘਟਨਾਕਰਮ ਨੇ ਇਹ ਗੱਲ ਸਾਬਤ ਕਰ ਦਿੱਤੀ ਸੀ । ਸੋ ਹੁਣ ਉਹਨਾਂ ਨੇ

attention to the villages so that perhaps the sleeping Panth, which lay dormant within rural life, could be awakened from its slumber. The programmes covered Sikh history, Gurbani, Kirtan and also included Amrit Sanchaars. This Jatha would also hold amazing Gatka demonstrations. After Kirtan, Bhai Fauja Singh would often talk to the Sangat and this had a truly inspiring effect upon them.

A Smagam was held in March 1977 over fifteen days at Khalsa Farm, during which Bhai Fauja Singh introduced young Sikhs to Gatka and told them about the problems that the Sikh Panth was facing. There they performed Kirtan and meditated and contemplated on ideas and ways to address various problems affecting the Sikh Quam.

It was during this period that a Hindu woman was arrested by the Police. During her interrogation, the Police officers began to rape her. Her husband unable to stop her from being gang-raped went to the magistrates to secure her release; he also filed a formal complaint against the Police. However there was no intervention. By this time point he had become completely exasperated. He then went to various community leaders, including Pundits and Mullahs for help, but none of them wanted to challenge the perpetrators. It was at this point that he decided to approach the Gursikhs.

Various people had told him about one Gursikh called Fauja Singh of Amritsar. Due to his fearless attitude, Bhai Fauja Singh had become quite well-known in the region. The aggrieved husband went to see him. Bhai Fauja Singh, alongwith some Gursikh, went straight to the Police station and upon seeing the pitiable state of the woman, they ensured her immediately release. The guilty police officers were then severely punished. After this incident he was brandished a 'criminal' and sent to prison. His actions were reminiscent of our past history, when Gursikhs went on daring and dangerous missions to liberate women from marauding Afghan armies.

However, it wasn't just invaders and isolated individuals who perpetrated heinous crimes; Bhai Fauja Singh also learnt about those groups who wished to subvert and corrupt the message of our Guru Sahib, which for him was the greatest crime of all. In his poem Kurbani, Bhai Fauja Singh warns the Khalsa Panth about the disrespect shown to Guru Granth Sahib taking place everywhere. The insults directed at Guru Sahib from the Nirankaris inflicted deep wounds upon the hearts of Gursikhs.

At the end of his poem, Bhai Fauja states that; "When all else fails, in the hour of need, we will sacrifice our heads at your altar." Bhai Fauja Singh along with twelve other fearless Gursikhs got the chance to fulfil their ambitions. On 13th April 1978, about 125 Sikhs went to peacefully protest against the Nirankari procession and Nirankari chief Gurbachan Singh's grevious insults towards Guru Sahib.

We all receive Amrit on the precondition that our head will henceforth belong to Guru Sahib. When the need arises we are expected to lay it down for the sake of righteousness. We hear and read daily in the Ardaas about our forefathers and mothers who gave their lives to protect Dharam and remained committed to the principles of Sikhi until their very last breath. All these events seemed like distant history. Some of us even began to question if such things were possible. The massacre at Amritsar enlivened the memory of those great Shaheeds, and also turned that which many thought was now myth into a firm and shocking reality.

ਆਪਣਾ ਧਿਆਨ ਪਿੰਡਾਂ ਵੱਲ ਲਗਾਉਣਾ ਇਸ ਆਸ ਤੇ ਸ਼ੁਰੂ ਕੀਤਾ ਕਿ ਸ਼ਾਇਦ ਦਿਹਾਤੀ ਜੀਵਨ ਵਿੱਚ ਸੁੱਤੇ ਹੋਏ ਖਾਲਸਾ ਪੰਥ ਨੂੰ ਜਗਾਇਆ ਜਾ ਸਕੇ । ਉਹਨਾਂ ਦੇ ਪ੍ਰੋਗਰਾਮਾਂ ਵਿੱਚ ਸਿੱਖ ਇਤਿਹਾਸ, ਗੁਰਬਾਣੀ, ਕੀਰਤਨ ਅਤੇ ਅੰਮ੍ਰਿਤ ਸੰਚਾਰ ਹੁੰਦੇ ਸਨ । ਜਥਾ ਗਤਕੇ ਦਾ ਪ੍ਰਦਰਸ਼ਨ ਵੀ ਕਰਦਾ ਹੁੰਦਾ ਸੀ । ਕੀਰਤਨ ਸਮਾਗਮ ਤੋਂ ਬਾਅਦ ਭਾਈ ਫੌਜਾ ਸਿੰਘ ਜੀ ਸੰਗਤ ਨਾਲ ਆਪਣੇ ਵਿਚਾਰ ਸਾਂਝੇ ਕਰਦੇ । ਉਹਨਾਂ ਦੇ ਵਿਚਾਰਾਂ ਦਾ ਸੰਗਤਾਂ ਉੱਤੇ ਪ੍ਰੇਰਨਾਦਾਇਕ ਪ੍ਰਭਾਵ ਪੈਂਦਾ ਸੀ ।

ਮਾਰਚ 1977 ਨੂੰ ਖਾਲਸਾ ਫਾਰਮ ਉੱਤੇ ਇੱਕ ਸਮਾਗਮ ਆਯੋਜਿਤ ਕੀਤਾ ਗਿਆ ਜੋ 15 ਦਿਨ ਚੱਲਿਆ । ਇਸ ਦੌਰਾਨ ਭਾਈ ਫੌਜਾ ਸਿੰਘ ਜੀ ਨੇ ਨੌਜਵਾਨਾਂ ਨੂੰ ਗਤਕੇ ਦੀ ਸਿਖਲਾਈ ਦਿੱਤੀ ਅਤੇ ਖਾਲਸਾ ਪੰਥ ਨੂੰ ਦਰਪੇਸ਼ ਚੁਣੌਤੀਆਂ ਬਾਰੇ ਜਾਣੂੰ ਕਰਵਾਇਆ । ਇਸ ਸਮਾਗਮ ਦੌਰਾਨ ਕੀਰਤਨ ਤੇ ਨਾਮ ਸਿਮਰਨ ਦੇ ਪ੍ਰਵਾਹ ਚੱਲੇ ਤੇ ਸਿੰਘਾਂ ਮਿਲ ਬੈਠ ਕੇ ਸਿੱਖ ਕੌਮ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਵੱਖ ਵੱਖ ਤਰੀਕਿਆਂ ਉੱਤੇ ਵਿਚਾਰ ਕੀਤੀ ।

ਇਸ ਸਮੇਂ ਦੌਰਾਨ ਹੀ ਇੱਕ ਹਿੰਦੂ ਔਰਤ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ । ਉਸ ਦੀ ਪੁੱਛਗਿੱਛ ਦੌਰਾਨ ਪੁਲਿਸ ਅਫਸਰ ਉਸ ਨਾਲ ਜ਼ਿਆਦਤੀ ਕਰਨ ਲੱਗੇ । ਉਸਦਾ ਪਤੀ ਆਪਣੀ ਪਤਨੀ ਦੇ ਸਰੀਰਕ ਸ਼ੋਸ਼ਣ ਨੂੰ ਰੋਕਣ ਤੋਂ ਅਸਮਰਥ ਰਹਿਣ ਤੇ ਜੱਜ ਅੱਗੇ ਪੇਸ਼ ਹੋਇਆ ਤਾਂ ਕਿ ਉਸ ਦੀ ਪਤਨੀ ਨੂੰ ਛਡਾਇਆ ਜਾ ਸਕੇ । ਉਸ ਨੇ ਪੁਲਿਸ ਖਿਲਾਫ ਰਸਮੀ ਸ਼ਿਕਾਇਤ ਵੀ ਦਰਜ ਕਰਵਾਈ । ਪਰ ਇਸ ਨਾਲ ਵੀ ਕੋਈ ਹੱਲ ਨਾ ਨਿਕਲ ਸਕਿਆ । ਇਸ ਸਮੇਂ ਤੱਕ ਉਹ ਪੂਰੇ ਤੈਸ਼ ਵਿੱਚ ਆ ਚੁੱਕਾ ਸੀ । ਉਹ ਵੱਖ ਵੱਖ ਭਾਈਚਾਰੇ ਦੇ ਆਗੂਆਂ ਕੋਲ ਮਦਦ ਲਈ ਗਿਆ ਜਿਹਨਾਂ ਵਿੱਚ ਪੰਡਤ ਤੇ ਮੌਲਵੀ ਸ਼ਾਮਲ ਸਨ ਪਰ ਕੋਈ ਵੀ ਦੋਸ਼ੀਆਂ ਨੂੰ ਚੁਣੌਤੀ ਨਹੀਂ ਸੀ ਦੇਣਾ ਚਾਹੁੰਦਾ । ਕੋਈ ਚਾਰਾ ਨਾ ਹੁੰਦਿਆਂ ਦੇਖ ਕੇ ਉਸ ਨੇ ਗੁਰਸਿੱਖਾਂ ਤੱਕ ਪਹੁੰਚ ਕਰਨ ਦਾ ਫੈਸਲਾ ਲਿਆ ।

ਕਈ ਲੋਕਾਂ ਨੇ ਉਹਨੂੰ ਇੱਕ ਗੁਰਸਿੱਖ, ਅੰਮ੍ਰਿਤਸਰ ਦੇ ਵਾਸੀ ਭਾਈ ਫੌਜਾ ਸਿੰਘ ਬਾਰੇ ਦੱਸਿਆ । ਭਾਈ ਸਾਹਿਬ ਜੀ ਦੇ ਨਿਡਰ ਰਵੱਈਏ ਕਰਕੇ ਉਹ ਪੂਰੇ ਇਲਾਕੇ ਵਿੱਚ ਜਾਣੇ ਜਾਂਦੇ ਸਨ । ਉਹ ਪੀੜਤ ਪਤੀ ਭਾਈ ਸਾਹਿਬ ਜੀ ਨੂੰ ਮਿਲਣ ਗਿਆ। ਉਸਦੀ ਗੱਲ ਸੁਨਣ ਸਾਰ ਹੀ ਭਾਈ ਫੌਜਾ ਸਿੰਘ ਜੀ ਕੁਝ ਹੋਰ ਗੁਰਸਿੱਖਾਂ ਨਾਲ ਸਿੱਧੇ ਪੁਲਿਸ ਸਟੇਸ਼ਨ ਚਲੇ ਗਏ ਤੇ ਔਰਤ ਦੀ ਤਰਸਯੋਗ ਹਾਲਤ ਦੇਖ ਕੇ ਉਸ ਦੀ ਤੁਰੰਤ ਰਿਹਾਈ ਨੂੰ ਯਕੀਨੀ ਬਣਾਇਆ । ਦੋਸ਼ੀ ਪੁਲਿਸ ਅਫਸਰਾਂ ਨੂੰ ਬਾਅਦ ਵਿੱਚ ਸਖਤ ਸਜ਼ਾਵਾਂ ਮਿਲੀਆਂ । ਇਸ ਘਟਨਾ ਤੋਂ ਬਾਅਦ ਉਸ ਨੂੰ ਅਪਰਾਧੀ ਗਰਦਾਨ ਕੇ ਜੇਲ੍ਹ ਵਿੱਚ ਭੇਜਿਆ ਗਿਆ । ਭਾਈ ਸਾਹਿਬ ਜੀ ਦਾ ਇਹ ਕਰਮ ਸਿੱਖ ਕੌਮ ਦੇ ਪੁਰਾਤਨ ਇਤਿਹਾਸ ਨੂੰ ਯਾਦ ਕਰਾਉਂਦਾ ਹੈ ਜਦੋਂ ਗੁਰਸਿੱਖ ਮੁਗਲਾਂ ਖਿਲਾਫ ਖਤਰਨਾਕ ਅਤੇ ਦਲੇਰ ਮਿਸ਼ਨਾਂ ਤੇ ਜਾ ਕੇ ਔਰਤਾਂ ਨੂੰ ਅਜ਼ਾਦ ਕਰਵਾਉਂਦੇ ਹੁੰਦੇ ਸਨ ।

ਪਰ, ਇਹ ਸਿਰਫ ਧਾੜਵੀ ਮੁਗਲਾਂ ਜਾਂ ਕੋਈ ਇੱਕ ਇਕੱਲੇ ਵਿਅਕਤੀ ਵੱਲੋਂ ਇਹ ਘਿਨਾਉਣੇ ਜੁਰਮ ਨਹੀਂ ਸੀ ਕੀਤੇ ਜਾਂਦੇ ਬਲਕਿ ਭਾਈ ਫੌਜਾ ਸਿੰਘ ਜੀ ਨੇ ਇੱਕ ਅਜਿਹੇ ਧੜੇ ਦੀ ਪਹਿਚਾਣ ਕੀਤੀ ਜੋ ਗੁਰੂ ਸਾਹਿਬ ਜੀ ਦੇ ਸੰਦੇਸ਼ ਨੂੰ ਤੋੜ ਮਰੋੜ ਕੇ ਖਰਾਬ ਕਰਨਾ ਚਾਹੁੰਦਾ ਸੀ । ਭਾਈ ਸਾਹਿਬ ਜੀ ਦੀ ਨਜ਼ਰ ਵਿੱਚ ਇਹ ਸਭ ਤੋਂ ਵੱਡਾ ਅਪਰਾਧ ਸੀ । ਆਪਣੀ ਕਵਿਤਾ ਕੁਰਬਾਨੀ ਵਿੱਚ ਭਾਈ ਫੌਜਾ ਸਿੰਘ ਜੀ ਖਾਲਸਾ ਪੰਥ ਨੂੰ ਚੇਤਾਵਨੀ ਦਿੱਤੀ ਸੀ ਕਿ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਥਾਂ ਥਾਂ ਤੇ ਹੋ ਰਹੀ ਹੈ। ਹੁਣ ਨਿਰੰਕਾਰੀਆਂ ਵੱਲੋਂ ਜੋ ਗੁਰੂ ਸਾਹਿਬ ਪ੍ਰਤੀ ਘਿਨਾਉਣੇ ਸ਼ਬਦ ਵਰਤੇ ਗਏ ਸਨ ਉਹਨਾਂ ਨੇ ਗੁਰਸਿੱਖਾਂ ਦੇ ਹਿਰਦਿਆਂ ਨੂੰ ਵਲੂੰਧਰ ਦਿੱਤਾ ਸੀ ।

ਆਪਣੀ ਕਵਿਤਾ ਦੇ ਅਖੀਰ ਵਿੱਚ ਭਾਈ ਸਾਹਿਬ ਜੀ ਕਹਿੰਦੇ ਹਨ ਕਿ ''ਜਬ ਆਵ ਕੀ ਅਉਧ ਨਿਧਾਨ ਬਣਸੀ, ਸੀਸ ਤੇਰਾ ਹੈ, ਤੈਨੂੰ ਚੜ੍ਹਾ ਦਿਆਂਗੇ।'' ਭਾਈ ਫੌਜਾ ਸਿੰਘ ਜੀ ਅਤੇ ਉਹਨਾਂ ਦੇ ਨਿਡਰ 12 ਸਾਥੀਆਂ ਨੂੰ ਆਖਰ ਆਪਣੀ ਇੱਛਾ ਦੀ ਪੂਰਤੀ ਦਾ ਮੌਕਾ ਮਿਲ ਗਿਆ । 13 ਅਪ੍ਰੈਲ 1978 ਵਾਲੇ ਦਿਨ ਤਕਰੀਬਨ 125 ਸਿੰਘਾਂ ਦਾ ਜਥਾ ਨਿਰੰਕਾਰੀਆਂ ਵੱਲੋਂ ਕੱਢੇ ਜਾ ਰਹੇ ਜਲੂਸ ਤੇ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਵੱਲੋਂ ਗੁਰੂ ਸਾਹਿਬ ਦੇ ਕੀਤੇ ਜਾ ਰਹੇ ਨਿਰਾਦਰ ਖਿਲਾਫ ਸ਼ਾਂਤਮਈ ਵਿਰੋਧ ਕਰਨ ਲਈ ਗਿਆ ।

ਸਾਨੂੰ ਸਭ ਨੂੰ ਅੰਮ੍ਰਿਤ ਦੀ ਦਾਤ ਇਸ ਸ਼ਰਤ 'ਤੇ ਮਿਲਦੀ ਹੈ ਕਿ ਉਸ ਦਿਨ ਤੋਂ ਬਾਅਦ ਸਾਡਾ ਸਿਰ ਗੁਰੂ ਦਾ ਹੋ ਜਾਂਦਾ ਹੈ । ਜਦੋਂ ਲੋੜ ਪਵੇ ਤਾਂ ਸਾਡੇ ਤੋਂ ਆਸ ਰੱਖੀ ਜਾਂਦੀ ਹੈ ਕਿ ਅਸੀਂ ਧਰਮ ਦੀ ਖਾਤਰ ਸੀਸ ਗੁਰੂ ਨੂੰ ਭੇਟ ਕਰ ਦਈਏ । ਅਸੀਂ ਰੋਜ਼ਾਨਾ ਅਰਦਾਸ ਵਿੱਚ ਉਨ੍ਹਾਂ ਸਿੰਘਾਂ ਸਿੰਘਣੀਆਂ ਦਾ ਜ਼ਿਕਰ ਕਰਦੇ ਤੇ ਸੁਣਦੇ ਹਾਂ ਜਿਹਨਾਂ ਨੇ ਧਰਮ ਦੀ ਖਾਤਰ ਆਪਾ ਵਾਰ ਦਿੱਤਾ ਤੇ ਆਪਣੇ ਆਖਰੀ ਸਵਾਸਾਂ ਤੱਕ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਈ । ਅਰਦਾਸ ਵਿਚਲੀਆਂ ਇਹ ਘਟਨਾਵਾਂ ਦੂਰ ਦਾ ਇਤਿਹਾਸ ਲਗਦਾ ਹੈ । ਸਾਡੇ ਵਿੱਚੋਂ ਤਾਂ ਕਈ ਸ਼ੱਕ ਵੀ ਕਰਨ ਲਗਦੇ ਹਨ ਕਿ ਕੀ ਅਜਿਹਾ ਕੁਝ ਹੋਣਾ ਸੰਭਵ ਵੀ ਸੀ । ਅੰਮ੍ਰਿਤਸਰ ਦੇ ਸਾਕੇ ਨੇ ਉਹਨਾਂ ਮਹਾਨ ਸ਼ਹੀਦਾਂ ਦੀ ਯਾਦ ਮੁੜ ਤਾਜ਼ਾ ਕਰ ਦਿੱਤੀ ਤੇ ਜੋ ਪੁਰਾਤਨ ਸ਼ਹੀਦੀਆਂ ਨੂੰ ਮਿਥਿਹਾਸ ਸਮਝਦੇ ਸਨ ਉਹਨਾਂ ਲਈ ਸਚਾਈ ਸਾਹਮਣੇ ਲਿਆ ਦਿੱਤੀ ।

# Shaheed Bhai Avtar Singh Ji, Kurala

Bhai Avtar Singh Ji was born in 1912 in the village of Kurala in the district of Hoshiarpur. His mother's name was Dhan Kaur and his father's name was Bhai Bhagwan Singh. In his early years he was educated at Moolak Kula primary school. His father was in the army and due to his bravery he was awarded land in the village of Mintgomary in Pakistan and so the whole family moved there. He completed his secondary education there and was married to Bibi Gurbachan Kaur. Bhai Sahib did agricultural work there until Pakistan was formed. He then returned back to his old village of Kurala and continued doing farming work there.

He came to meet Bhai Harnam Singh and Bhai Pritam Singh from Dasuha and with their Sangat started to read Bhai Sahib Bhai Randhir Singh's books. After reading these books he wanted to take Amrit and lead a Gursikh way of life, and he also began going to Gurmat Smagams around Talwara and Dasuha with other Gursikhs. He also went to Model Town Ludhiana and met Bhai Sahib Randhir Singh.

Bhai Avtar Singh finally took Amrit with his Singhni on 13 April 1961 at the Vaisakhi Smagam in Ludhiana. He started wearing the Khalsa uniform (Bana) and also took up the strict Rehat of eating in Sarbloh (iron utensils), which he carried on until the end of his life. Many families were influenced by his high standards of Rehat-Rehni and also took Amrit.

Bhai Sahib used to go to all the places where the Akhand Kirtani Jatha Smagams were held to enjoy the Kirtan and Nam-Bani. In 1969 the Akhand Kirtani Jatha organised a Yatra to Patna Sahib and Hazoor Sahib by buses and Kirtan was performed at Gurdwaras along the route. Bhai Sahib also took part in that Yatra and also took part in the Sewa of the Punj Pyare in the Smagams.

He had such a desire to do Bhagti that he left the accommodation of his village and erected a hut on his farm land far away from his village, where he did Sri Guru Granth Sahib's parkash and started living there until his last days. He would get up at 12 o'clock in the night and after having Ishnaan would start doing Naam-Abyass and continue this until daylight.

He started making arrangement to go to the Vaisakhi Smagam being held in Amritsar by the Akhand Kirtani Jatha. He said farewell to his family and told them to always follow a Gursikh way of life and to love one another and that he was not going to return. Bhai Sahib had decided to leave his home and to stay at the Khalsa farm in Gurdaspur and to accompany the Jatha to do Sikhi Parchar in the nearby villages. He arrived at the Vaisakhi Smagam at Sri Amritsar and was the first person to give Shaheedi.



The Gurmukhs who eye-witnessed his Shaheedi say that when a bullet from the Nirankaris stuck him he immediately fell on the floor. But he quickly regained his composure and sat up cross-legged and started doing Nam-Abyass very loudly and then went into a deep

# ਸ਼ਹੀਦ ਭਾਈ ਅਵਤਾਰ ਸਿੰਘ ਜੀ ਕੁਰਾਲਾ



ਸ਼ਹੀਦ ਭਾਈ ਅਵਤਾਰ ਸਿੰਘ ਕੁਰਾਲਾ ਦਾ ਜਨਮ ਮਾਤਾ ਧੰਨ ਕੌਰ ਦੀ ਕੁੱਖੋਂ, ਪਿਤਾ ਭਗਵਾਨ ਸਿੰਘ ਦੇ ਘਰ ਪਿੰਡ ਕੁਰਾਲਾ ਜਿਲਾ ਹੁਸ਼ਿਆਰਪੁਰ ਵਿਖੇ 1912 ਨੂੰ ਹੋਇਆ। ਆਪ ਜੀ ਨੇ ਮੁੱਢਲੀ ਵਿੱਦਿਆ ਮਾਲੂਕ ਕੁਲਾ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਉਨ੍ਹਾਂ ਦੇ ਪਿਤਾ ਸ੍ਰ. ਭਗਵਾਨ ਸਿੰਘ ਫੌਜ ਵਿੱਚ ਸਨ ਅਤੇ ਉਨ੍ਹਾਂ ਦੀ ਬਹਾਦਰੀ ਸਦਕਾ ਸਰਕਾਰ ਨੇ ਉਨ੍ਹਾਂ ਨੂੰ ਪਾਕਿਸਤਾਨ ਦੇ ਮਿੰਟਗੁਮਰੀ ਵਿੱਚ ਜ਼ਮੀਨ ਅਲਾਟ ਕੀਤੀ ਅਤੇ ਸਾਰਾ ਪਰਿਵਾਰ ਉੱਥੇ ਚਲਾ ਗਿਆ।

ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਨ੍ਹਾਂ ਦਾ ਅਨੰਦ ਕਾਰਜ ਬੀਬੀ ਗੁਰਬਚਨ ਕੌਰ ਨਾਲ ਹੋਇਆ। ਭਾਈ ਸਾਹਿਬ ਪਾਕਿਸਤਾਨ ਬਨਣ ਤੱਕ ਮਿੰਟਗੁਮਰੀ ਵਿੱਚ ਖੇਤੀ ਕਰਦੇ ਰਹੇ ਅਤੇ ਪਾਕਿਸਤਾਨ ਬਨਣ ਤੋਂ ਬਾਅਦ ਉਹ ਆਪਣੇ ਪੁਰਾਣੇ ਪਿੰਡ ਕੁਰਾਲਾ ਆ ਗਏ ਅਤੇ ਫਿਰ ਖੇਤੀ ਕਰਨ ਵਿੱਚ ਰੁੱਝ ਗਏ।

ਉਨ੍ਹਾਂ ਦਾ ਮਿਲਾਪ ਭਾਈ ਹਰਨਾਮ ਸਿੰਘ ਅਤੇ ਭਾਈ ਪ੍ਰੀਤਮ ਸਿੰਘ ਦਸੂਆ ਨਾਲ ਹੋਇਆ, ਉਨ੍ਹਾਂ ਦੀ ਸੰਗਤ ਅਤੇ ਪ੍ਰੇਰਣਾ ਸਦਕਾ ਉਨ੍ਹਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀਆਂ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਭਾਈ ਸਾਹਿਬ ਰਣਧੀਰ ਸਿੰਘ ਦੀਆਂ ਕਿਤਾਬਾਂ ਪੜ੍ਹਨ ਉਪਰੰਤ ਉਨ੍ਹਾਂ ਵਿੱਚ ਅੰਮ੍ਰਿਤ ਛੱਕ ਕੇ ਗੁਰਸਿੱਖੀ ਜੀਵਨ ਜਿਊਣ ਦੀ ਚਾਹਤ ਪੈਦਾ ਹੋਈ ਅਤੇ ਤਲਵਾੜਾ ਅਤੇ ਦਸੂਆ ਦੇ ਆਸੇ-ਪਾਸੇ ਹੁੰਦੇ ਗੁਰਮਤਿ ਸਮਾਗਮਾਂ ਵਿੱਚ ਹੋਰ ਗੁਰਸਿੱਖਾਂ ਨਾਲ ਜਾਣ ਲੱਗੇ। ਉਹ ਭਾਈ ਸਾਹਿਬ ਰਣਧੀਰ ਸਿੰਘ ਨੂੰ ਮਿਲਣ ਲਈ ਮਾਡਲ ਟਾਊਨ ਲੁਧਿਆਣਾ ਵੀ ਗਏ।

ਭਾਈ ਅਵਤਾਰ ਸਿੰਘ ਜੀ ਆਪਣੀ ਸਿੰਘਣੀ ਸਮੇਤ 13 ਅਪ੍ਰੈਲ 1961 ਨੂੰ ਵਿਸਾਖੀ ਵਾਲੇ ਦਿਨ ਲੁਧਿਆਣਾ ਦੇ ਇੱਕ ਗੁਰਮਤਿ ਸਮਾਗਮ ਦੌਰਾਨ ਅੰਮ੍ਰਿਤ ਪਾਨ ਕਰਕੇ ਖਾਲਸਾਈ ਬਾਣੇ ਦੇ ਧਾਰਨੀ ਬਣ ਗਏ ਅਤੇ ਸਰਬ-ਲੋਹ ਦੇ ਭਾਂਡਿਆਂ ਵਿੱਚ ਪ੍ਰਸ਼ਾਦਾ ਛਕਣ ਦੀ ਰਹਿਤ ਦੀ ਸਖਤੀ ਨਾਲ ਪਾਲਣਾ ਕਰਦੇ ਅਤੇ ਇਹ ਉਨ੍ਹਾਂ ਦੀ ਜ਼ਿੰਦਗੀ ਦੇ ਅੰਤ ਤੱਕ ਜਾਰੀ ਰਿਹਾ। ਬਹੁਤ ਸਾਰੇ ਹੋਰ ਪਰਿਵਾਰਾਂ ਨੇ ਉਨ੍ਹਾਂ ਦੀ ਉੱਚੀ ਰਹਿਣੀ-ਬਹਿਣੀ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤ ਛਕਿਆ ਅਤੇ ਗੁਰਸਿੱਖ ਜੀਵਨ ਦੀ ਸ਼ੁਰੂਆਤ ਕੀਤੀ।

ਭਾਈ ਸਾਹਿਬ ਅਖੰਡ ਕੀਰਤਨੀ ਜੱਥੇ ਵੱਲੋਂ ਕੀਤੇ ਜਾਂਦੇ ਸਮਾਗਮਾਂ ਵਿੱਚ ਜਾਂਦੇ ਅਤੇ ਗੁਰਬਾਣੀ ਅਤੇ ਕੀਰਤਨ ਦਾ ਅਨੰਦ ਮਾਣਦੇ। ਅਖੰਡ ਕੀਰਤਨੀ ਜੱਥੇ ਵੱਲੋਂ ਸੰਨ 1969 ਬੱਸਾਂ ਰਾਹੀ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਦੀ ਯਾਤਰਾ ਆਰੰਭੀ ਅਤੇ ਰਸਤੇ ਦੇ ਗੁਰਦੁਆਰਾ ਸਾਹਿਬ ਵਿੱਚ ਕੀਰਤਨ ਸਮਾਗਮ ਕੀਤਾ ਜਾਂਦਾ। ਭਾਈ ਸਾਹਿਬ ਵੀ ਇਸ ਯਾਤਰਾ ਵਿੱਚ ਸ਼ਾਮਲ ਹੋਏ ਅਤੇ ਸਮਾਗਮਾਂ ਵਿੱਚ ਪੰਜ ਪਿਆਰਿਆਂ ਦੀ ਸੇਵਾ ਨਿਭਾਈ।

ਉਹਨਾਂ ਵਿੱਚ ਨਾਮ-ਸਿਮਰਨ ਦੀ ਅਜਿਹੀ ਅਭਿਲਾਸ਼ਾ ਸੀ ਕਿ ਉਨ੍ਹਾਂ ਨੇ ਆਪਣੀ ਪਿੰਡ ਵਾਲੀ ਰਿਹਾਇਸ਼ ਛੱਡ ਕੇ ਆਪਣੇ ਖੇਤ ਵਿੱਚ ਝੌਂਪੜੀ ਪਾ ਕੇ, ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਅਤੇ ਆਪਣੀ ਜ਼ਿੰਦਗੀ ਦੇ ਅਖੀਰਲੇ ਦਿਨਾਂ ਤੱਕ ਉੱਥੇ ਹੀ ਟਿਕੇ ਰਹੇ। ਉਹ ਰਾਤ ਦੇ 12 ਵਜੇ ਉਠਦੇ ਅਤੇ ਇਸ਼ਨਾਨ ਕਰਕੇ ਨਾਮ-ਸਿਮਰਨ ਦੇ ਅਭਿਆਸ ਵਿੱਚ ਜੁੱਟ ਜਾਂਦੇ ਅਤੇ ਦਿਨ ਚੜ੍ਹਨ ਤੱਕ ਨਾਮ-ਸਿਮਰਨ ਵਿੱਚ ਲੀਨ ਰਹਿੰਦੇ।

ਉਨ੍ਹਾਂ ਨੇ ਅੰਮ੍ਰਿਤਸਰ ਵਿੱਚ ਅਖੰਡ ਕੀਰਤਨੀ ਜੱਥੇ ਵੱਲੋਂ ਵਿਸਾਖੀ ਦਿਹਾੜੇ ਮੌਕੇ ਕੀਤੇ ਜਾਂਦੇ ਸਮਾਗਮ ਵਿੱਚ ਜਾਣ ਲਈ ਪ੍ਰਬੰਧ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਆਪਣੇ ਪਰਿਵਾਰ ਨੂੰ ਅਲਵਿਦਾ ਆਖਦਿਆਂ ਇਕੱਠੇ ਪਿਆਰ ਨਾਲ ਰਹਿਣ ਅਤੇ ਗੁਰਸਿੱਖੀ ਜੀਵਨ ਜਿਊਣ ਦਾ ਪੈਗਾਮ ਦਿੰਦਿਆ ਕਿਹਾ ਕਿ ਉਹ ਹੁਣ ਕਦੇ ਵਾਪਿਸ ਨਹੀਂ ਆਉਣਗੇ।

ਉਨ੍ਹਾਂ ਨੇ ਘਰ ਛੱਡਦਿਆਂ ਗੁਰਦਾਸਪੁਰ ਦੇ ਖਾਲਸਾ ਫਾਰਮ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ ਅਤੇ ਜੱਥੇ ਨਾਲ ਨੇੜਲੇ ਪਿੰਡਾਂ ਵਿੱਚ ਗੁਰਮਤਿ ਪ੍ਰਚਾਰ ਕਰਨ ਲੱਗੇ। ਉਹ ਸੰਨ 1978 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਸ਼ਹੀਦੀ ਸਮਾਗਮ 'ਤੇ ਆਏ ਅਤੇ ਨਿਰੰਕਾਰੀ ਕਾਂਡ ਦੇ ਪਹਿਲੇ ਸ਼ਹੀਦ ਬਣੇ।

meditative state. As he was sitting there, the Nirankaris smashed wooden sticks on his bare head (his Damala had come off when he fell). Bhai Sahib remained sitting there upright and motionless until his last breath.

He has 5 sons and one daughter whose names are:- Bhai Kirpal Singh, Bhai Harbaksh Singh, Bhai Iqbal Singh, Bhai Rattan Singh, Bhai Harbhajan Singh and Bibi Surjeet Kaur. A spear and a bullet also injured Bhai Avtar Singh's son, Bhai Iqbal Singh, in one of his legs.

## Shaheed Bhai Raghbir Singh Ji Bhagupur

(By Bhai Kirpal Singh Ji, Shapur, Amballa Shouni)



Shaheed Bhai Raghbir Singh was born in the village of Bhagupur in Patti in the district of Amritsar on 10 March 1949 at the house of Sardar Nawab Singh Ji. He was educated in his own village up to the age of 15 and then joined the Army in the Bombay-engineering group in Kirki, Puna. After being there for 5 years he resigned from the Army in 1968 and moved to Patiala.

I first met Bhai Sahib on 14 December 1966 in Kirki, Puna, when I was doing my Army service and was being transferred from Sagar (Madh Pradesh) to the Training Battalion Number 1, Bombay Engineering Group. I was working in an office as a clerk, and Bhai Sahib was an engine fitter, but being a religious person he was appointed to be Sewadaar at the Gurdwara. The weekly Kirtan programmes in Puna were being performed under the control of Professor Beant Singh Ji, and I used to take Bhai Sahib with me to the Kirtan Smagams. I also kept a tape recorder with me, on which I had recorded the Kirtan of Bhai Mohinder Singh Ji, Bhai Joginder Singh Ji Talwara and many other Bibian, which we used to listen to everyday. Other Singhs also used to come, and Bhai Sahib was greatly influenced by the Bani and Kirtan, so much so that he learnt the Nitnem Banis by memory within a few days and started wearing the Rehat of the Panj Kakaars.

One day he said to me "I would like to do Darshan of the Singhs whose Kirtan you have played to me and would like to have the gift of Amrit Naam from the Panj Pyare". I replied that he should go before the Panj Pyare at the Ludhiana Smagam during Vaisakhi and he will be blessed. He told me that I should also take leave and accompany him. At that time my permanent residence was in Ludhiana.

Bhai Sahib was having difficulty in obtaining leave but said that he would definitely go to Ludhiana during Vaisakhi. I managed to obtain 2 months leave and we both went

ਉਨ੍ਹਾਂ ਦੀ ਸ਼ਹੀਦੀ ਦੇ ਪ੍ਰਤੱਖ ਦਰਸ਼ੀ ਗੁਰਸਿੱਖਾਂ ਅਨੁਸਾਰ ਜਦੋਂ ਨਿਰੰਕਾਰੀਆਂ ਵੱਲੋਂ ਚਲਾਈ ਇੱਕ ਗੋਲੀ ਉਨ੍ਹਾਂ ਦੇ ਵੱਜੀ ਤਾਂ ਉਹ ਭੁੰਜੇ ਡਿੱਗ ਪਏ, ਪਰ ਛੇਤੀ ਹੀ ਉਹ ਉੱਠ ਖੜ੍ਹੇ ਹੋਏ ਅਤੇ ਚੌਂਕੜਾ ਮਾਰ ਕੇ ਉੱਚੀ-ਉੱਚੀ ਨਾਮ-ਸਿਮਰਨ ਮੁੜ ਸ਼ੁਰੂ ਕਰ ਦਿੱਤਾ ਅਤੇ ਡੂੰਘੀ ਸਮਾਧੀ ਵਿੱਚ ਚਲੇ ਗਏ। ਉਨ੍ਹਾਂ ਦੇ ਉੱਥੇ ਬੈਠਿਆਂ ਨੂੰ ਹੀ ਨਿਰੰਕਰੀਆਂ ਨੇ ਡਾਂਗਾਂ ਨਾਲ ਮਾਰਨਾ ਸ਼ੁਰੂ ਕਰ ਦਿੱਤਾ। ਥੱਲੇ ਡਿੱਗਣ ਨਾਲ ਦੁਮਾਲਾ ਉਨ੍ਹਾਂ ਦੇ ਸਿਰ ਤੋਂ ਉੱਤਰ ਗਿਆ ਅਤੇ ਨਿਰੰਕਾਰੀ ਨੰਗੇ ਸਿਰ ਉੱਤੇ ਡਾਂਗਾਂ ਮਾਰਦੇ ਰਹੇ। ਭਾਈ ਸਾਹਿਬ ਅੰਤਿਮ ਸਾਹ ਤੱਕ ਉੱਥੇ ਅਡੋਲ ਬੈਠੇ ਤਸ਼ੱਦਦ ਝੱਲਦੇ ਰਹੇ।

ਉਨ੍ਹਾਂ ਦੇ ਪੰਜ ਪੁੱਤਰ ਅਤੇ ਇੱਕ ਧੀ ਹੈ। ਜਿੰਨਾਂ ਦੇ ਨਾਂਅ ਇਸ ਤਰਾਂ ਹਨ: ਭਾਈ ਕਿਰਪਾਲ ਸਿੰਘ, ਭਾਈ ਹਰਬਖਸ਼ ਸਿੰਘ, ਭਾਈ ਇਕਬਾਲ ਸਿੰਘ, ਭਾਈ ਰਤਨ ਸਿੰਘ, ਭਾਈ ਹਰਭਜਨ ਸਿੰਘ ਅਤੇ ਬੀਬੀ ਸੁਰਜੀਤ ਕੌਰ। ਉਨ੍ਹਾਂ ਦੇ ਸਪੁੱਤਰ ਭਾਈ ਇਕਬਾਲ ਸਿੰਘ ਦੀ ਲੱਤ ਵੀ ਇੱਕ ਗੋਲੀ ਅਤੇ ਬਰਛੇ ਨਾਲ ਜ਼ਖ਼ਮੀ ਹੋ ਗਈ।

# ਸ਼ਹੀਦ ਭਾਈ ਰਘਬੀਰ ਸਿੰਘ ਜੀ ਭੱਗੂਪੁਰ

ਭਾਈ ਕਿਰਪਾਲ ਸਿੰਘ ਜੀ ਸ਼ਾਹਪੁਰ ਅੰਬਾਲਾ ਛਾਉਣੀ

ਸ਼ਹੀਦ ਭਾਈ ਰਘਬੀਰ ਸਿੰਘ ਭੱਗੂਪੁਰ ਦਾ ਜਨਮ ਸਰਦਾਰ ਨਵਾਬ ਸਿੰਘ ਦੇ ਘਰ ਮਿਤੀ 10 ਮਾਰਚ 1949 ਨੂੰ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪੱਟੀ ਨੇੜੇ ਪਿੰਡ ਭੱਗੂਪੁਰ ਵਿਖੇ ਹੋਇਆ। ਉਨ੍ਹਾਂ ਨੇ 15 ਸਾਲ ਦੀ ਉਮਰ ਤੱਕ ਆਪਣੇ ਪਿੰਡ ਵਿੱਚ ਹੀ ਪੜ੍ਹਾਈ ਕੀਤੀ ਅਤੇ ਫਿਰ ਭਾਰਤੀ ਫੌਜ ਦੇ ਬੰਬੇ ਇੰਜ਼ੀਨਿਅਰਿੰਗ ਗਰੁੱਪ ਕਿਰਕੀ, ਪੂਨੇ ਵਿੱਚ ਭਰਤੀ ਹੋ ਗਏ। ਪੰਜ ਸਾਲ ਫੌਜ ਵਿੱਚ ਰਹਿਣ ਤੋਂ ਬਾਅਦ ਉਨ੍ਹਾਂ ਨੇ 1968 ਵਿੱਚ ਫੌਜ ਦੀ ਨੌਕਰੀ ਛੱਡ ਦਿੱਤੀ ਅਤੇ ਪਟਿਆਲਾ ਆ ਕੇ ਰਹਿਣ ਲੱਗੇ।

ਜਦੋਂ ਮੈਂ ਫੌਜ ਵਿੱਚ ਨੌਕਰੀ ਕਰ ਰਿਹਾ ਸਾਂ ਤਾਂ ਮੇਰੀ ਭਾਈ ਸਾਹਿਬ ਨਾਲ ਪਹਿਲੀ ਮੁਲਾਕਾਤ ਉਸ ਸਮੇਂ ਹੋਈ 14 ਦਸੰਬਰ 1966 ਨੂੰ ਕਿਰਨੀ ਪੂਨੇ ਵਿਖੇ ਉਦੋਂ ਹੋਈ, ਜਦੋਂ ਮੇਰੀ ਸਾਗਰ, ਮੱਧ ਪ੍ਰਦੇਸ਼ ਤੋਂ ਬਦਲੀ ਪੂਨੇ ਵਿੱਚ ਟਰੇਨਿੰਗ ਬਟਾਲੀਅਨ ਨੰਬਰ. 1, ਬੰਬੇ ਇੰਜੀਨਿਅਰਿੰਗ ਗਰੁੱਪ ਵਿੱਚ ਹੋਈ। ਮੈਂ ਦਫਤਰ ਵਿੱਚ ਇੱਕ ਕਲਰਕ ਦੇ ਤੌਰ 'ਤੇ ਸੇਵਾਵਾਂ ਨਿਭਾਅ ਰਿਹਾ ਸੀ ਅਤੇ ਭਾਈ ਸਾਹਿਬ ਇੰਜਣ ਫਿਟਰ ਵਜੋਂ ਤਾਇਨਾਤ ਸਨ, ਪਰ ਧਾਰਮਿਕ ਬਿਰਤੀ ਹੋਣ ਕਰਕੇ ਉਨ੍ਹਾਂ ਦੀ ਡਿਊਟੀ ਗੁਰਦੁਆਰਾ ਸਾਹਿਬ ਵਿੱਚ ਸੇਵਾਦਾਰ ਵਜੋਂ ਲੱਗੀ ਹੋਈ ਸੀ। ਉਨ੍ਹਾਂ ਦਿਨਾਂ ਵਿੱਚ ਪੂਨੇ ਵਿੱਚ ਹਫਤਾਵਾਰ ਕੀਰਤਨ ਸਮਾਗਮ ਪ੍ਰੋ. ਬੇਅੰਤ ਸਿੰਘ ਦੀ ਅਗਵਾਈ ਵਿੱਚ ਕੀਤੇ ਜਾ ਰਹੇ ਸਨ ਅਤੇ ਮੈਂ ਭਾਈ ਸਾਹਿਬ ਨੂੰ ਆਪਣੇ ਨਾਲ ਕੀਰਤਨ ਸਮਾਗਮ ਵਿੱਚ ਲੈ ਜਾਂਦਾ।

ਮੈਂ ਕੀਰਤਨ ਸਮਾਗਮ 'ਤੇ ਜਾਣ ਸਮੇਂ ਟੇਪ ਰਿਕਾਰਡ ਆਪਣੇ ਕੋਲ ਰੱਖਦਾ ਅਤੇ ਉਸ ਵਿੱਚ ਭਾਈ ਮਹਿੰਦਰ ਸਿੰਘ ਜੀ, ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਅਤੇ ਹੋਰ ਬੀਬੀਆਂ ਵੱਲੋਂ ਕੀਤਾ ਜਾਂਦਾ ਕੀਰਤਨ ਰਿਕਾਰਡ ਕਰ ਲੈਂਦਾ, ਜਿਸਨੂੰ ਅਸੀਂ ਬਾਅਦ ਵਿੱਚ ਹਰ ਦਿਨ ਸੁਣਦੇ ਰਹਿੰਦੇ। ਭਾਈ ਸਾਹਿਬ ਸਮੇਤ ਹੋਰ ਵੀ ਕਈ ਸਿੰਘ ਕੀਰਤਨ ਸਰਵਣ ਕਰਨ ਆਉਂਦੇ ਅਤੇ ਭਾਈ ਸਾਹਿਬ ਬਾਣੀ ਅਤੇ ਕੀਰਤਨ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਸਨ ਅਤੇ ਕੁਝ ਦਿਨਾਂ ਵਿੱਚ ਹੀ ਉਨ੍ਹਾਂ ਨੇ ਨਿਤਨੇਮ ਦੀਆਂ ਬਾਣੀਆਂ ਕੰਠ ਕਰ ਲਈਆਂ ਅਤੇ ਪੰਜ ਕੱਕਾਰਾਂ ਦੀ ਰਹਿਤ ਰੱਖਣੀ ਸ਼ੁਰੂ ਕਰ ਦਿੱਤੀ।

ਇੱਕ ਦਿਨ ਉਨ੍ਹਾਂ ਨੇ ਮੈਨੂੰ ਕਿਹਾ ਕਿ "ਮੈਂ ਉਨ੍ਹਾਂ ਸਿੰਘਾਂ ਦੇ ਦਰਸ਼ਨ ਕਰਨੇ ਹਨ, ਜਿੰਨ੍ਹਾਂ ਦਾ ਤੁਸੀਂ ਮੈਨੂੰ ਕੀਰਤਨ ਸਰਵਣ ਕਰਵਾਉਂਦੇ ਹੋ ਅਤੇ ਮੈਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਹੈ"। ਮੈਂ ਉਨ੍ਹਾਂ ਨੂੰ ਕਿਹਾ ਕਿ ਉਹ ਵਿਸਾਖੀ ਦੇ ਦਿਹਾੜੇ 'ਤੇ ਲੁਧਿਆਣਾ ਵਿਖੇ ਹੋ ਰਹੇ ਅੰਮ੍ਰਿਤ ਸੰਚਾਰ ਸਮਾਗਮ ਵਿੱਚ ਪੰਜ ਪਿਆਰਿਆਂ ਦੇ ਸਾਹਮਣੇ ਪੇਸ਼ ਹੋਣ ਅਤੇ ਉਨ੍ਹਾਂ 'ਤੇ ਬਖਸ਼ਿਸ਼ ਹੋ ਜਾਵੇਗੀ। ਉਨ੍ਹਾਂ ਨੇ ਮੈਨੂੰ ਕਿਹਾ ਕਿ ਮੈਂ ਵੀ ਛੁੱਟੀ ਲਵਾਂ ਅਤੇ ਉਨ੍ਹਾਂ ਦੇ ਨਾਲ ਜਾਵਾਂ। ਉਸ ਸਮੇਂ ਮੇਰੀ ਪੱਕੀ ਰਿਹਾਇਸ਼ ਲੁਧਿਆਣਾ ਵਿੱਚ ਸੀ।

ਭਾਈ ਸਾਹਿਬ ਨੂੰ ਛੁੱਟੀ ਲੈਣ ਵਿੱਚ ਮੁਸ਼ਕਲ ਆ ਰਹੀ ਸੀ, ਪਰ ਉਨ੍ਹਾਂ ਦ੍ਰਿੜਤਾ ਨਾਲ ਕਿਹਾ ਕਿ ਉਹ ਵਿਸਾਖੀ ਸਮਾਗਮ 'ਤੇ ਲੁਧਿਆਣਾ ਜ਼ਰੂਰ ਜਾਣਗੇ। ਮੈਂ ਦੋ ਮਹੀਨਿਆਂ ਦੀ ਛੁੱਟੀ ਲਈ ਅਤੇ ਅਸੀਂ ਦੋਵੇਂ ਪ੍ਰੋ. ਬੇਅੰਤ ਸਿੰਘ ਕੋਲ ਗਏ। ਉਨ੍ਹਾਂ ਦੇ ਫੌਜੀ ਅਫਸਰਾਂ ਨਾਲ ਚੰਗੇ ਸਬੰਧ ਸਨ। ਉਨ੍ਹਾਂ ਨੇ ਭਾਈ ਰਘਬੀਰ ਸਿੰਘ ਦੇ ਅਫਸਰ ਨੂੰ ਫੋਨ ਕੀਤਾ ਕਿ ਉਨ੍ਹਾਂ ਨੂੰ 10 ਦਿਨ ਦੀ ਛੁੱਟੀ ਦਿੱਤੀ ਜਾਵੇ। ਇੱਕ ਘੰਟੇ ਦੇ ਵਿੱਚ ਉਨ੍ਹਾਂ ਨੂੰ ਛੁੱਟੀ ਮਿਲ ਗਈ ਅਤੇ ਅਸੀਂ ਦੋਵੇਂ 9 ਅਪ੍ਰੈਲ 1967 ਨੂੰ ਉੱਥੋਂ ਰੇਲ ਗੱਡੀ ਰਾਹੀਂ ਚੱਲ ਪਏ ਅਤੇ 11 ਅਪ੍ਰੈਲ ਅੰਮ੍ਰਿਤ ਵੇਲੇ ਲੁਧਿਆਣਾ ਪਹੁੰਚ ਗਏ। ਵਿਸਾਖੀ ਦੇ ਦਿਹਾੜੇ 'ਤੇ ਭਾਈ ਸਾਹਿਬ ਪੰਜ ਪਿਆਰਿਆਂ ਦੇ ਸਨਮੁੱਖ ਹਾਜ਼ਰ ਹੋਏ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੱਖੀ ਰਹਿਤ ਪ੍ਰਪੱਕਤਾ ਨਾਲ ਨਿਭਾਉਣ ਲੱਗੇ।

ਭਾਈ ਸਾਹਿਬ ਆਪਣੇ ਪਿੰਡ ਨਾ ਗਏ ਅਤੇ ਪੂਨੇ ਵਾਪਿਸ ਮੁੜ ਗਏ। ਜਦੋਂ ਮੈਂ ਦੋ ਮਹੀਨਿਆਂ ਦੀ ਛੁੱਟੀ ਤੋਂ

to Professor Beant Singh as he had good connections with the officers. He phoned Bhai Raghbir Singh's officer to ask if he could have permission for 10 days leave. Within an hour his leave was granted and we both left by train on 9 April 1967 and arrived at Ludhiana on 11 April 1967 at Amrit Vela. On the day of Vaisakhi, Bhai Raghbir Singh went before the Panj Pyare and received the gift of Amrit-Naam and became very strict in his Rehat.

Bhai Sahib did not go to his village but returned to Puna. When I returned after my 2 months leave he was very pleased to see me. I also felt blessed by Guru Ji to meet such a beloved of the Guru. Bhai Sahib Ji never slept after 12 o'clock. He would have his Ishnaan and would then continue doing Naam Simran until sunrise. Within a short period of time he memorized Nitnem, Sukhmani Sahib, Asa Di Vaar, Basant Kee Vaar, Sateh Balwandai Kee Vaar, Shabad Hazari Pathshahi 10, Swaya 'Deenan Ki Prithpal', Chopai 'Pranvo Aad', Akal Ostat, Baramaha Maj and Tukari, Solak Mahalla 9, Gujri Kee Vaar Mahalla 5 and many other Banis which he used to recite daily. He used to prepare his food with his own hands, but this was not allowed in the army so he had to stop making his own food. In those days I used to live with my Singhni and I asked him to eat at our house.

Bhai Gurbachan Singh Ji who lived in Puna arranged an Akhand Path at his home from 23 December 1967 to 25 December 1967. With Akal Purkh's Grace Bhai Raghbir Singh listened to the whole Akhand Path cross-legged in one sitting without any food or water. After the Bhog he also listened to 6 hours of Kirtan in the same sitting. He did not seem to feel any tiredness. He also used to do Kirtan for many hours by memory and was a very competent Akhand Paathi.

After a little while Bhai Sahib wanted to leave the military service and his elder brother Captain Pyara Singh managed to discharge Bhai Sahib and told him to take over the farming work in their village because there was nobody else around to do the work. Bhai Sahib replied that he was not returning to his village because the environment there was not right and by going home he would loose everything. Professor Beant Singh and I decided to send him to the Sura Printing Press in Patiala because a vacancy had arisen for a compositor.

Bhai Sahib started work at the Sura Printing Press at 60 Rupees a month where he always made his own food, and afterwards he moved to work for the Parkash Printing Press. Bhai Sahib had always been very interested in studying, he would study, prepare his own food, do his Nitnem daily and work all day at the press. He found all this difficult, so he left his job and concentrated on his Naam Simran and studies from 1968 -1973. At this time Gurmat Parchar was being carried out in the area. Bhai Raghbir Singh and Bhai Fauja Singh would carry out the Sewa of the Panj Pyare during the Amrit Sinchar Smagams.

Bhai Sahib spent a lot of time with Bhai Manohar Singh Ji of the Red Cross and Bhai Surjeet Singh Ji in Patiala. He also spent some time with me in Ludhiana doing his studies, which included Matric, Gianni and B.A.

During the Smagams, Bhai Sahib would do Sewa of the Langar with great enthusiam. On 1 November 1973 he was appointed as a clerk at Patiala University and from 1 February 1975 he joined Punjab and Sind Bank in Sunam in the district of Sangrur and he continued to be employed there up until his Shaheedi. He was very close to me and

ਬਾਅਦ ਵਾਪਿਸ ਗਿਆ ਤਾਂ ਉਹ ਮੈਨੂੰ ਮਿਲ ਨੇ ਬਹੁਤ ਖੁਸ਼ ਹੋਏ। ਅਜਿਹੇ ਗੁਰੂ ਦੇ ਪਿਆਰੇ ਨਾਲ ਮਿਲਾਪ ਨੂੰ ਮੈਂ ਵੀ ਗੁਰੂ ਸਾਹਿਬ ਦੀ ਬਖਸ਼ਿਸ਼ ਸਮਝਿਆ। ਭਾਈ ਸਾਹਿਬ ਜੀ ਕਦੇ ਵੀ ਰਾਤ 12 ਵਜੇ ਤੋਂ ਬਾਅਦ ਸੁੱਤੇ ਨਹੀਂ ਸਨ। ਉਹ ਉੱਠ ਕੇ ਇਸ਼ਨਾਨ ਕਰਦੇ ਅਤੇ ਸੂਰਜ ਚੜ੍ਹਨ ਤੱਕ ਨਾਮ ਅਭਿਆਸ ਵਿੱਚ ਲੀਨ ਰਹਿੰਦੇ।

ਕੁਝ ਹੀ ਸਮੇਂ ਵਿੱਚ ਉਨ੍ਹਾਂ ਨੇ ਨਿਤਨੇਮ, ਸੁਖਮਨੀ ਸਾਹਿਬ, ਆਸਾ ਦੀ ਵਾਰ, ਬਸੰਤ ਕੀ ਵਾਰ, ਸਤੇ ਬਲਵੰਡੇ ਦੀ ਵਾਰ, ਸ਼ਬਦ ਹਜ਼ਾਰੇ ਪਾਤਿਸ਼ਾਹੀ 10, ਸਵੈਯੇ: ਦੀਨਨ ਕੀ ਪ੍ਰਤਿਪਾਲ, ਚੌਪਈ : ਪ੍ਰਣਵੋ ਆਦਿ, ਅਕਾਲ ਉਸਤਤਿ, ਬਾਰਹਮਾਹੁ ਮਾਝ ਅਤੇ ਤੁਖਾਰੀ, ਸਲੋਕ ਮਹਲਾ 9, ਗੂਜਰੀ ਕੀ ਵਾਰ ਮਹਲਾ 5 ਅਤੇ ਕਈ ਹੋਰ ਬਾਣੀਆਂ ਉਨ੍ਹਾਂ ਕੰਠ ਕਰ ਲਈਆਂ, ਜਿਹਨਾਂ ਦਾ ਉਹ ਰੋਜ਼ਾਨਾ ਪਾਠ ਕਰਦੇ ਸਨ। ਉਨ੍ਹਾਂ ਨੇ ਆਪਣਾ ਪ੍ਰਸ਼ਾਦਾ ਆਪ ਤਿਆਰ ਕਰਨਾ ਸ਼ੁਰੂ ਕੀਤਾ, ਪਰ ਫੌਜ ਵਿੱਚ ਇਸਦੀ ਮਨਜ਼ੂਰੀ ਨਹੀਂ ਸੀ, ਸੋ ਉਨ੍ਹਾਂ ਨੇ ਆਪਣਾ ਪ੍ਰਸ਼ਾਦਾ ਆਪ ਤਿਆਰ ਕਰਨਾ ਛੱਡ ਦਿੱਤਾ। ਇਨ੍ਹਾਂ ਦਿਨਾਂ ਵਿੱਚ ਮੇਰੀ ਸਿੰਘਣੀ ਵੀ ਮੇਰੇ ਨਾਲ ਰਹਿ ਰਹੀ ਸੀ ਅਤੇ ਮੈਂ ਉਨ੍ਹਾਂ ਨੂੰ ਕਿਹਾ ਕਿ ਉਹ ਪ੍ਰਸ਼ਾਦਾ ਮੇਰੇ ਘਰ ਛਕਿਆ ਕਰਨ।

ਪੂਨੇ ਵਿੱਚ ਰਹਿਣ ਵਾਲੇ ਭਾਈ ਗੁਰਬਚਨ ਸਿੰਘ ਨੇ ਉਨ੍ਹਾਂ ਦੇ ਘਰ 23 ਦਸੰਬਰ 1967 ਤੋਂ 25 ਦਸੰਬਰ ਤੱਕ ਅਖੰਡ ਪਾਠ ਪ੍ਰਕਾਸ਼ ਕੀਤਾ ਅਤੇ ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਉਨ੍ਹਾਂ ਨੇ ਸਾਰਾ ਅਖੰਡ ਪਾਠ ਚੌਂਕੜਾ ਮਾਰਿਆਂ ਬਿਨਾਂ ਕੁਝ ਖਾਧੇ-ਪੀਤੇ ਸਰਵਣ ਕੀਤਾ। ਲਗਾਤਾਰ ਅਖੰਡ ਪਾਠ ਸਰਵਣ ਕਰਨ ਕਰਕੇ ਉਨ੍ਹਾਂ ਕੋਈ ਥਕਾਵਟ ਮਹਿਸੂਸ ਨਾ ਕੀਤੀ। ਉਹ ਕਈ ਕਈ ਘੰਟੇ ਜ਼ੁਬਾਨੀ ਕੀਰਤਨ ਕਰਦੇ ਅਤੇ ਉਹ ਇੱਕ ਬਹੁਤ ਵਧੀਆ ਅਖੰਡ ਪਾਠੀ ਸਨ।

ਕੁਝ ਅਰਸੇ ਬਾਅਦ ਜਦੋਂ ਭਾਈ ਸਾਹਿਬ ਨੇ ਫੌਜ ਦੀ ਨੌਕਰੀ ਛੱਡਣ ਦਾ ਮਨ ਬਣਾਇਆ ਤਾਂ ਉਨ੍ਹਾਂ ਦੇ ਭਰਾ ਕੈਪਟਨ ਪਿਆਰਾ ਸਿੰਘ ਨੇ ਉਨ੍ਹਾਂ ਦੀ ਸੇਵਾਮੁਕਤੀ ਦਾ ਪ੍ਰਬੰਧ ਕੀਤਾ ਅਤੇ ਉਨ੍ਹਾਂ ਨੂੰ ਕਿਹਾ ਕਿ ਉਹ ਪਿੰਡ ਜਾ ਕੇ ਖੇਤੀਬਾੜੀ ਦਾ ਕੰਮ ਸੰਭਾਲਣ, ਕਿਉਂਕਿ ਉੱਥੇ ਕੰਮਕਾਰ ਸੰਭਾਲਣ ਵਾਲਾ ਕੋਈ ਨਹੀਂ ਸੀ। ਭਾਈ ਸਾਹਿਬ ਨੇ ਉੱਤਰ ਦਿੱਤਾ ਕਿ ਉਹ ਪਿੰਡ ਨਹੀਂ ਜਾਣਗੇ, ਕਿਉਂਕਿ ਪਿੰਡ ਦੇ ਆਲੇ-ਦੁਆਲੇ ਅਤੇ ਮਾਹੌਲ ਵਿੱਚ ਉਹ ਸਭ ਕੁਝ ਨਸ਼ਟ ਹੋ ਜਾਵੇਗਾ ਜੋ ਹੁਣ ਤੱਕ ਦੀ ਸਾਧਨਾ ਨਾਲ ਉਨ੍ਹਾਂ ਨੂੰ ਮਿਲਿਆ ਹੈ। ਮੈਂ ਅਤੇ ਪ੍ਰੋ. ਬੇਅੰਤ ਸਿੰਘ ਨੇ ਉਨ੍ਹਾਂ ਨੂੰ ਸੂਰਾ ਪ੍ਰਿੰਟਿੰਗ ਪ੍ਰੈੱਸ ਪਟਿਆਲਾ ਭੇਜਣ ਦਾ ਫੈਸਲਾ ਕੀਤਾ, ਜਿੱਥੇ ਇੱਕ ਅਸਾਮੀ ਖਾਲੀ ਸੀ।

ਭਾਈ ਸਾਹਿਬ ਨੇ ਸੂਰਾ ਪ੍ਰਿੰਟਿੰਗ ਪ੍ਰੈੱਸ ਵਿੱਚ 60 ਰੁਪਏ ਮਹੀਨਾ ‘ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ, ਜਿੱਥੇ ਉਹ ਹਮੇਸ਼ਾਂ ਆਪਣੇ ਹੱਥੀਂ ਆਪਣਾ ਭੋਜਨ ਆਪ ਬਣਾਉਂਦੇ। ਇਸ ਤੋਂ ਬਾਅਦ ਉਹ ਪ੍ਰਕਾਸ਼ ਪ੍ਰਿੰਟਿੰਗ ਪ੍ਰੈਸ ਵਿੱਚ ਚਲੇ ਗਏ। ਭਾਈ ਸਾਹਿਬ ਦੀ ਹਮੇਸ਼ਾਂ ਪੜ੍ਹਾਈ ਵਿੱਚ ਰੁਚੀ ਰਹੀ, ਉਹ ਪੜ੍ਹਾਈ ਕਰਦੇ, ਪ੍ਰਸ਼ਾਦਾ ਤਿਆਰ ਕਰਦੇ, ਨਿਤਨੇਮ ਕਰਦੇ ਅਤੇ ਸਾਰਾ ਦਿਨ ਪ੍ਰੈੱਸ ‘ਤੇ ਕੰਮ ਵਿੱਚ ਰੁੱਝੇ ਰਹਿੰਦੇ। ਉਨ੍ਹਾਂ ਨੂੰ ਇਹ ਸਾਰਾ ਕੁਝ ਔਖਾ ਲੱਗਦਾ, ਇਸ ਕਰਕੇ ਉਨ੍ਹਾਂ ਨੇ ਪ੍ਰੈੱਸ ਦਾ ਕੰਮ ਛੱਡ ਦਿੱਤਾ ਅਤੇ 1968 ਤੋਂ 1973 ਤੱਕ ਪੜ੍ਹਾਈ ਅਤੇ ਨਾਮ ਸਿਮਰਨ ਵਿੱਚ ਲੱਗੇ ਰਹੇ। ਇਸ ਸਮੇਂ ਦੌਰਾਨ ਇਸ ਇਲਾਕੇ ਵਿੱਚ ਗੁਰਮਤਿ ਪ੍ਰਚਾਰ ਕੀਤਾ ਜਾ ਰਿਹਾ ਸੀ। ਭਾਈ ਰਘਬੀਰ ਸਿੰਘ ਅਤੇ ਭਾਈ ਫੌਜਾ ਸਿੰਘ ਅੰਮ੍ਰਿਤ ਸੰਚਾਰ ਸਮਾਗਮਾਂ ਦੌਰਾਨ ਪੰਜ ਪਿਆਰਿਆਂ ਦੀ ਸੇਵਾ ਨਿਭਾਉਂਦੇ ਸਨ।



ਭਾਈ ਸਾਹਿਬ ਨੇ ਰੈੱਡ ਕਰਾਸ ਵਾਲੇ ਭਾਈ ਮਨੋਹਰ ਸਿੰਘ ਅਤੇ ਭਾਈ ਸੁਰਜੀਤ ਸਿੰਘ ਨਾਲ ਕਾਫੀ ਸਮਾਂ ਪਟਿਆਲਾ ਵਿੱਚ ਬਿਤਾਇਆ। ਉਨ੍ਹਾਂ ਨੇ ਮੈਟ੍ਰਿਕ, ਗਿਆਨੀ ਅਤੇ ਬੀਏ ਦੀ ਪੜ੍ਹਾਈ ਦੌਰਾਨ ਕੁਝ ਸਮਾਂ ਮੇਰੇ ਕੋਲ ਲੁਧਿਆਣਾ ਵੀ ਬਿਤਾਇਆ।

ਸਮਾਗਮਾਂ ਦੌਰਾਨ ਭਾਈ ਸਾਹਿਬ ਲੰਗਰ ਵਿੱਚ ਬੜੇ ਉਤਸ਼ਾਹ ਨਾਲ ਸੇਵਾ ਕਰਦੇ। 1 ਨਵੰਬਰ 1973 ਨੂੰ ਉਨ੍ਹਾਂ

treated me like his own father.

Bhai Sahib always spoke very sweetly and was a very sociable person. At Amrit Vela he would do Naam Abyass for many hours and it would sound as if many Singh were sitting together. Many people were influenced by his Jeevan and became Gursikhs. Bhai Sahib always used to share his earnings with others. After the Bhog of the Paath following his Shaheedi, one Gursikh remembered him by saying that a Gursikh should share one-tenth of his earnings with others, but Bhai Sahib used to live on one-tenth of his earnings and spend the rest on religious causes.

His Anand Karaj took place on 18/10/75 to Bibi Hardev Kaur daughter of Captain Sardar Ram Singh (retired), from the village of Batala in Karputhla. This Anand Karaj was also unique in that he himself, his father and four other Gursikhs were present and there were no musicians or any milni. Bibi Ji was also very strict in her Rehat and Bhai Sahib became even more influenced into Gursikh with Bibi ji's sangat and started wearing the Gurmukhi Bana. Bhai Raghbir Singh lived in Sunam for 3 and a 1/4 years and due to his efforts Rainsbhai Kirtans were held there every year.

Bhai Sahib travelled from Sunam to be present at the Akhand Kirtani Jatha Vaisakhi Smagam. When Bhai Sahib heard what the Nakali Nirankaris were doing on the birthday of the Khalsa and bearing in mind the Guru's Hukam of 'Gur Ki Ninda Suneh Na Kaan' Bhai Sahib went forward barefooted to face the bullets, sticks and swords. Bhai Sahib received bullets to his chest, had blows to his skull and his bones were broken by sticks, but just like Bhai Avtar Singh Ji, he obtained Shaheedi in Chardi Kala.

Jio Jal Meh Aey Katana
Thi Jothi Sang Jot Smana
(Sukhmani Sahib, Mahalla 5, Panna 278)

He leaves behind him his young Singhni, his 2 children, one whose age is 1 and 1/2 years and the other only 5 months. Bibi Ji is employed by Punjab and Sind Bank.

# Shaheed Bhai Kewal Singh Ji, Hoshiarpur

(By Bhai Harminder Singh Ji, Hoshiarpur)

Bhai Kirpal Singh was born on 9th March 1953 in the area of Premgarh in Hoshiarpur. His father's name was Sardar Amar Singh and his mother's name was Satia Kaur. He spent the first 5 to 7 years of his childhood in Hoshiarpur and in 1960 moved to Calcutta with his father. His father ran a transport company in Calcutta, which was doing quite well. Here, he was put into school but he only passed four classes. His family tried to persuade him to continue studying but he was more interested in working. So in 1966 he went to Kishan Ganj (Bihar) to train in motor electrics, where trained for a year and then returned to Calcutta.

As well as working he also became interested in reading Gurbani and in 1971-72 he received Amrit at an Akhand Kirtani Jatha Smagam. After completing his training he did not find a job but just did domestic work. One day he became seriously ill, he was

ਦੀ ਨਿਯੁਕਤੀ ਪਟਿਆਲਾ ਯੂਨੀਵਰਸਿਟੀ ਵਿੱਚ ਕਲਰਕ ਵਜੋਂ ਹੋਈ ਅਤੇ 1 ਫਰਵਰੀ 1975 ਉਨ੍ਹਾਂ ਦੀ ਨਿਯੁਕਤੀ ਸੁਨਾਮ, ਜ਼ਿਲ੍ਹਾ ਸੰਗਰੂਰ ਵਿੱਚ ਪੰਜਾਬ ਅਤੇ ਸਿੰਧ ਬੈਂਕ ਵਿੱਚ ਹੋ ਗਈ ਅਤੇ ਉਹ ਸ਼ਹੀਦੀ ਤੱਕ ਉਥੇ ਰਹੇ। ਉਨ੍ਹਾਂ ਦੇ ਮੇਰੇ ਨਾਲ ਬੜੇ ਗੂੜ੍ਹੇ ਸਬੰਧ ਸਨ ਅਤੇ ਉਹ ਮੈਨੂੰ ਆਪਣੇ ਪਿਤਾ ਵਾਂਗ ਸਮਝਦੇ ਸਨ।

ਭਾਈ ਸਾਹਿਬ ਬੜਾ ਮਿੱਠਾ ਬੋਲਦੇ ਅਤੇ ਬੜੇ ਮਿਲਣਸਾਰ ਸਨ। ਉਹ ਅੰਮ੍ਰਿਤ ਵੇਲੇ ਕਈ ਘੰਟੇ ਨਾਮ ਅਭਿਆਸ ਕਰਦੇ ਅਤੇ ਇਸ ਤਰ੍ਹਾਂ ਲੱਗਦਾ ਕਿ ਜਿਵੇਂ ਬਹੁਤ ਸਾਰੇ ਸਿੰਘ ਇਕੱਠੇ ਬੈਠ ਕੇ ਸਿਮਰਨ ਕਰ ਰਹੇ ਹੋਣ। ਬਹੁਤ ਸਾਰੇ ਹੋਰ ਲੋਕ ਉਨ੍ਹਾਂ ਦੇ ਜੀਵਨ ਤੋਂ ਪ੍ਰਭਾਵਿਤ ਹੋਏ ਅਤੇ ਗੁਰਸਿੱਖ ਬਣ ਗਏ। ਭਾਈ ਸਾਹਿਬ ਹਮੇਸ਼ਾ ਹੀ ਆਪਣੀ ਕਿਰਤ ਕਮਾਈ ਵਿੱਚੋਂ ਲੋੜਵੰਦਾਂ ਦੀ ਸਹਾਇਤਾ ਕਰਦੇ। ਉਨ੍ਹਾਂ ਦੀ ਸ਼ਹੀਦੀ ਸਮਾਗਮ (ਅੰਤਿਮ ਅਰਦਾਸ) ਮੌਕੇ ਇੱਕ ਗੁਰਸਿੱਖ ਨੇ ਉਨ੍ਹਾਂ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਹਮੇਸ਼ਾਂ ਕਹਿੰਦੇ ਸਨ ਕਿ "ਸਿੱਖ ਨੂੰ ਦਸਵੰਧ ਦੀ ਮਾਇਆ ਨਾਲ ਲੋੜਵੰਦਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ, ਪਰ ਭਾਈ ਸਾਹਿਬ ਦਸਵਾਂ ਹਿੱਸਾ ਆਪ ਰੱਖਦੇ 'ਤੇ ਬਾਕੀ ਧਾਰਮਿਕ ਕਾਰਜ਼ਾਂ 'ਤੇ ਖਰਚ ਕਰ ਦਿੰਦੇ"।

ਉਨ੍ਹਾਂ ਦਾ ਅਨੰਦ ਕਾਰਜ ਕੈਪਟਨ ਸਰਦਾਰ ਰਾਮ ਸਿੰਘ ਦੀ ਧੀ ਬੀਬੀ ਹਰਦੇਵ ਕੌਰ ਨਾਲ ਮਿਤੀ 18 ਨਵੰਬਰ 1975 ਨੂੰ ਬਟਾਲਾ ਜਿਲ੍ਹਾ ਕਪੂਰਥਲਾ ਵਿਖੇ ਹੋਇਆ। ਇਹ ਅਨੰਦ ਕਾਰਜ ਇਸ ਪੱਖੋਂ ਵੀ ਵਿਲੱਖਣ ਸੀ ਕਿ ਇਸ ਭਾਈ ਸਾਹਿਬ, ਉਨ੍ਹਾਂ ਦੇ ਪਿਤਾ ਤੋਂ ਇਲਾਵਾ ਚਾਰ ਹੋਰ ਗੁਰਸਿੱਖ ਸ਼ਾਮਲ ਹੋਏ ਅਤੇ ਅਨੰਦ ਕਾਰਜ ਬਿਨਾਂ ਕਿਸੇ ਵਾਜੇ-ਗਾਜੇ ਅਤੇ ਮਿਲਣੀ ਰਹਿਤ ਸਾਦੇ ਢੰਗ ਨਾਲ ਹੋਇਆ। ਬੀਬੀ ਜੀ ਵੀ ਸਿੱਖੀ ਰਹਿਤ ਵਿੱਚ ਪੂਰੀ ਤਰ੍ਹਾਂ ਪ੍ਰਪੱਕ ਸਨ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਜੀਵਨ ਦਾ ਭਾਈ ਸਾਹਿਬ ਉੱਤੇ ਹੋਰ ਜ਼ਿਆਦਾ ਅਸਰ ਹੋਇਆ ਉਨ੍ਹਾਂ ਗੁਰਮੁੱਖੀ ਬਾਣਾ ਪਾਉਣਾ ਸ਼ੁਰੂ ਕਰ ਦਿੱਤਾ। ਭਾਈ ਸਾਹਿਬ ਸੁਨਾਮ ਸਵਾ 3 ਸਾਲ ਰਹੇ ਅਤੇ ਉਨ੍ਹਾਂ ਦੇ ਯਤਨਾਂ ਸਦਕਾ ਇੱਥੇ ਹਰ ਸਾਲ ਰੈਣ ਸਬਾਈ ਕੀਰਤਨ ਕੀਤਾ ਜਾਂਦਾ।

ਭਾਈ ਸਾਹਿਬ ਸੁਨਾਮ ਤੋਂ ਅਖੰਡ ਕੀਰਤਨੀ ਜੱਥੇ ਦੇ ਵਿਸਾਖੀ ਸਮਾਗਮ ਵਿੱਚ ਹਿੱਸਾ ਲੈਣ ਲਈ ਅੰਮ੍ਰਿਤਸਰ ਪਹੁੰਚੇ। ਜਦੋਂ ਭਾਈ ਸਾਹਿਬ ਨੇ ਸੁਣਿਆ ਕਿ ਨਕਲੀ ਨਿਰੰਕਾਰੀ ਖਾਲਸੇ ਦੇ ਜਨਮ ਦਿਹਾੜੇ 'ਤੇ ਸਮਾਗਮ ਕਰ ਰਹੇ ਹਨ ਤਾਂ ਭਾਈ ਸਾਹਿਬ "ਗੁਰ ਕੀ ਨਿੰਦਾ ਸੁਨੈ ਨਾ ਕਾਨ" ਦੀਆਂ ਪੰਕਤੀਆਂ ਧਿਆਨ ਵਿੱਚ ਲਿਆਉਂਦੇ ਹੋਏ ਨੰਗੇ ਪੈਰੀਂ ਨਿਰੰਕਾਰੀਆਂ ਦੀਆਂ ਗੋਲੀਆਂ, ਤਲਵਾਰਾਂ ਅਤੇ ਡਾਂਗਾਂ ਦਾ ਸਾਹਮਣਾ ਕੀਤਾ। ਭਾਈ ਸਾਹਿਬ ਦੀ ਛਾਤੀ ਵਿੱਚ ਗੋਲੀ ਵੱਜੀ, ਉਨ੍ਹਾਂ ਦੀ ਖੋਪਰੀ ਉੱਡ ਗਈ ਅਤੇ ਉਨ੍ਹਾਂ ਦੀਆਂ ਹੱਡੀਆਂ ਡਾਂਗਾਂ ਨਾਲ ਟੁੱਟ ਗਈਆਂ, ਪਰ ਉਨ੍ਹਾਂ ਨੇ ਭਾਈ ਅਵਤਾਰ ਸਿੰਘ ਦੀ ਤਰ੍ਹਾਂ ਚੜ੍ਹਦੀ ਕਲਾ ਨਾਲ ਸ਼ਹੀਦੀ ਪ੍ਰਾਪਤ ਕੀਤੀ।

ਜਿਉ ਜਲ ਮਹਿ ਜਲੁ ਆਏ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥
(ਸੁਖਮਨੀ ਸਾਹਿਬ, ਮਹਲਾ ੫, ਅੰਗ ੨੭੮)

ਉਹ ਆਪਣੇ ਪਿੱਛੇ ਆਪਣੀ ਸਿੰਘਣੀ ਅਤੇ ਦੋ ਬੱਚੇ ਜਿਹਨਾਂ ਵਿੱਚ ਇੱਕ ਦੀ ਉਮਰ ਡੇਢ ਸਾਲ ਅਤੇ ਦੂਜੇ ਦੀ ਮਹਿਜ਼ ਪੰਜ ਮਹੀਨੇ ਸੀ, ਛੱਡ ਗਏ। ਬੀਬੀ ਜੀ ਪੰਜਾਬ ਅਤੇ ਸਿੰਧ ਬੈਂਕ ਵਿੱਚ ਨੌਕਰੀ ਕਦੇ ਸਨ।

## ਸ਼ਹੀਦ ਭਾਈ ਕੇਵਲ ਸਿੰਘ ਜੀ ਹੁਸ਼ਿਆਰਪੁਰ

ਭਾਈ ਹਰਮਿੰਦਰ ਸਿੰਘ ਜੀ ਹੁਸ਼ਿਆਰਪੁਰ

ਭਾਈ ਕੇਵਲ ਸਿੰਘ ਦਾ ਜਨਮ ਪਰੇਮਗੜ੍ਹ ਹੁਸ਼ਿਆਰਪੁਰ ਪਿਤਾ ਸਰਦਾਰ ਅਮਰ ਸਿੰਘ ਅਤੇ ਮਾਤਾ ਸਤੀਆ ਕੌਰ ਦੇ ਘਰ 9 ਮਾਰਚ 1953 ਨੂੰ ਹੋਇਆ। ਉਹਨਾਂ ਨੇ ਬਚਪਨ ਦੇ ਮੁੱਢਲੇ 5-7 ਸਾਲ ਹੁਸ਼ਿਆਰਪੁਰ ਬਤੀਤ ਕੀਤੇ ਅਤੇ ਫਿਰ 1960 ਵਿੱਚ ਆਪਣੇ ਪਿਤਾ ਜੀ ਨਾਲ ਕਲਕੱਤੇ ਚਲੇ ਗਏ। ਉਨ੍ਹਾਂ ਦੇ ਪਿਤਾ ਜੀ ਦਾ ਕਲਕੱਤੇ ਵਿੱਚ ਟਰੱਕਾਂ ਦਾ ਕਾਰੋਬਾਰ ਸੀ ਜੋ ਕਿ ਵਧੀਆ ਚੱਲ ਰਿਹਾ ਸੀ। ਉਨ੍ਹਾਂ ਨੂੰ ਉੱਥੇ ਪੜ੍ਹਨੇ ਪਾਇਆ ਗਿਆ ਅਤੇ ਉਹ ਉੱਥੇ ਚਾਰ ਜਮਾਤਾਂ ਹੀ ਪੜ੍ਹੇ। ਉਨ੍ਹਾਂ ਦੇ ਪਰਿਵਾਰ ਨੇ ਬੜਾ ਜ਼ੋਰ ਲਾਇਆ ਕਿ ਉਹ ਪੜ੍ਹਾਈ ਕਰਨ, ਪਰ ਉਨ੍ਹਾਂ ਦੀ ਰੁਚੀ ਕੰਮ ਕਰਨ ਵਿੱਚ ਹੀ ਸੀ। ਉਹ 1966 ਵਿੱਚ ਕਿਸ਼ਨ ਗੰਜ ਬਿਹਾਰ ਵਿੱਚ ਬਿਜਲੀ ਦੀਆਂ ਮੋਟਰਾਂ ਦਾ ਕੰਮ ਸਿੱਖਣ ਚਲੇ ਗਏ, ਜਿੱਥੇ ਉਨ੍ਹਾਂ ਇੱਕ ਸਾਲ ਤੱਕ ਕੰਮ ਸਿੱਖਿਆ ਅਤੇ ਫਿਰ ਵਾਪਿਸ ਕਲਕੱਤਾ ਆ ਗਏ।



vomiting blood and remained unconscious for 72 hours. He was administered 18 bottles of blood and 7 bottles of glucose and the doctors said there was little hope for him. But Vaheguru has some other Sewa in store for him and protected him with his own hand. Bhai Sahib Jeevan Singh Ji Ragi from Ludhiana (nowadays at Patna Sahib) did Ardas for him and he became well again. He then moved from Calcutta to Hoshiarpur and here he met Gursikh Sangat.

We both decided to learn about Shashtar-Vidya (martial arts) and we used to travel 7 miles everyday to get training. With Satguru's grace we both acquired this skill. Because he had an operation in his stomach due to his illness and his hair on his stomach had been cut, he again received Amrit in 1973 on Guru Nanak Dev Ji's Gurpurb Smagam in Jullunder. He knew the 5 Nitnem Banis by memory and also did Asa Di Vaar and Sukhmani Sahib daily as well as some other Banis.

One day he became ill again at his home in Hoshiarpur and he started getting bad pains in his stomach. His mother said that she would call a doctor but he told his younger sister to start reading Sukhmani Sahib instead. He listened to the Gurbani for 2 or 3 hours and then fell asleep, and in the morning he awoke feeling completely well again. This is an example of his love and faith in Gurbani.

At his father's request, he went to Calcutta again to do some domestic work. He also spent a lot of his time reading Gurbani and living amongst other Gursikhs. According to God's Will he again became very ill and started vomiting blood. His body became very weak and there was not much chance of him surviving. Bhai Kewal told me later, that when he was in this state he saw death standing in front of him and he prayed to Guru Ji ' Sache Patshah Jeo, I know I am going to die one day, but do not give me this kind of death. This is the death of cats and dogs. Let me become a Shaheed in the battlefield so that I may get Mukhti from life and death. May my body be used for doing Sewa for you.' He did this Ardas for a long time and Satguru Ji heard his Ardas and he then became well again.

He was very interested in Shashtar-Vidya and Shashtars. For example if he came across any Shashtar the he liked he would buy it no matter what the price and would read the following Dohira.

As kirpan Khando karg, tupak tabar ar theer,
Saif sarohi sethi yehe hamarai peer
Theer tuhi sethi tuhi, tuhi tabar tarwar
Naam thuharo jo japai, pheo sind pav paar
Kaal tuhi kaali tuhi, tuhi teg ur teer,
Tuhi nishani jeet ki, aaj tuhi jag beer
(Shahtar Mala, Pathshahi 10)

ਕੰਮ ਦੇ ਨਾਲ ਨਾਲ ਗੁਰਬਾਣੀ ਦਾ ਪਾਠ ਕਰਨ ਵਿੱਚ ਵੀ ਉਨ੍ਹਾਂ ਦੀ ਰੁਚੀ ਸੀ ਅਤੇ 1971-72 ਵਿੱਚ ਉਨ੍ਹਾਂ ਨੇ ਅਖੰਡ ਕੀਰਤਨੀ ਜੱਥੇ ਦੇ ਇੱਕ ਸਮਾਗਮ ਵਿੱਚ ਅੰਮ੍ਰਿਤ ਛੱਕ ਲਿਆ। ਕੰਮ ਸਿੱਖ ਲੈਣ ਤੋਂ ਬਾਅਦ ਉਨ੍ਹਾਂ ਨੇ ਕੋਈ ਨੌਕਰੀ ਵਗੈਰਾ ਨਾ ਲੱਭੀ ਅਤੇ ਘਰ ਦਾ ਕੰਮ ਹੀ ਕਰਨ ਲੱਗੇ।

ਇੱਕ ਦਿਨ ਉਹ ਸਖਤ ਬਿਮਾਰ ਹੋ ਗਏ, ਖੂਨ ਦੀਆਂ ਉਲਟੀਆਂ ਆਉਣ ਨਾਲ ਉਹ 72 ਘੰਟੇ ਬੇਹੋਸ਼ ਰਹੇ। ਉਨ੍ਹਾਂ ਨੂੰ 18 ਬੋਤਲਾਂ ਖੂਨ ਅਤੇ ਸੱਤ ਬੋਤਲਾਂ ਗੁਲੂਕੋਜ਼ ਦੀਆਂ ਦਿੱਤੀਆਂ ਗਈਆਂ ਅਤੇ ਡਾਕਟਰਾਂ ਨੇ ਕਿਹਾ ਕਿ ਉਨ੍ਹਾਂ ਦੇ ਬਚਣ ਦੀ ਉਮੀਦ ਬਹੁਤ ਘੱਟ ਹੈ। ਪਰ ਵਾਹਿਗੁਰੂ ਨੇ ਉਨ੍ਹਾਂ ਤੋਂ ਅਜੇ ਹੋਰ ਸੇਵਾ ਲੈਣੀ ਸੀ, ਇਸ ਕਰਕੇ ਉਨ੍ਹਾਂ ਆਪਣਾ ਹੱਥ ਦੇ ਕੇ ਉਨ੍ਹਾਂ ਨੂੰ ਬਚਾਇਆ। ਭਾਈ ਸਾਹਿਬ ਜੀਵਨ ਸਿੰਘ ਰਾਗੀ (ਲੁਧਿਆਣਾ) ਨੇ ਉਨ੍ਹਾਂ ਦੀ ਸਿਹਤਯਾਬੀ ਲਈ ਅਰਦਾਸ ਕੀਤੀ ਅਤੇ ਉਹ ਠੀਕ ਹੋ ਗਏ। ਫਿਰ ਉਹ ਕਲਕੱਤਾ ਤੋਂ ਹੁਸ਼ਿਆਰਪੁਰ ਆ ਗਏ ਅਤੇ ਗੁਰਸਿੱਖਾਂ ਦੀ ਸੰਗਤ ਕੀਤੀ।

ਇੱਕ ਦਿਨ ਉਹ ਹੁਸ਼ਿਆਰਪੁਰ ਘਰ ਵਿੱਚ ਫਿਰ ਬਿਮਾਰ ਹੋ ਗਏ ਅਤੇ ਉਨ੍ਹਾਂ ਦੇ ਢਿੱਡ ਵਿੱਚ ਬਹੁਤ ਪੀੜ ਹੋਣ ਲੱਗੀ। ਉਨ੍ਹਾਂ ਦੀ ਮਾਤਾ ਨੇ ਉਨ੍ਹਾਂ ਦੀ ਭੈਣ ਨੂੰ ਡਾਕਟਰ ਲਿਆਉਣ ਨੂੰ ਕਿਹਾ, ਪਰ ਉਨ੍ਹਾਂ ਨੇ ਆਪਣੀ ਭੈਣ ਨੂੰ ਡਾਕਟਰ ਲਿਆਉਣ ਦੀ ਬਜਾਏ ਸੁਖਮਨੀ ਸਾਹਿਬ ਦਾ ਪਾਠ ਕਰਨ ਨੂੰ ਕਿਹਾ। ਉਨ੍ਹਾਂ ਨੇ ਦੋ ਜਾਂ ਤਿੰਨ ਘੰਟੇ ਗੁਰਬਾਣੀ ਦਾ ਪਾਠ ਸਰਵਣ ਕੀਤਾ ਅਤੇ ਉਨ੍ਹਾਂ ਨੂੰ ਨੀਂਦ ਆ ਗਈ। ਸਵੇਰੇ ਜਦੋਂ ਉਹ ਉੱਠੇ ਤਾਂ ਉਹ ਪੂਰੀ ਤਰਾਂ ਠੀਕ ਸਨ। ਇਹ ਉਨ੍ਹਾਂ ਦੇ ਗੁਰਬਾਣੀ ਪ੍ਰਤੀ ਸ਼ਰਧਾ ਅਤੇ ਪਿਆਰ ਦੀ ਮਿਸਾਲ ਹੈ।

ਉਹ ਆਪਣੇ ਪਿਤਾ ਜੀ ਦੇ ਕਹਿਣ 'ਤੇ ਘਰੇਲੂ ਕੰਮ-ਕਾਰ ਵਾਸਤੇ ਦੁਬਾਰਾ ਕਲਕੱਤੇ ਚਲੇ ਗਏ। ਉਹ ਕਾਫੀ ਸਮਾਂ ਗੁਰਬਾਣੀ ਪੜ੍ਹਨ ਅਤੇ ਗੁਰਸਿੱਖਾਂ ਦੀ ਸੰਗਤ ਵਿੱਚ ਬਿਤਾਉਂਦੇ। ਪ੍ਰਮਾਤਮਾਂ ਦੀ ਕਰਨੀ ਕਿ ਉਹ ਇੱਕ ਵਾਰ ਫਿਰ ਸਖਤ ਬਿਮਾਰ ਹੋ ਗਏ ਅਤੇ ਖੂਨ ਦੀਆਂ ਉਲਟੀਆਂ ਕਰਨ ਲੱਗੇ। ਉਨ੍ਹਾਂ ਦਾ ਸ਼ਰੀਰ ਬਹੁਤ ਕਮਜ਼ੋਰ ਹੋ ਗਿਆ ਅਤੇ ਉਨ੍ਹਾਂ ਦੇ ਬਚਨ ਦੀ ਕੋਈ ਉਮੀਦ ਨਾ ਰਹੀ।

ਭਾਈ ਕੇਵਲ ਸਿੰਘ ਨੇ ਮੈਨੂੰ ਬਾਅਦ ਵਿੱਚ ਦੱਸਿਆ ਕਿ ਜਦੋਂ ਉਹ ਬਿਮਾਰ ਸਨ ਤਾਂ ਉਨ੍ਹਾਂ ਨੇ ਮੌਤ ਸਾਹਮਣੇ ਖੜ੍ਹੀ ਵੇਖੀ ਅਤੇ ਗੁਰੂ ਜੀ ਅੱਗੇ ਅਰਦਾਸ ਕੀਤੀ "ਸੱਚੇ ਪਾਤਸ਼ਾਹ ਜੀਉ, ਮੈਂ ਜਾਣਦਾ ਹਾਂ ਕਿ ਮੈਂ ਇੱਕ ਦਿਨ ਮਰ ਜਾਣਾ ਹੈ, ਪਰ ਮੈਨੂੰ ਇਸ ਤਰ੍ਹਾਂ ਦੀ ਮੌਤ ਨਾ ਦਿਓ। ਇਸ ਤਰ੍ਹਾਂ ਦੀ ਮੌਤ ਤਾਂ ਕੁੱਤਿਆਂ ਅਤੇ ਬਿੱਲੀਆਂ ਦੀ ਹੁੰਦੀ ਹੈ। ਮੈਨੂੰ ਜੰਗ-ਏ-ਮੈਦਾਨ ਵਿੱਚ ਸ਼ਹੀਦੀ ਦੀ ਦਾਤ ਬਖਸ਼ੋ ਤਾਂ ਜੋ ਮੈਂ ਜੀਵਨ-ਮਰਨ ਤੋਂ ਮੁਕਤ ਹੋ ਜਾਵਾਂ। ਮੇਰਾ ਸਰੀਰ ਆਪ ਜੀ ਦੀ ਸੇਵਾ ਵਿੱਚ ਲੱਗ ਸਕੇ"। ਇਹ ਅਰਦਾਸ ਉਨ੍ਹਾਂ ਨੇ ਲੰਮਾ ਸਮਾਂ ਕੀਤੀ ਅਤੇ ਸਤਿਗੁਰੂ ਜੀ ਨੇ ਉਨ੍ਹਾਂ ਦੀ ਅਰਦਾਸ ਸੁਣ ਲਈ ਅਤੇ ਉਹ ਦੁਬਾਰਾ ਠੀਕ ਹੋ ਗਏ।

ਉਨ੍ਹਾਂ ਦੀ ਸ਼ਾਸਤਰ ਅਤੇ ਸ਼ਸਤਰ ਵਿੱਦਿਆ ਵਿੱਚ ਬਹੁਤ ਰੁਚੀ ਸੀ। ਉਨ੍ਹਾਂ ਨੂੰ ਜੋ ਕੋਈ ਵੀ ਸ਼ਸਤਰ ਪਸੰਦ ਆਇਆ, ਉਨ੍ਹਾਂ ਨੇ ਖਰੀਦ ਲਿਆ ਭਾਵੇਂ ਉਹ ਕਿੰਨਾ ਵੀ ਮਹਿੰਗਾ ਕਿਉਂ ਨਾ ਹੋਵੇ। ਉਹ ਇਹ ਦੋਹਰਾ ਪੜਦੇ:

ਅਸ ਕਿਰਪਾਨ ਖੰਡੋ ਖੜਗ, ਤੁਪਕ ਤਬਰ ਅਰੁ ਤੀਰ॥
ਸੈਫ ਸਰੋਹੀ ਸੈਹਥੀ, ਯਹੈ ਹਮਾਰੈ ਪੀਰ॥
ਤੀਰ ਤੁਹੀ ਸੈਥੀ ਤੁਹੀ, ਤੁਹੀ ਤਬਰ ਤਲਵਾਰ॥
ਨਾਮ ਤਿਹਾਰੋ ਜੋ ਜਪੈ, ਭਏ ਸਿੰਧ ਭਵ ਪਾਰ॥
ਕਾਲ ਤੁਹੀ, ਕਾਲੀ ਤੁਹੀ, ਤੁਹੀ ਤੇਗ ਅਰੁ ਤੀਰ॥
ਤੁਹੀ ਨਿਸ਼ਾਨੀ ਜੀਤ ਕੀ, ਆਜੁ ਤੁਹੀ ਜਗਬੀਰ॥
(ਸ਼ਸਤਰ ਮਾਲਾ ਪਾਤਸ਼ਾਹੀ ਦਸਵੀਂ)

ਜਿਵੇਂ ਉਨ੍ਹਾਂ ਨੂੰ ਸ਼ਸਤਰਾਂ ਦਾ ਸ਼ੌਂਕ ਸੀ, ਉਸੇ ਤਰ੍ਹਾਂ ਹੀ ਉਹ ਨਾਮ ਬਾਣੀ ਨਾਲ ਪਿਆਰ ਕਰਦੇ ਸਨ। ਜੇ ਕਿਤੇ ਗੁੱਸੇ ਵਿੱਚ ਕਿਸੇ ਨੂੰ ਉਹ ਕੁਝ ਬੋਲ ਦਿੰਦੇ ਤਾਂ ਉਹ ਤੁਰੰਤ ਹੱਥ ਜੋੜ ਕੇ ਮਾਫੀ ਮੰਗਦੇ। ਉਨ੍ਹਾਂ ਦਾ ਗੁਰਸਿੱਖਾਂ ਨਾਲ ਅਥਾਹ ਪਿਆਰ ਸੀ, ਪਰਿਵਾਰ ਨਾਲ ਉਨ੍ਹਾਂ ਦਾ ਬਹੁਤਾ ਮੋਹ ਨਹੀਂ ਸੀ। ਕਈ ਵਾਰ ਉਨ੍ਹਾਂ ਦੇ ਪਰਿਵਾਰਕ ਮੈਂਬਰ ਉਨ੍ਹਾਂ ਨੂੰ ਕਹਿੰਦੇ ਕਿ ਉਹ ਹਰ ਵੇਲੇ ਸਿੰਘਾਂ ਨਾਲ ਹੀ ਬੈਠੇ ਰਹਿੰਦੇ ਹਨ, ਕੋਈ ਘਰ ਦਾ ਕੰਮ-ਕਾਰ ਵੀ ਕਰ ਲਿਆ ਕਰਨ।

ਉਨ੍ਹਾਂ ਦੇ ਪਰਿਵਾਰ ਕੋਲ ਕਾਫੀ ਜਾਇਦਾਦ ਸੀ, ਪਰ ਉਨ੍ਹਾਂ ਦੀ ਪੈਸੇ ਵਿੱਚ ਕੋਈ ਰੁਚੀ ਨਹੀਂ ਸੀ ਅਤੇ ਬੜੀ ਬੇਫਿਕਰੀ ਜ਼ਿੰਦਗੀ ਬਤੀਤ ਕਰਦੇ। ਇੱਕ ਵਾਰ ਮੈਂ ਉਨ੍ਹਾਂ ਨੂੰ ਕਿਹਾ ਕਿ ਉਹ ਕੋਈ ਕੰਮ ਨਹੀਂ ਕਰਦੇ ਅਤੇ ਨਾ ਹੀ ਉਹ ਪਰਿਵਾਰ ਵਾਲਿਆਂ ਦੀ ਹੀ ਕੋਈ ਗੱਲ ਸੁਣਦੇ ਹਨ, ਇਸ ਕਰਕੇ ਉਹ ਤੁਹਾਨੂੰ ਜਾਇਦਾਦ ਵਿੱਚੋਂ ਕੋਈ ਹਿੱਸਾ ਨਹੀਂ ਦੇਣਗੇ। ਉਨਾਂ ਜਵਾਬ ਦਿੱਤਾ ਕਿ ਉਨ੍ਹਾਂ ਨੂੰ ਜਾਇਦਾਦ ਦੀ ਕੋਈ ਜਰੂਰਤ ਨਹੀਂ, ਉਨ੍ਹਾਂ ਨੇ ਇਸਦਾ ਕੀ ਕਰਨਾ। ਉਨ੍ਹਾਂ

Just as he was interested in Shastars, he also had a great love for Naam-Bani. If he did make any remarks to somebody in anger, then he would immediately beg forgiveness with folded hands. He very much loved his fellow Gursikhs, but he was not too attached with his family. Sometimes his family members would ask him why he spends all his time with the Singhs and does no other work. His family owned a large amount of property, but he still lived a very care-free life and was not at all interested in money. Once I said to him that you don't do any work, nor do you listen to any of your family, so they will not give any of their property to you. He replied that he did not need any property - what use would it be to him. He said he wanted to spend all his time with Gursikhs.

In November 1977 he again returned to Hoshiarpur. The Singhs would ask him to do some work, so about 2 months prior to his Shaheedi, he started working in a shop. He promised that he would serve Langar to the Singhs out of his first wages, but he was never able to carry out this Sewa. Afterwards his family carried out his wish and served Langar for the Singhs.

Bhai Sahib also enjoyed playing the tabla and performing Kirtan. Ten minutes before his Shaheedi I saw him in Chardi Kala. Bhai Fauja Singh and Bhai Kewal were together during the peaceful protest. First Bhai Fauja Singh was shot and fell and then Bhai Kewal Singh lay on top of him so that the Nakali Nirankaris could not injure him further. But the Nirankaris then killed Bhai Kewal Singh.

Bhai Sahib has one elder brother Bhai Jagjeet Singh who is a devoted Gursikh and Nitnemi and three sisters who are married. Even though his loss for the family is great, his Kurbani is a great example for future generations.

## Shaheed Bhai Pyara Singh Ji, Bhungruni



Bhai Pyara Singh was born on 2 February 1954 to Sardar Kishan Singh Ji in the village of Bhungruni in Hoshiarpur. His mother's name was Mata Bhago. He had two sisters and two brothers, one sister is married and the other is training to be a nurse in Africa, and one brother joined the army a month earlier.

After passing the 11th class he joined the Air Force on 10 July 1971 and he passed the course with a lot of hard work and motivation. He was a very sociable and sweet talking person, and so was very much liked by his officers.

Bhai Pyara Singh was transferred to Shabooa in Assam and here he met a Gurmukh, Seargent Prithipal Singh Ji which changed his life. He learnt more about Gurmat and started to read Bhai Sahib Bhai Randhir Singh's books on Gurmat. He then quickly took Amrit from the Panj Pyare at an Akhand Kirtani Jatha Smagam. He would wake up at 2am at Amrit Vela, have his Ishnaan and then do two hours of continuous Nam Abyass. Then he would do Nitnem and visit the Gurdwara Sahib.



ਕਿਹਾ ਕਿ ਉਹ ਸਾਰਾ ਵਕਤ ਸਿੰਘਾਂ ਨਾਲ ਹੀ ਰਹਿਣਾ ਚਾਹੁੰਦੇ ਹਨ। ਨਵੰਬਰ 1977 ਨੂੰ ਉਹ ਫਿਰ ਹਸ਼ਿਆਰਪੁਰ ਆ ਗਏ। ਸਿੰਘਾਂ ਨੇ ਉਨ੍ਹਾਂ ਨੂੰ ਕੋਈ ਕੰਮਕਾਰ ਕਰਨ ਨੂੰ ਕਿਹਾ ਅਤੇ ਉਨ੍ਹਾਂ ਨੇ ਆਪਣੀ ਸ਼ਹੀਦੀ ਤੋਂ 2 ਮਹੀਨੇ ਪਹਿਲਾਂ ਇੱਕ ਦੁਕਾਨ ‘ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਨਾਂ ਨੇ ਸਿੰਘਾਂ ਨਾਲ ਵਾਅਦਾ ਕੀਤਾ ਕਿ ਉਹ ਆਪਣੀ ਇਸ ਪਹਿਲੀ ਕਮਾਈ ਵਿੱਚੋਂ ਸਿੰਘਾਂ ਨੂੰ ਪ੍ਰਸ਼ਾਦਾ ਛਕਾਉਣਗੇ, ਪਰ ਇਹ ਸੇਵਾ ਉਹ ਕਦੇ ਨਾ ਨਿਭਾਅ ਸਕੇ।ਬਾਅਦ ਵਿੱਚ ਉਨ੍ਹਾਂ ਦੇ ਪਰਿਵਾਰ ਨੇ ਉਨ੍ਹਾਂ ਦੀ ਇਹ ਇੱਛਾ ਪੂਰੀ ਕਰਦਿਆਂ ਸਿੰਘਾਂ ਨੂੰ ਲੰਗਰ ਛਕਾਇਆ।

ਭਾਈ ਸਾਹਿਬ ਤਬਲੇ ‘ਤੇ ਕੀਰਤਨ ਕਰਕੇ ਬਹੁਤ ਖੁਸ਼ ਹੁੰਦੇ। ਉਨ੍ਹਾਂ ਦੀ ਸ਼ਹੀਦੀ ਤੋਂ 10 ਮਿੰਟ ਪਹਿਲਾਂ ਉਹ ਪੂਰੀ ਚੜ੍ਹਦੀ ਕਲਾ ਵਿੱਚ ਮੈਂ ਵੇਖੇ। ਸ਼ਾਂਤਮਈ ਰੋਸ ਮੁਜ਼ਾਹਰੇ ਦੌਰਾਨ ਭਾਈ ਫੌਜਾ ਸਿੰਘ ਅਤੇ ਭਾਈ ਕੇਵਲ ਸਿੰਘ ਦੋਵੇਂ ਇਕੱਠੇ ਸਨ। ਪਹਿਲਾਂ ਭਾਈ ਫੌਜਾ ਸਿੰਘ ਨੂੰ ਗੋਲੀ ਵੱਜੀ ਅਤੇ ਉਹ ਡਿੱਗ ਪਏ, ਭਾਈ ਕੇਵਲ ਸਿੰਘ ਉਨ੍ਹਾਂ ਦੇ ਉਪਰ ਲੰਮੇ ਪੈ ਗਏ ਤਾਂ ਕਿ ਨਕਲੀ ਨਿਰੰਕਾਰੀ ਉਨ੍ਹਾਂ ਨੂੰ ਹੋਰ ਸੱਟਾਂ ਨਾ ਮਾਰ ਜਾਣ। ਪਰ ਨਿਰੰਕਾਰੀਆਂ ਨੇ ਉਨ੍ਹਾਂ ਨੂੰ ਵੀ ਮਾਰ ਦਿੱਤਾ।

ਭਾਈ ਸਾਹਿਬ ਦੇ ਇੱਕ ਵੱਡੇ ਭਰਾ ਭਾਈ ਜਗਜੀਤ ਸਿੰਘ ਸਨ ਜੋ ਕਿ ਸ਼ਰਧਾਵਾਨ ਅਤੇ ਨਿੱਤਨੇਮੀ ਗੁਰਸਿੱਖ ਸਨ। ਉਨ੍ਹਾਂ ਦੀਆਂ ਤਿੰਨ ਭੈਣਾਂ ਸਨ। ਉਨ੍ਹਾਂ ਦਾ ਵਿਛੋੜਾ ਪਰਿਵਾਰ ਲਈ ਇੱਕ ਵੱਡਾ ਘਾਟਾ ਸੀ, ਪਰ ਉਨ੍ਹਾਂ ਦੀ ਸ਼ਹੀਦੀ ਆਉਣ ਵਾਲੀਆਂ ਨਸਲਾਂ ਲਈ ਮਿਸਾਲ ਹੈ।

# ਸ਼ਹੀਦ ਭਾਈ ਪਿਆਰਾ ਸਿੰਘ ਭੂੰਗਰਨੀ

ਭਾਈ ਪਿਆਰਾ ਸਿੰਘ ਜੀ ਦਾ ਜਨਮ ਮਿਤੀ 2 ਫਰਵਰੀ 1954 ਨੂੰ ਸਰਦਾਰ ਕਿਸ਼ਨ ਸਿੰਘ ਜੀ ਅਤੇ ਮਾਤਾ ਭਾਗੋ ਦੇ ਘਰ ਪਿੰਡ ਭੂੰਗਰਨੀ ਜਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਉਨ੍ਹਾਂ ਦੀਆਂ ਦੋ ਭੈਣਾਂ ਅਤੇ ਦੋ ਭਰਾ ਸਨ। ਇੱਕ ਭੈਣ ਵਿਆਹੀ ਹੋਈ ਸੀ ਅਤੇ ਦੂਜੀ ਅਫਰੀਕਾ ਵਿੱਚ ਨਰਸ ਦੀ ਸਿਖਲਾਈ ਲੈ ਰਹੀ ਸੀ। ਇੱਕ ਭਰਾ ਇੱਕ ਮਹੀਨਾ ਪਹਿਲਾਂ ਹੀ ਫੌਜ ਵਿੱਚ ਭਰਤੀ ਹੋਏ ਸਨ।

ਗਿਆਰਵੀਂ ਜਮਾਤ ਪਾਸ ਕਰਨ ਤੋਂ ਬਾਅਦ ਉਹ ਭਾਰਤੀ ਹਵਾਈ ਫੌਜ ਵਿੱਚ 10 ਜੁਲਾਈ 1971 ਨੂੰ ਭਰਤੀ ਹੋ ਗਏ ਅਤੇ ਉਨ੍ਹਾਂ ਨੇ ਬੜੀ ਮਿਹਨਤ ਅਤੇ ਲਗਨ ਨਾਲ ਕੋਰਸ ਪਾਸ ਕੀਤਾ। ਉਹ ਬੜੇ ਮਿਲਣਸਾਰ ਅਤੇ ਮਿੱਠ ਬੋਲੜੇ ਸੁਭਾਅ ਦੇ ਮਾਲਕ ਸਨ। ਉਨ੍ਹਾਂ ਦੇ ਅਫਸਰ ਉਨ੍ਹਾਂ ਨੂੰ ਬਹੁਤ ਪਸੰਦ ਕਰਦੇ ਸਨ।

ਭਾਈ ਪਿਆਰਾ ਸਿੰਘ ਦੀ ਬਦਲੀ ਸ਼ਾਬੂਆ (ਅਸਾਮ) ਵਿੱਚ ਹੋ ਗਈ, ਜਿੱਥੇ ਉਨ੍ਹਾਂ ਦੀ ਮੁਲਾਕਾਤ ਗੁਰਮੁੱਖ ਸੀਰਤ ਦੇ ਮਾਲਕ ਸਾਰਜੈਂਟ ਪ੍ਰਿਥੀਪਾਲ ਸਿੰਘ ਜੀ ਨਾਲ ਹੋਈ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਬਦਲ ਗਈ। ਉਨ੍ਹਾਂ ਨੇ ਗੁਰਮਤਿ ਬਾਰੇ ਬਹੁਤ ਕੁਝ ਸਿੱਖਿਆ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀਆਂ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੇ ਛੇਤੀ ਹੀ ਆਖੰਡ ਕੀਰਤਨੀ ਜੱਥੇ ਦੇ ਸਮਾਗਮ ਵਿੱਚ ਪੰਜ ਪਿਆਰਿਆਂ ਕੋਲੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ। ਉਹ ਰਾਤ ਦੇ 2 ਵਜੇ ਉੱਠਦੇ ਅਤੇ ਇਸ਼ਨਾਨ ਕਰਕੇ ਦੋ ਘੰਟੇ ਨਾਮ ਅਭਿਆਸ ਕਰਨ ਤੋਂ ਬਾਅਦ ਫਿਰ ਨਿਤਨੇਮ ਕਰਕੇ ਗੁਰਦੁਆਰਾ ਸਾਹਿਬ ਚਲੇ ਜਾਂਦੇ।

ਸ਼ਾਬੂਆ ਵਿੱਚ ਉਨ੍ਹਾਂ ਨੂੰ ਯੂਨਿਟ ਦੇ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਦੀ ਸੇਵਾ ਦਿੱਤੀ ਗਈ, ਜਿੱਥੇ ਉਹ ਸੁਖਮਨੀ ਸਾਹਿਬ ਅਤੇ ਆਸਾ ਦੀ ਵਾਰ ਦੀ ਬਾਣੀ ਦਾ ਪਾਠ ਕਰਦੇ। ਬਹੁਤ ਥੋੜ੍ਹੇ ਸਮੇਂ ਵਿੱਚ ਉਨ੍ਹਾਂ ਨੇ ਬਹੁਤ ਸਾਰੀ ਗੁਰਬਾਣੀ ਕੰਠ ਕਰ ਲਈ ਅਤੇ ਉਹ ਹਮੇਸ਼ਾਂ ਗੁਰਬਾਣੀ ਦਾ ਪਾਠ ਕਰਦੇ ਰਹਿੰਦੇ। ਉਨ੍ਹਾਂ ਨੂੰ ਕੀਰਤਨ ਕਰਕੇ ਅਥਾਹ ਅਨੰਦ ਪ੍ਰਾਪਤ ਹੁੰਦਾ, ਉਨ੍ਹਾਂ ਨੇ ਇੰਨੀ ਬਾਣੀ ਕੰਠ ਕਰ ਲਈ ਕਿ ਉਹ ਬਿਨਾਂ ਥੱਕਿਆਂ ਸਾਰੀ ਸਾਰੀ ਰਾਤ ਕੀਰਤਨ ਕਰਦੇ ਰਹਿੰਦੇ।

ਫਿਰ ਉਨ੍ਹਾਂ ਦੀ ਬਦਲੀ ਸ਼ਾਬੂਆ ਤੋਂ ਹੈਦਰਾਬਾਦ ਹੋ ਗਈ ਅਤੇ ਉੱਥੋਂ ਉਹ ਮਦਰਾਸ ਟਰੇਨਿੰਗ ‘ਤੇ ਚਲੇ ਗਏ। ਹੈਦਰਾਬਾਦ ਦੀ ਯੂਨਿਟ ਦੇ ਉਨ੍ਹਾਂ ਦੇ ਇੱਕ ਸਾਥੀ ਨੇ ਉਨ੍ਹਾਂ ਬਾਰੇ ਇਸ ਤਰ੍ਹਾਂ ਲਿਖਿਆ ਹੈ:

ਮੈਂ ਉਨ੍ਹਾਂ ਨੂੰ ਪਹਿਲੀਵਾਰ ਉਦੋਂ ਮਿਲਿਆ ਜਦੋਂ ਉਹ ਮਦਰਾਸ ਵਿੱਚ ਟਰੇਨਿੰਗ ਲਈ ਆਏ ਸਨ। ਮੇਰੀ ਹਵਾਈ ਫੌਜ ਦੀ

In Shabooa he was given the Sewa of looking after Gurdwara Sahib by the unit and here he used to recite Sukhmani Sahib and Asa Di Vaar. In a short period of time he memorised a lot of Gurbani and could always be found reciting Naam-Bani. He would tell others not to talk too much and instead recite Naam-Bani. He also enjoyed doing Kirtan and he memorised so much Bani that he would do Kirtan all night by memory without becoming tired.

Bhai Sahib was then transferred from Shabooa to Hyderabad and went from there to Madras for training. A colleague of his at the Hyderabad unit wrote the following about him -:

I met him for the first time when he came from training in Madras. In my 15 to 16 years in the Air Force this is the first person I have seen here wearing a Kurtha Pjama and a Kirpan on top. On the 14th April we read in the papers that there had been a massacre in Amritsar on Vaisakhi, and we were wondering if Bhai Pyara Singh Ji was amonst the killed or injured because he used to often go to these Smagams. This turned out to be true. On the 18th April we received a telegram from his father informing us that Pyara Singh had passed away on the 13th April. There was nothing else in the telegram. We understood this to mean that he had become Shaheed at Amritsar and an Akhand Path was started for him. At the Bhog, Sangat from far away came. He was a Gursikh of many qualities and shared these with others. He started many people reading Gurbani and taught many people Kirtan, while he would tell others to read Sukhmani Sahib.

He had a very gentle manner and would very humbly refer to elders and Bibian as Bhen Ji, Baba Ji or Bhai Sahib and would also refer to young children as Bhen Ji or Bhai Sahib. He also taught many children Punjabi, and all the children are asking 'when will our Pyara uncle be coming back'. They would call him Pyara Uncle Singh instead of Uncle Pyara Singh. With the efforts of Bhai Pyara Singh many Rainsbhai Kirtans took place in Hyderabad. Bhai Sahib would go to units 25 to 30 miles away to listen to Kirtan Rainsbhais and would sit cross-legged for the whole night without getting up.

Bhai Sahib was also an accomplished Kirtani but he enjoyed listening to Kirtan more than performing Kirtan himself. He had a very loud and sweet voice and would always do Kirtan with his eyes closed in a very emotional manner. When going to or returning from the Gurdwara he would never allow anyone to speak a word. He would either recite a Shabad or read some Bani and would advise his fellow Gursikhs to do the same.

If there was an Akhand Paath starting anywhere he would go there and continuously listen to and read the Bani for 3 days. In the unit here he got everybody to start reading Gurbani and would do lectures on the sin of meat and alcohol which resulted in many people stopping both.

About his Bebek Rehat, his collegue from the Hyderabad unit writes – at first he used to eat or drink from other Sikh's houses. Then he became stricter in his Rehat and would only eat from food made by Amritdharis, and later he became a Sarblohi (eating food in iron utensils). In the Army mess we were able to get free food, but he would spend his own money to buy food and make his own Langar. Because his Bebek Rehat was very difficult he was happy to get married. Whenever his mother and father would find a suitable match for him he would not be happy with their choice. He would reply that the girl should be

15-16 ਸਾਲ ਦੀ ਨੌਕਰੀ ਵਿੱਚ ਮੈਂ ਪਹਿਲੀ ਵਾਰ ਕਿਸੇ ਨੂੰ ਕੁੜਤਾ-ਪਜ਼ਾਮਾ ਅਤੇ ਉਤੋਂ ਦੀ ਗਾਤਰਾ ਪਾਈ ਵੇਖਿਆ। 14 ਅਪ੍ਰੈਲ ਨੂੰ ਅਸੀਂ ਵਿਸਾਖੀ ਦੇ ਦਿਹਾੜੇ 'ਤੇ ਅੰਮ੍ਰਿਤਸਰ ਵਿੱਚ ਹੋਏ ਕਤਲੇਆਮ ਅਖਬਾਰਾਂ ਵਿੱਚ ਪੜ੍ਹਿਆ। ਅਸੀਂ ਡਰੇ ਹੋਏ ਸਾਂ ਕਿ ਭਾਈ ਪਿਆਰਾ ਸਿੰਘ ਮਰ ਚੁੱਕੇ ਜਾਂ ਜ਼ਖਮੀ ਬੰਦਿਆਂ ਵਿੱਚ ਜਰੂਰ ਹੋਣਗੇ ਕਿਉਂਕਿ ਉਹ ਅਕਸਰ ਹੀ ਇਨ੍ਹਾਂ ਸਮਾਗਮਾਂ ਵਿੱਚ ਜਾਂਦੇ ਸਨ। ਇਹ ਡਰ ਸੱਚਾ ਸਾਬਤ ਹੋਇਆ। ਉਨ੍ਹਾਂ ਦੇ ਪਿਤਾ ਵੱਲੋਂ ਭੇਜਿਆ ਤਾਰ ਸਾਨੂੰ 18 ਅਪ੍ਰੈਲ ਨੂੰ ਮਿਲਿਆ, ਜਿਸ ਤੋਂ ਪਤਾ ਲੱਗਿਆ ਕਿ ਭਾਈ ਪਿਆਰਾ ਸਿੰਘ 13 ਮਾਰਚ ਨੂੰ ਇਸ ਸੰਸਾਰ ਤੋਂ ਵਿਦਾ ਹੋ ਗਏ ਸਨ। ਇਸ ਤੋਂ ਇਲਾਵਾ ਤਾਰ ਵਿੱਚ ਹੋਰ ਕੁਝ ਨਹੀਂ ਸੀ ਲਿਖਿਆ। ਅਸੀਂ ਸਮਝ ਗਏ ਕਿ ਉਹ ਅੰਮ੍ਰਿਤਸਰ ਵਿੱਚ ਸ਼ਹੀਦ ਹੋ ਗਏ ਹਨ ਅਤੇ ਉਨ੍ਹਾਂ ਦੀ ਯਾਦ ਵਿੱਚ ਆਖੰਡ ਪਾਠ ਆਰੰਭ ਕਰ ਦਿੱਤਾ। ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ 'ਤੇ ਦੂਰੋਂ ਨੇੜਿਓਂ ਸੰਗਤਾਂ ਨੇ ਹਾਜ਼ਰੀ ਭਰੀ। ਉਹ ਬਹੁਗੁਣੀ ਗੁਰਸਿੱਖ ਸਨ ਅਤੇ ਹੋਰਾਂ ਵਿੱਚ ਵੀ ਗੁਰਮਤਿ ਦੀ ਖੁਸ਼ਬੋ ਵੰਡਦੇ ਸਨ। ਉਨ੍ਹਾਂ ਨੇ ਬੜੇ ਲੋਕਾਂ ਨੂੰ ਗੁਰਬਾਣੀ ਦਾ ਪਾਠ ਅਤੇ ਕੀਰਤਨ ਕਰਨਾ ਸਿਖਾਇਆ ਅਤੇ ਉਹ ਅਕਸਰ ਹੀ ਸੰਗਤਾਂ ਨੂੰ ਸੁਖਮਨੀ ਸਾਹਿਬ ਦਾ ਪਾਠ ਕਰਨ ਦੀ ਪ੍ਰੇਰਨਾ ਦਿੰਦੇ।

ਉਨ੍ਹਾਂ ਦੀ ਗੱਲਬਾਤ ਦਾ ਤਰੀਕਾ ਬੜਾ ਸਾਊ ਸੀ ਅਤੇ ਬੜੀ ਨਿਮਰਤਾ ਨਾਲ ਵੱਡਿਆਂ ਦਾ, ਬੀਬੀਆਂ ਨੂੰ ਭੈਣ ਜੀ, ਬਾਬਾ ਜੀ ਅਤੇ ਭਾਈ ਸਾਹਿਬ ਕਹਿ ਕੇ ਸਤਿਕਾਰ ਕਰਦੇ ਅਤੇ ਆਪ ਤੋਂ ਛੋਟਿਆਂ ਨੂੰ ਵੀ ਭੈਣ ਜੀ ਅਤੇ ਭਾਈ ਸਾਹਿਬ ਕਹਿ ਕੇ ਸਤਿਕਾਰਦੇ।

ਉਨ੍ਹਾਂ ਨੇ ਕਈ ਬੱਚਿਆਂ ਨੂੰ ਪੰਜਾਬੀ ਵੀ ਸਿਖਾਈ ਅਤੇ ਸਾਰੇ ਬੱਚੇ ਕਹਿ ਰਹੇ ਸਨ ਕਿ ਸਾਡੇ ਪਿਆਰੇ ਅੰਕਲ ਕਦੋਂ ਆਉਣਗੇ। ਉਹ ਉਨ੍ਹਾਂ ਨੂੰ ਅੰਕਲ ਪਿਆਰਾ ਸਿੰਘ ਦੀ ਬਜਾਏ ਪਿਆਰਾ ਅੰਕਲ ਸਿੰਘ ਕਹਿ ਕੇ ਬੁਲਾਉਂਦੇ।

ਭਾਈ ਪਿਆਰਾ ਸਿੰਘ ਦੇ ਯਤਨਾਂ ਸਦਕਾ ਹੈਦਰਾਬਾਦ ਵਿੱਚ ਕਈ ਕੀਰਤਨ ਸਮਾਗਮ ਹੋਏ। ਭਾਈ ਸਾਹਿਬ 25 ਤੋਂ 30 ਮੀਲ ਦੂਰ ਦੂਜੀਆਂ ਯੂਨਿਟਾਂ ਵਿੱਚ ਕੀਰਤਨ ਸਰਵਣ ਕਰਨ ਜਾਂਦੇ ਅਤੇ ਰੈਣ ਸਬਾਈ ਕੀਰਤਨ ਸਾਰੀ ਰਾਤ ਚੌਂਕੜਾ ਮਾਰ ਕੇ ਬਿਨਾਂ ਉੱਠਿਆਂ ਸੁਣਦੇ।

ਭਾਈ ਸਾਹਿਬ ਇੱਕ ਪ੍ਰਸਿੱਧ ਕੀਰਤਨੀਏ ਸਨ, ਪਰ ਉਹ ਖੁਦ ਕੀਰਤਨ ਕਰਨ ਦੀ ਬਜਾਏ ਸੁਨਣ ਨੂੰ ਤਰਜ਼ੀਹ ਦਿੰਦੇ। ਉਨ੍ਹਾਂ ਦੀ ਅਵਾਜ਼ ਬੜੀ ਮਿੱਠੀ ਅਤੇ ਉੱਚੀ ਸੀ ਅਤੇ ਉਹ ਹਮੇਸ਼ਾਂ ਹੀ ਅੱਖਾਂ ਬੰਦ ਕਰਕੇ ਬੜੇ ਜਜ਼ਬਾਤੀ ਢੰਗ ਨਾਲ ਕੀਰਤਨ ਕਰਦੇ। ਗੁਰਦੁਆਰਾ ਸਾਹਿਬ ਆਉਣ ਜਾਣ ਵੇਲੇ ਉਹ ਕਿਸੇ ਨੂੰ ਇੱਕ ਗੱਲ ਵੀ ਨਾ ਕਰਨ ਦਿੰਦੇ। ਉਹ ਹਮੇਸ਼ਾਂ ਸ਼ਬਦ ਜਾਂ ਗੁਰਬਾਣੀ ਦਾ ਪਾਠ ਕਰਦੇ ਰਹਿੰਦੇ ਅਤੇ ਨਾਲ ਵਾਲਿਆਂ ਨੂੰ ਵੀ ਅਜਿਹਾ ਕਰਨ ਦੀ ਸਲਾਹ ਦਿੰਦੇ।

ਜੇ ਕਿਤੇ ਕੋਈ ਅਖੰਡ ਪਾਠ ਆਰੰਭ ਹੁੰਦਾ ਤਾਂ ਉਹ ਉੱਥੇ ਜਾਂਦੇ ਅਤੇ ਲਗਾਤਾਰ ਤਿੰਨ ਦਿਨ ਗੁਰਬਾਣੀ ਪੜ੍ਹਦੇ ਅਤੇ ਸੁਣਦੇ ਰਹਿੰਦੇ। ਯੂਨਿਟ ਦੇ ਵਿੱਚ ਉਨ੍ਹਾਂ ਨੇ ਹਰ ਇੱਕ ਨੂੰ ਗੁਰਬਾਣੀ ਪੜ੍ਹਨ ਲਾਇਆ ਅਤੇ ਮਾਸ-ਸ਼ਰਾਬ ਖਾਣ-ਪੀਣ ਤੋਂ ਵਰਜਿਆ।

ਉਨ੍ਹਾਂ ਦੀ ਬਿਬੇਕ ਰਹਿਤ ਬਾਰੇ ਹੈਦਰਾਬਾਦ ਤੋਂ ਉਨ੍ਹਾਂ ਦੇ ਯੂਨਿਟ ਦੇ ਸਾਥੀ ਲਿਖਦੇ ਹਨ ਕਿ ਪਹਿਲਾਂ ਉਹ ਹੋਰ ਸਿੱਖਾਂ ਦੇ ਘਰਾਂ ਵਿੱਚੋਂ ਖਾ-ਪੀ ਲੈਂਦੇ। ਫਿਰ ਉਹ ਰਹਿਤ ਵਿੱਚ ਹੋਰ ਪ੍ਰੱਪਕ ਹੋ ਗਏ ਅਤੇ ਸਿਰਫ ਅੰਮ੍ਰਿਤਧਾਰੀਆਂ ਵੱਲੋਂ ਤਿਆਰ ਕੀਤਾ ਭੋਜਨ ਹੀ ਛੱਕਦੇ। ਪਰ ਬਾਅਦ ਵਿੱਚ ਉਹ ਸਰਬਲੋਹੀ (ਸਰਬ ਲੋਹ ਦੇ ਭਾਂਡਿਆਂ ਵਿੱਚ ਖਾਣਾ) ਹੋ ਗਏ।

ਫੌਜ ਦੇ ਲੰਗਰ ਵਿੱਚ ਸਾਨੂੰ ਮੁਫਤ ਖਾਣਾ ਮਿਲਦਾ ਸੀ ਪਰ ਉਹ ਖਰਚ ਕਰਕੇ ਰਾਸ਼ਨ ਖਰੀਦਦੇ ਅਤੇ ਆਪਣਾ ਭੋਜਨ ਆਪ ਤਿਆਰ ਕਰਦੇ। ਉਨ੍ਹਾਂ ਦੀ ਰਹਿਤ ਬਹੁਤ ਸਖਤ ਸੀ ਅਤੇ ਉਹ ਵਿਆਹ ਕਰਵਾਉਣ ਲਈ ਤਿਆਰ ਸਨ। ਜਦੋਂ ਉਨ੍ਹਾਂ ਦੇ ਮਾਂ-ਪਿਓ ਨੇ ਉਨ੍ਹਾਂ ਵਾਸਤੇ ਰਿਸ਼ਤਾ ਲੱਭਿਆ ਤਾਂ ਉਹ ਉਨ੍ਹਾਂ ਦੀ ਪਸੰਦ ਤੋਂ ਖੁਸ਼ ਨਹੀਂ ਸਨ। ਉਨ੍ਹਾਂ ਨੇ ਕਿਹਾ ਕਿ ਕੁੜੀ ਚੜ੍ਹਦੀ ਕਲਾ ਵਾਲੀ ਅਤੇ ਗੁਰਸਿੱਖੀ ਦੇ ਰਸਤੇ 'ਤੇ ਚੱਲਣ ਵਾਲੀ ਹੋਵੇ। ਓਨ੍ਹਾਂ ਦੇ ਪਰਿਵਾਰ ਦੇ ਜੀਆਂ ਵੱਲੋਂ ਉਨ੍ਹਾਂ 'ਤੇ ਥੋੜ੍ਹਾ ਦਬਾਅ ਪਾਇਆ ਗਿਆ। ਇੱਕ ਦਿਨ ਭਾਈ ਸਾਹਿਬ ਨੇ ਅਰਦਾਸ ਕਰਕੇ ਦੋ ਕਾਗਜ਼ ਲਿਖਕੇ ਗੁਰੂ ਮਹਾਰਾਜ ਦੇ ਸਾਹਮਣੇ ਰੱਖੇ ਕਿ ਉਨ੍ਹਾਂ ਨੂੰ ਵਿਆਹ ਕਰਵਾਉਣਾ ਚਾਹੀਦਾ ਹੈ ਜਾ ਨਹੀਂ। ਮਹਾਰਾਜ ਦਾ ਹੁਕਮ ਨਾਂਹ ਵਿੱਚ ਆਇਆ। ਉਹ ਥੋੜ੍ਹਾ ਨਿਰਾਸ਼ ਹੋ ਗਏ ਅਤੇ ਪਰ ਗੁਰੂ ਮਹਾਰਾਜ ਦਾ ਹੁਕਮ ਮੰਨਦਿਆਂ ਉਨ੍ਹਾਂ ਨੇ ਆਪਣੇ ਮਾਪਿਆਂ ਨੂੰ ਚਿੱਠੀ ਲਿਖ ਕੇ ਕਿਹਾ ਕਿ ਉਹ ਵਿਆਹ ਨਹੀਂ ਕਰਵਾਉਣਗੇ ਅਤੇ ਸਾਰੀ ਜ਼ਿੰਦਗੀ ਪੰਥ ਦੀ ਸੇਵਾ ਕਰਨਗੇ।

ਬਾਅਦ ਵਿੱਚ ਇੱਕ-ਦੋ ਸਿੰਘਾਂ ਨੇ ਉਨ੍ਹਾਂ ਨੂੰ ਵਿਆਹ ਵਾਸਤੇ ਮਨਾਉਂਦਿਆਂ ਇਹ ਕਿਹਾ ਕਿ ਗ੍ਰਹਿਸਤੀ ਜੀਵਨ ਗੁਰਸਿੱਖੀ ਜੀਵਨ ਹੈ। ਉਨ੍ਹਾਂ ਦੇ ਕਹਿਣ 'ਤੇ ਉਹ ਰਾਜ਼ੀ ਹੋ ਗਏ, ਪਰ ਉਨ੍ਹਾਂ ਨੂੰ ਯਾਦ ਦਿਵਾਇਆ ਕਿ ਗੁਰੂ ਮਹਾਰਾਜ ਦਾ ਹੁਕਮ ਨਾਂਹ ਵਿੱਚ ਹੈ। ਸਾਰਿਆਂ ਦੇ ਕਹਿਣ 'ਤੇ ਉਨ੍ਹਾਂ ਮੰਗਣੀ ਕਰਵਾ ਲਈ, ਪਰ ਇਸਦਾ ਮਤਲਬ ਇਹ ਨਹੀਂ ਸੀ ਕਿ ਪ੍ਰਮਾਤਮਾ ਦੀ ਰਜ਼ਾ ਅਨੁਸਾਰ ਉਹ ਵਿਆਹ ਕਰਵਾ ਰਹੇ ਹਨ।

Chardi-Kala, who could follow the same path as him. His family members were putting quite a bit of pressure on him. One day, Bhai Sahib did Ardas and put two pieces of paper in front of Guru Maharaj for him to get married or to stay single. Maharaj's Hukam was 'no'. He was a bit sad, but he agreed with the Hukam and told his parents in writing that he would remain unmarried for the rest of his life and would do Sewa of the Panth.

Later one or two Singhs tried to persuade him that he should lead a married life and that this was the Sikh way of life. He agreed to do as they told him but reminded them that Maharaj's Hukum was 'no'. After listening to everybody he got engaged but he was not meant to get married according to God's will. Whenever he did Ardas he would always ask for his life to serve the purpose he was sent here for. He wanted Shaheedi from his heart and then became a Shaheed.

Colleagues from Bhai Pyara Singh's unit tell us that he would never tell anybody about his inner mystical experiences. In his holidays he would not go to meet his mother and father but to the Akhand Kirtani Jatha's Smagams. He would never let anybody know about contributions he made from his Daswand or if he bought any goods for the Gurdwara Sahib. He was always happy doing Sewa of others and because of Naam he was always filled with humbleness. We felt honoured that we were able to do his Darshan, to hear him read Bani and to listen to his Kirtan and gained many qualities from him.

Editor's note:

Bhai Sahib was a very dear Singh of the Akhand Kirtani Jatha who used to stay hidden in the Sangat. He used to come to the Jatha Smagams with great enthusiasm and remain engrossed in Naam Simran. Nobody who saw him for the first time could say that this beloved of the Guru had so many hidden qualities. He spoke very little at the Kirtan Smagams.

Bhai Pyara Singh had taken two months leave before the Vaisakhi Smagam, but did not go to his village and instead spent a month travelling around various villages with the Kirtani Jatha and from there went to the Vaisakhi Smagam in Amritsar.

He used his Daswand for Gurmat Parchar by subscribing many Gursikhs in his Hyderabad unit and in his village Bhungruni to the monthly religious 'Sura' magazine and sent Gurmat books written by Bhai Sahib Randhir Singh to many Sikhs. Only a few people knew that he was an accomplished Kirtani, he remained hidden in the Kirtan Smagams.

The loss of this loved one had such an effect on his parents that they promised to take Amrit like their son during a Panthic gathering in memory of the Shaheeds at the Akal Takht on 23 April 1978.The Sangat from the village of Bhungruni and the nearby villages also held a large Shaheedi Smagam in memory of the Shaheedi of Bhai Pyara Singh Ji. The historical Gurdwara of Sri Guru Har Rai is built in this area where the Sangat get together. The Shaheedi of Phai Pyara Singh has brought a new awakening for Gursikhi in the area and filled people with fighting spirit. These Shaheeds have given the Panth a new lease of life and just like stars they will remain shining forever.

ਜਦੋਂ ਤੋਂ ਉਨ੍ਹਾਂ ਅਰਦਾਸ ਕੀਤੀ ਉਹ ਹਮੇਸ਼ਾਂ ਆਖਦੇ ਕਿ ਜਿਸ ਕੰਮ ਲਈ ਉਹ ਆਏ ਹਨ, ਉਹ ਉਦੇਸ਼ ਪੂਰਾ ਹੋਵੇ। ਉਹ ਆਪਣੇ ਦਿਲ ਤੋਂ ਸ਼ਹੀਦੀ ਚਾਹੁੰਦੇ ਸਨ ਅਤੇ ਉਹ ਸ਼ਹੀਦ ਬਣ ਗਏ।

ਭਾਈ ਪਿਆਰਾ ਸਿੰਘ ਦੀ ਯੂਨਿਟ ਵਾਲਿਆਂ ਨੇ ਸਾਨੂੰ ਦੱਸਿਆ ਕਿ ਉਨ੍ਹਾਂ ਕਦੇ ਵੀ ਆਪਣੇ ਅੰਦਰਲੇ ਰਹੱਸੀ ਅਨੁਭਵ ਨੂੰ ਕਿਸੇ ਨਾਲ ਸਾਂਝਿਆਂ ਨਹੀਂ ਕੀਤਾ।ਉਹ ਆਪਣੀਆਂ ਛੁੱਟੀਆਂ ਵਿੱਚ ਆਪਣੇ ਮਾਂ-ਪਿਓ ਨੂੰ ਮਿਲਣ ਦੀ ਬਜਾਏ ਅਖੰਡ ਕੀਰਤਨੀ ਜੱਥੇ ਦੇ ਸਮਾਗਮਾਂ ਵਿੱਚ ਜਾਂਦੇ। ਉਹ ਆਪਣੇ ਦਸਵੰਧ ਦੀ ਮਾਇਆ ਨਾਲ ਕੀਤੀ ਸੇਵਾ ਜਾਂ ਗੁਰਦੁਆਰਾ ਸਾਹਿਬ ਲਈ ਲਿਆਦੀਆਂ ਚੀਜ਼ਾਂ ਬਾਰੇ ਕਿਸੇ ਨੂੰ ਕੁਝ ਨਾ ਦੱਸਦੇ। ਉਨ੍ਹਾਂ ਨੂੰ ਦੂਜਿਆਂ ਦੀ ਸੇਵਾ ਕਰਕੇ ਖੁਸ਼ੀ ਹੁੰਦੀ, ਕਿਉਂਕਿ ਨਾਮ ਸਿਮਰਨ ਦੀ ਬਰਕਤ ਨਾਲ ਉਹ ਨਿਮਰਤਾ ਨਾਲ ਭਰੇ ਹੋਏ ਸਨ। ਸਾਨੂੰ ਉਨ੍ਹਾਂ ਦੇ ਦਰਸ਼ਨ ਕਰਕੇ, ਉਨ੍ਹਾਂ ਤੋਂ ਬਾਣੀ, ਕੀਰਤਨ ਸੁਣ ਕੇ ਅਤੇ ਉਨ੍ਹਾਂ ਤੋਂ ਹੋਰ ਬਹੁਤ ਕੁਝ ਸਿੱਖਣ ਕਰਕੇ ਬੜਾ ਅਨੰਦ ਮਿਲਦਾ ।

ਸੰਪਾਦਕੀ ਨੋਟ:

ਭਾਈ ਸਾਹਿਬ ਅਖੰਡ ਕੀਰਤਨੀ ਜੱਥੇ ਦੇ ਬੜੇ ਸਤਿਕਾਰਤ ਸਿੰਘ ਸਨ ਅਤੇ ਉਹ ਸੰਗਤ ਵਿੱਚ ਲੁਕ ਕੇ ਬੈਠਦੇ। ਉਹ ਜੱਥੇ ਦੇ ਸਮਾਗਮਾਂ ਵਿੱਚ ਬੜੇ ਉਤਸ਼ਾਹ ਨਾਲ ਆਉਂਦੇ ਤੇ ਸਿਮਰਨ ਵਿੱਚ ਗੜੁੱਚ ਰਹਿੰਦੇ। ਉਨ੍ਹਾਂ ਨੂੰ ਪਹਿਲੀ ਵਾਰ ਮਿਲਣ ਵਾਲਾ ਕੋਈ ਬੰਦਾ ਇਹ ਨਹੀਂ ਕਹਿ ਸਕਦਾ ਸੀ ਕਿ ਇਸ ਗੁਰੂ ਦੇ ਪਿਆਰੇ ਵਿੱਚ ਇੰਨੇ ਗੁਪਤ ਗੁਣ ਹਨ।

ਗੁਣ: ਕੀਰਤਨ ਸਮਾਗਮਾਂ ‘ਤੇ ਉਹ ਬਹੁਤ ਘੱਟ ਬੋਲਦੇ:

ਭਾਈ ਪਿਆਰਾ ਸਿੰਘ ਨੇ ਵਿਸਾਖੀ ਦਿਹਾੜੇ ਦੇ ਸਮਾਗਮ ਤੋਂ ਪਹਿਲਾਂ ਦੋ ਮਹੀਨੇ ਦੀ ਛੁੱਟੀ ਲੈ ਲਈ ਸੀ। ਪਰ ਉਹ ਪਿੰਡ ਨਹੀਂ ਗਏ ਸਗੋਂ ਕੀਰਤਨੀ ਜੱਥੇ ਨਾਲ ਵੱਖ-ਵੱਖ ਪਿੰਡਾਂ ਵਿੱਚ ਗੁਰਮਤਿ ਪ੍ਰਚਾਰ ਲਈ ਘੁੰਮਦੇ ਰਹੇ ਅਤੇ ਉੱਥੋਂ ਹੀ ਅੰਮ੍ਰਿਤਸਰ ਵਿਸਾਖੀ ਸਮਾਗਮ ‘ਤੇ ਚਲੇ ਗਏ।

ਉਹ ਆਪਣੇ ਦਸਵੰਧ ਦੀ ਮਾਇਆ ਧਰਮ ਪ੍ਰਚਾਰ ਵਾਸਤੇ ਵਰਤਦੇ। ਉਹ ਹੈਦਰਾਬਾਦ ਵਿੱਚ ਆਪਣੀ ਯੂਨਿਟ ਦੇ





ਮੈਂਬਰਾਂ ਨੂੰ ਅਤੇ ਆਪਣੇ ਪਿੰਡ ਵਿੱਚ ਮਹੀਨਾਵਰ ਧਾਰਮਿਕ ਰਸਾਲਾ “ਸੂਰਾ” ਆਪਣੇ ਖਰਚੇ ‘ਤੇ ਭੇਜਦੇ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀਆਂ ਲਿਖੀਆਂ ਕਿਤਾਬਾਂ ਹੋਰ ਸਿੱਖਾਂ ਨੂੰ ਭੇਜਦੇ। ਬਹੁਤ ਥੋੜੇ ਬੰਦਿਆਂ ਨੂੰ ਪਤਾ ਸੀ ਕਿ ਉਹ ਇੱਕ ਨਿਪੁੰਨ ਕੀਰਤਨੀਏ ਹਨ, ਉਹ ਸੰਗਤ ਵਿੱਚ ਹੀ ਘੁਲ ਮਿਲ ਕੇ ਬੈਠਦੇ।

ਉਨ੍ਹਾਂ ਦੇ ਮਾਤਾ ਪਿਤਾ ’ਤੇ ਉਨ੍ਹਾਂ ਦੇ ਪਿਆਰੇ ਪੁੱਤਰ ਦੇ ਵਿਛੋੜੇ ਦਾ ਇੰਨਾ ਅਸਰ ਹੋਇਆ ਕਿ 23 ਅਪ੍ਰੈਲ 1978 ਨੂੰ ਅਕਾਲ ਤਖਤ ਸਾਹਿਬ ’ਤੇ ਹੋਏ ਸ਼ਹੀਦੀ ਸਮਾਗਮ ਦੌਰਾਨ ਉਨ੍ਹਾਂ ਨੇ ਅੰਮ੍ਰਿਤ ਛਕਣ ਦਾ ਪ੍ਰਣ ਕਰ ਲਿਆ। ਉਨ੍ਹਾਂ ਦੇ ਪਿੰਡ ਭੁੰਗਰੁਨੀ ਅਤੇ ਗਵਾਂਢੀ ਪਿੰਡਾਂ ਦੀਆਂ ਸੰਗਤਾਂ ਨੇ ਉਨ੍ਹਾਂ ਦੀ ਯਾਦ ਵਿੱਚ ਵੱਡਾ ਸ਼ਹੀਦੀ ਸਮਾਗਮ ਕੀਤਾ। ਇਤਿਹਾਸਕ ਗੁਰਦੁਆਰਾ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ ਵਿਖੇ ਸੰਗਤਾਂ ਸ਼ਹੀਦੀ ਸਮਾਗਮ ਮਨਾਉਣ ਲਈ ਇਕੱਤਰ ਹੋਈਆਂ। ਭਾਈ ਪਿਆਰਾ ਸਿੰਘ ਦੀ ਸ਼ਹੀਦੀ ਨੇ ਇਲਾਕੇ ਦੀ ਸੰਗਤ ਦੇ ਮਨਾਂ ਵਿੱਚ ਇੱਕ ਨਵੀਂ ਜੁਝਾਰੂ ਚੇਤਨਾ ਪੈਦਾ ਕੀਤੀ। ਸਿੱਖ ਗਗਨ ਮੰਡਲ ਵਿੱਚ ਧਰੂ ਤਾਰੇ ਵਾਂਗੂ ਚਮਕਦੇ ਇਨ੍ਹਾਂ ਸ਼ਹੀਦਾਂ ਨੇ ਸਿੱਖ ਕੌਮ ਨੂੰ ਇੱਕ ਨਵੀਂ ਜ਼ਿੰਦਗੀ ਦਿੱਤੀ।

# Shaheed Giani Hari Singh Ji, Amritsar
(by Jasbir Singh s/o Shaheed Bhai Hari Singh)



Giani Hari Singh was born in the village of Jandawale, Tehsil Kharian, in Gujrat on 17 June 1923, the day on which Kaar Sewa of the Amritsar Sarowar started. His mother's name was Mata Bhag Kaur and his father's name was Giani Gurcharan Singh who ran his own business in Amritsar. His secondary education was in Guru Ramdas Khalsa High School in Amritsar and he took Amrit at the young age of 11.

His father, Giani Gurcharan Singh was a very devoted Gursikh and would travel around with Baba Prem Singh Marabewale to do Parchar of Gurbani and took part in the Sewa of the five during Amrit Sinchars. Bhai Sahib learnt to read Gurbani from his father during childhood. Apart from his Nitnem he would daily recite Sukhmani Sahib and Shabads from the 10th Guru's Bani which he had memorised. He would always recite God's Name, even while working.

His father took part in the Guru Keh Baag and Punjabi Suba Morchas and spent two and a half years in Borstal jail. After seeing his father doing this Kurbani for Panthic causes he also served 7 months before being released during the 1955 and 1960 Punjabi Suba Morchas. He always told his family members to work honestly and accumulate the true of wealth of Naam and was a highly spiritual Nam Abyassi Gursikh. He faced many difficulties in his life but never wavered from his Sikhi faith. Whenever he heard news about any Kirtan Smagam he would always try to go there. He was very sweet-talking and never had anything bad to say about anyone and respected elders and youngsters the same. He was always happy to do the Darshan of Gursikhs and to do their Sewa.

Bhai Sahib went to listen to Kirtan at the Akhand Kirtani Jatha's yearly Vaisakhi Smagam on Vaisakhi 13th April 1978 in Ajit Naggar, Amritsar. Here news was received about the Nakali Nirankaris shouting slogans against the Sri Guru Granth Sahib Ji and the Singhs decided to do a peaceful protest. They all started walking towards the Nakali Nirankari's gathering including Bhai Sahib and his young son Bhai Nonihal Singh. When the Singhs were about 300 yards from the gathering, the police stopped them. Soon afterwards, they were attacked by the Nakali Nirankaris, who were armed with swords, axes, guns and spears. Many Singhs became Shaheed. Bhai Hari Singh was also among the 13 Shaheed Singhs and his son was badly injured.

Giani Hari Singh's funeral took place on the 15 April 1978 along with the other 12 Shaheed Singhs according to the Gur Maryada on the ground in front of Ramsar Sahib. He was the eldest of his brothers and leaves behind his wife, three sons and one daughter.

During a Panthic gathering at Sri Akal Takht Sahib on 23 April 1978, Bhai Hari Singh's wife was honoured by the Akal Takht and gave a message to the Panth – "My husband has given his life for Guru Ji and my three sons are also ready to give their lives whenever the Panth needs them."

# ਸ਼ਹੀਦ ਗਿਆਨੀ ਹਰੀ ਸਿੰਘ ਜੀ ਅੰਮ੍ਰਿਤਸਰ

ਜਸਬੀਰ ਸਿੰਘ ਪੁੱਤਰ ਸ਼ਹੀਦ ਭਾਈ ਹਰੀ ਸਿੰਘ

ਗਿਆਨੀ ਹਰੀ ਸਿੰਘ ਦਾ ਜਨਮ ਸ਼੍ਰੀ ਦਰਬਾਰ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਦੀ ਆਰੰਭਤਾ ਵਾਲੇ ਦਿਨ 17 ਜੂਨ 1923 ਨੂੰ ਪਿੰਡ ਜੰਡਾ ਵਾਲਾ, ਤਹਿ: ਖਾਰੀਆ, ਗੁਜਰਾਤ ਵਿਖੇ ਹੋਇਆ। ਉਨ੍ਹਾਂ ਦੀ ਮਾਤਾ ਦਾ ਨਾਂ ਭਾਗ ਕੌਰ ਅਤੇ ਪਿਤਾ ਦਾ ਨਾਂ ਗਿਆਨੀ ਗੁਰਬਚਨ ਸਿੰਘ ਸੀ। ਗਿਆਨੀ ਗੁਰਬਚਨ ਸਿੰਘ ਦਾ ਅੰਮ੍ਰਿਤਸਰ ਵਿਖੇ ਆਪਣਾ ਕਾਰੋਬਾਰ ਸੀ।

ਉਨ੍ਹਾਂ ਨੇ ਆਪਣੀ ਵਿੱਦਿਆ ਗੁਰੂ ਰਾਮਦਾਸ ਖਾਲਸਾ ਹਾਈ ਸਕੂਲ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ ਅਤੇ 11 ਸਾਲ ਦੀ ਛੋਟੀ ਉਮਰ ਵਿੱਚ ਹੀ ਅੰਮ੍ਰਿਤਪਾਨ ਕਰ ਲਿਆ। ਉਨ੍ਹਾਂ ਦੇ ਪਿਤਾ ਸ੍ਰ. ਗੁਰਬਚਨ ਸਿੰਘ ਜੀ ਬੜੇ ਸ਼ਰਧਾਵਾਨ ਗੁਰਸਿੱਖ ਸਨ ਅਤੇ ਬਾਬਾ ਪਰੇਮ ਸਿੰਘ ਮੁਰਾਰੇ ਵਾਲਿਆਂ ਨਾਲ ਗੁਰਬਾਣੀ ਦਾ ਪ੍ਰਚਾਰ ਲਈ ਬਾਹਰ ਜਾਂਦੇ ਅਤੇ ਅੰਮ੍ਰਿਤ ਸੰਚਾਰ ਦੌਰਾਨ ਪੰਜ ਪਿਆਰਿਆਂ ਵਿੱਚ ਸੇਵਾ ਨਿਭਾਉਂਦੇ।

ਭਾਈ ਸਾਹਿਬ ਨੇ ਗੁਰਬਾਣੀ ਦੀ ਸੰਥਿਆ ਬਚਪਨ ਵਿੱਚ ਹੀ ਆਪਣੇ ਪਿਤਾ ਭਾਈ ਗੁਰਬਚਨ ਸਿੰਘ ਕੋਲੋਂ ਪ੍ਰਾਪਤ ਕੀਤੀ। ਨਿਤਨੇਮ ਤੋਂ ਇਲਾਵਾ ਉਹ ਹਰ ਰੋਜ਼ ਸੁਖਮਨੀ ਸਾਹਿਬ ਅਤੇ ਦਸ਼ਮੇਸ਼ ਪਿਤਾ ਦੀ ਬਾਣੀ ਜੋ ਉਨ੍ਹਾਂ ਨੂੰ ਕੰਠ ਸੀ, ਦਾ ਪਾਠ ਕਰਦੇ। ਉਹ ਕੰਮ ਕਰਦੇ ਸਮੇਂ ਵੀ ਸਿਮਰਨ ਕਰਦੇ ਰਹਿੰਦੇ।

ਉਨ੍ਹਾਂ ਦੇ ਪਿਤਾ ਗੁਰੂ ਕੇ ਬਾਗ ਅਤੇ ਪੰਜਾਬੀ ਸੂਬਾ ਮੋਰਚੇ ਦੌਰਾਨ ਢਾਈ ਸਾਲ ਜੇਹਲ ਵਿੱਚ ਰਹੇ। ਉਨ੍ਹਾਂ ਆਪਣੇ ਪਿਤਾ ਦੀ ਪੰਥਕ ਹਿੱਤਾਂ ਲਈ ਕੀਤੀ ਕੁਰਬਾਨੀ ਨੂੰ ਵੇਖਦਿਆਂ, ਉਨਾਂ ਦੀ ਰਿਹਾਈ ਤੋਂ ਪਹਿਲਾਂ 7 ਮਹੀਨੇ ਜੇਲ ਪੰਜਾਬੀ ਸੂਬਾ ਮੋਰਚੇ ਵਿੱਚ ਕੱਟੀ। ਉਹ ਹਮੇਸ਼ਾਂ ਆਪਣੇ ਪਰਿਵਾਰ ਦੇ ਜੀਆਂ ਨੂੰ ਇਮਾਨਦਾਰੀ ਨਾਲ ਕੰਮ ਕਰਨ ਨੂੰ ਆਖਦੇ ਅਤੇ ਉੱਚੀ ਸੁਰਤ ਵਾਲੇ ਗੁਰਸਿੱਖਾਂ ਦੀ ਸੰਗਤ ਨਾਲ ਸੱਚਾ ਨਾਮ ਧਨ ਇਕੱਤਰ ਕਰਨ ਲਈ ਪ੍ਰੇਰਦੇ। ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿੱਚ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਪਰ ਉਹ ਸਿੱਖੀ ਮਾਰਗ ‘ਤੇ ਦ੍ਰਿੜ ਰਹੇ। ਜਦੋਂ ਵੀ ਉਨ੍ਹਾਂ ਨੂੰ ਕਿਸੇ ਕੀਰਤਨ ਸਮਾਗਮ ਦਾ ਪਤਾ ਲੱਗਿਆ ਤਾਂ ਉਨ੍ਹਾਂ ਉੱਥੇ ਪਹੁੰਚਣ ਦੀ ਕੋਸ਼ਿਸ਼ ਕੀਤੀ। ਉਹ ਬਹੁਤ ਮਿੱਠ ਬੋਲੜੇ ਸਨ ਅਤੇ ਉਨ੍ਹਾਂ ਕਦੇ ਵੀ ਅਜਿਹਾ ਨਹੀਂ ਬੋਲਿਆ ਜਿਸ ਨਾਲ ਕਿਸੇ ਦਾ ਦਿਲ ਦੁੱਖਦਾ ਹੋਵੇ। ਉਹ ਵੱਡਿਆਂ ਅਤੇ ਛੋਟਿਆਂ ਦੀ ਇੱਕ ਸਮਾਨ ਇੱਜ਼ਤ ਕਰਦੇ। ਉਹ ਹਮੇਸ਼ਾਂ ਗੁਰਸਿੱਖਾਂ ਦੇ ਦਰਸ਼ਨ ਅਤੇ ਸੇਵਾ ਕਰਕੇ ਖੁਸ਼ ਹੁੰਦੇ।

13 ਅਪ੍ਰੈਲ 1978 ਦੀ ਵਿਸਾਖੀ ਵਾਲੇ ਦਿਨ ਹੋਏ ਸਲਾਨਾ ਅਖੰਡ ਕੀਰਤਨ ਸਮਾਗਮ ਵਿੱਚ ਕੀਰਤਨ ਸਰਵਣ ਕਰਨ ਗਏ। ਉਥੇ ਸਮਾਗਮ ਵਿੱਚ ਖਬਰ ਪਹੁੰਚੀ ਕਿ ਨਕਲੀ ਨਿਰੰਕਾਰੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਆਨ-ਸ਼ਾਨ ਖਿਲਾਫ ਨਾਅਰੇ ਮਾਰ ਰਹੇ ਹਨ। ਸਮਾਗਮ ਵਿੱਚ ਇਕੱਤਰ ਸਿੰਘਾਂ ਨੇ ਸ਼ਾਂਤਮਈ ਰੋਸ ਮੁਜ਼ਾਹਰਾ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਨੇ ਆਪਣੇ ਛੋਟੇ ਪੁੱਤਰ ਨੌਨਿਹਾਲ ਸਿੰਘ ਸਮੇਤ ਸਿੰਘਾਂ ਨਾਲ ਨਕਲੀ ਨਿਰੰਕਾਰੀਆਂ ਦੇ ਸਮਾਗਮ ਵੱਲ ਚਾਲੇ ਪਾ ਦਿੱਤੇ। ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ। ਇਸ ਤੋਂ ਬਾਅਦ ਜਲਦੀ ਹੀ ਨਿਰੰਕਾਰੀਆਂ ਨੇ ਬੰਦੂਕਾਂ, ਤਲਵਾਰਾਂ, ਨੇਜਿਆਂ ਅਤੇ ਡਾਗਾਂ ਨਾਲ ਸਿੰਘਾਂ ‘ਤੇ ਹਮਲਾ ਕਰ ਦਿੱਤਾ। ਕਈ ਸਿੰਘ ਸ਼ਹੀਦ ਹੋ ਗਏ। ਸ਼ਹੀਦ ਹੋਏ 13 ਸਿੰਘਾਂ ਵਿੱਚ ਭਾਈ ਹਰੀ ਸਿੰਘ ਵੀ ਸ਼ਾਮਲ ਸਨ ਅਤੇ ਉਨ੍ਹਾਂ ਦਾ ਪੁੱਤਰ ਨੌਨਿਹਾਲ ਸਿੰਘ ਗੰਭੀਰ ਜ਼ਖਮੀ ਹੋ ਗਿਆ ਸੀ। ਉਨ੍ਹਾਂ ਦਾ ਅੰਤਿਮ ਸਸਕਾਰ ਹੋਰ ਸ਼ਹੀਦ ਸਿੰਘਾਂ ਨਾਲ 15 ਅਪ੍ਰੈਲ 1978 ਨੂੰ ਗੁਰ ਮਰਿਆਦਾ ਅਨੁਸਾਰ ਰਾਮਸਰ ਸਾਹਿਬ ਦੇ ਸਾਹਮਣੇ ਮੈਦਾਨ ਵਿੱਚ ਕੀਤਾ ਗਿਆ। ਉਹ ਆਪਣੇ ਭਰਾਵਾਂ ਵਿੱਚੋਂ ਸਭ ਤੋਂ ਵੱਡੇ ਸਨ ਅਤੇ ਆਪਣੇ ਪਿੱਛੇ ਆਪਣੀ ਸਿੰਘਣੀ, ਤਿੰਨ ਪੁੱਤਰ ਅਤੇ ਇੱਕ ਧੀ ਛੱਡ ਗਏ ਸਨ।



ਸ਼੍ਰੀ ਅਕਾਲ ਤਖਤ ਸਾਹਿਬ ‘ਤੇ 23 ਅਪ੍ਰੈਲ 1978 ਨੂੰ ਹੋਏ ਸਨਮਾਨ ਸਮਾਰੋਹ ਦੌਰਾਨ ਉਨ੍ਹਾਂ ਦੀ ਸਿੰਘਣੀ ਨੂੰ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਪੰਥ ਨੂੰ ਦਿੱਤੇ ਆਪਣੇ ਸੁਨੇਹੇ ਵਿੱਚ ਕਿਹਾ ਕਿ ਉਨ੍ਹਾਂ ਦੇ ਪਤੀ ਨੇ ਗੁਰੂ ਜੀ ਲਈ ਆਪਣੀ ਜਾਨ ਦਿੱਤੀ ਹੈ। ਜਦੋਂ ਵੀ ਪੰਥ ਨੂੰ ਲੋੜ ਪਈ, ਉਸਦੇ ਤਿੰਨੇ ਪੁੱਤਰ ਕੁਰਬਾਨੀ ਲਈ ਤਿਆਰ ਹਨ।

# Shaheed Bhai Harbhajan Singh Ji, Bhattian

(by Bhai Baldev Singh Ji B.A, L.L.B.)



Today our brother Harbhajan Singh is not amongst us. His injured dead body was with us for one or two days but how long could we keep it with us, and finally we had to cremate his body with tears of sadness. He has given himself to his Guru and has left behind some unforgettable memories for us. Bhai Harbhajan Singh obtained Shaheedi on 13 April 1978 and was a priceless jewel of the Panth.

He was born on 17 April 1947 in the village of Bhattian in Gurdaspur. His father Sardar Jagat Singh was a very Gurmukh person and has been a Khalsa since 1923-24 to the present. Whenever I speak to him about Harbhajan Singh's Shaheedi, he has an immediate shine in his eyes and tells me in a very cool and calm manner that his son has managed to achieve so much in his 31 years and has managed to get much further than us. He says with great humbleness that he is very proud that his son has given Shaheedi to protect the honour of the Khalsa Panth and against the disrespect shown to Guru Sahib.

Bhai Harbhajan Singh's mother is also an Amritdhari Bibi. On her son's Shaheedi she thanked Akal Purkh, as Guru Sahib's Hukam is:

Jis kee basat this agay rakeh
Prabh ki agay maneh matheh

She did not shed one tear and even tried to stop anybody else who was crying. His mother Harbans Kaur has a very gentle personality and never even speaks loudly to anyone at home. Most of what Harbhajan Singh achieved was due to his Gurmukh mother and father.

Harbhajan Singh leaves behind his wife Joginder Kaur Ji who wears a Keski and three children, Baljinder Singh 11, Kulwant Kaur 8 and baby Balkar Singh 8 months. His wife is living in Chardi Kala according to God's will. Harbhajan Singh has three brothers - Sardar Niranjan Singh who is a teacher in a government school, Sardar Gurmeet Singh who is with the BSF and Sardar Hardev Singh who does farming work. He also has two sisters who are married. He was the only one who was Amritdhari out of his brothers and sisters.

Bhai Harbhajan Singh studied up to the 10th class in the government school of Kahnuwaan. After his matric he began studying for some time in college, but then enrolled to do a course in Agriculture at Ludhiana University. After completing the course he started working as an Inspector in Sri Gobindpur block.

About three years ago he took Amrit with all his family at the Akhand Kirtani Jatha Smagam at Batala on Guru Nanak Dev Ji's Gurpurb. He used to enjoy wearing fashionable

# ਸ਼ਹੀਦ ਭਾਈ ਹਰਭਜਨ ਸਿੰਘ ਜੀ ਭੱਟੀਆਂ

ਭਾਈ ਬਲਦੇਵ ਸਿੰਘ ਜੀ, ਬੀ ਏ, ਐੱਲ ਐੱਲ ਬੀ

ਅੱਜ ਸਾਡੇ ਭਰਾ ਹਰਭਜਨ ਸਿੰਘ ਸਾਡੇ ਵਿਚਕਾਰ ਨਹੀਂ ਹਨ। ਉਨ੍ਹਾਂ ਦਾ ਜ਼ਖਮੀ ਹੋਇਆ ਮ੍ਰਿਤਕ ਸਰੀਰ ਸਾਡੇ ਕੋਲ ਇੱਕ ਜਾਂ ਦੋ ਦਿਨ ਸੀ, ਪਰ ਅਸੀਂ ਇਸਨੂੰ ਆਪਣੇ ਕੋਲ ਕਿੰਨਾ ਚਿਰ ਰੱਖ ਸਕਦੇ ਸਾਂ। ਅਖੀਰ ਅਸੀਂ ਉਦਾਸੀ ਅਤੇ ਹੰਝੂਆਂ ਨਾਲ ਉਨ੍ਹਾਂ ਦੇ ਸਰੀਰ ਦਾ ਅੰਤਿਮ ਸੰਸਕਾਰ ਕਰ ਦਿੱਤਾ। ਉਨ੍ਹਾਂ ਨੇ ਆਪਣਾ ਆਪ ਆਪਣੇ ਗੁਰੂ ਦੇ ਸਪੁਰਦ ਕਰ ਦਿੱਤਾ ਅਤੇ ਆਪਣੇ ਪਿੱਛੇ ਉਹ ਆਪਣੀਆਂ ਕੁਝ ਅਭੁੱਲ ਯਾਦਾਂ ਸਾਡੇ ਲਈ ਛੱਡ ਗਏ। ਸਿੱਖ ਪੰਥ ਦੇ ਅਣਮੋਲ ਹੀਰੇ ਭਾਈ ਹਰਭਜਨ ਸਿੰਘ ਨੇ 13 ਅਪ੍ਰੈਲ 1978 ਨੂੰ ਸ਼ਹੀਦੀ ਪ੍ਰਾਪਤ ਕੀਤੀ।

ਉਨਾਂ ਦਾ ਜਨਮ 17 ਅਪ੍ਰੈਲ 1947 ਨੂੰ ਪਿੰਡ ਭੱਟੀਆਂ ਜਿਲ੍ਹਾ ਗੁਰਦਾਸਪੁਰ ਵਿੱਚ ਹੋਇਆ। ਉਹਨਾਂ ਦੇ ਪਿਤਾ ਸਰਦਾਰ ਜਗਤ ਸਿੰਘ ਇੱਕ ਗੁਰਸਿੱਖ ਵਿਅਕਤੀ ਸੀ ਅਤੇ 1923-24 ਤੋਂ ਖਾਲਸਾ ਸਜ ਗਏ ਸਨ। ਜਦੋਂ ਵੀ ਮੈਂ ਉਨ੍ਹਾਂ ਨਾਲ ਹਰਭਜਨ ਸਿੰਘ ਦੀ ਸ਼ਹੀਦੀ ਬਾਰੇ ਗੱਲ ਕਰਦਾ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਇਕ ਅਜੀਬ ਚਮਕ ਆ ਜਾਂਦੀ ਅਤੇ ਮੈਨੂੰ ਬੜੇ ਸ਼ਾਂਤ ਅਤੇ ਠੰਡੇ ਮਨ ਨਾਲ ਦੱਸਦੇ ਕਿ ਉਨ੍ਹਾਂ ਦੇ ਪੁੱਤਰ ਨੇ 13 ਸਾਲਾਂ ਵਿੱਚ ਉਹ ਕੁਝ ਪ੍ਰਾਪਤ ਕਰ ਲਿਆ ਜੋ ਅਸੀਂ ਪ੍ਰਾਪਤ ਨਹੀਂ ਕਰ ਸਕੇ। ਉਹ ਇਸ ਗੱਲ ਨੂੰ ਬੜੀ ਹੀ ਨਿਮਰਤਾ ਨਾਲ ਦੱਸਦੇ ਕਿ ਖਾਲਸਾ ਪੰਥ ਅਤੇ ਗੁਰੂ ਸਾਹਿਬ ਦੀ ਆਨ ਸ਼ਾਨ ਲਈ ਉਨ੍ਹਾਂ ਦੇ ਪੁੱਤਰ ਨੇ ਸ਼ਹੀਦੀ ਪ੍ਰਾਪਤ ਕੀਤੀ।

ਭਾਈ ਹਰਭਜਨ ਸਿੰਘ ਦੇ ਮਾਤਾ ਜੀ ਵੀ ਅੰਮ੍ਰਿਤਧਾਰੀ ਸਨ ਅਤੇ ਉਨ੍ਹਾਂ ਆਪਣੇ ਪੁੱਤਰ ਦੀ ਸ਼ਹੀਦੀ ਲਈ ਅਕਾਲ ਪੁਰਖ ਦਾ ਧੰਨਵਾਦ ਕੀਤਾ। ਗੁਰੂ ਸਾਹਿਬ ਜੀ ਦਾ ਹੁਕਮ ਹੈ:

ਜਿਸੁ ਕੀ ਬਸਤੁ ਤਿਸੁ ਆਗੈ ਰਾਖੈ॥
ਪ੍ਰਭ ਕੀ ਆਗਿਆ ਮਾਨੈ ਮਾਥੈ॥

ਉਨ੍ਹਾਂ ਨੇ ਇੱਕ ਹੰਝੂ ਵੀ ਨਹੀਂ ਵਗਾਇਆ ਅਤੇ ਇੱਥੋਂ ਤੱਕ ਕਿ ਹੋਰ ਰੋਣ ਵਾਲਿਆਂ ਨੂੰ ਵੀ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ। ਮਾਤਾ ਹਰਬੰਸ ਕੌਰ ਬਹੁਤ ਹੀ ਉੱਚੀ ਸ਼ਖਸ਼ੀਅਤ ਹੈ ਅਤੇ ਘਰ ਵਿੱਚ ਕਦੇ ਵੀ ਕਿਸੇ ਨੂੰ ਉੱਚਾ ਨਹੀਂ ਬੋਲਦੇ ਸਨ। ਭਾਈ ਹਰਭਜਨ ਸਿੰਘ ਨੇ ਜੋ ਵੀ ਪ੍ਰਾਪਤ ਕੀਤਾ ਉਸ ਵਿੱਚ ਜ਼ਿਆਦਾ ਉਹਨਾਂ ਦੀ ਗੁਰਮੁੱਖ ਮਾਤਾ ਅਤੇ ਪਿਤਾ ਸਦਕਾ ਹੀ ਪ੍ਰਾਪਤ ਕੀਤਾ।

ਹਰਭਜਨ ਸਿੰਘ ਆਪਣੇ ਪਿੱਛੇ ਕੇਸਕੀਧਾਰੀ ਸਿੰਘਣੀ ਜੋਗਿੰਦਰ ਕੌਰ ਅਤੇ ਤਿੰਨ ਬੱਚੇ ਬਲਜਿੰਦਰ ਸਿੰਘ (11), ਕੁਲਵੰਤ ਕੌਰ (8) ਅਤੇ 8 ਮਹੀਨਿਆਂ ਦਾ ਛੋਟਾ ਬੱਚਾ ਬਲਕਾਰ ਸਿੰਘ ਛੱਡ ਗਏ। ਉਨ੍ਹਾਂ ਦੀ ਸਿੰਘਣੀ ਪ੍ਰਮਾਤਮਾ ਦੇ ਭਾਣੇ ਨੂੰ ਮੰਨਦਿਆਂ ਚੜ੍ਹਦੀ ਕਲਾ ਵਿੱਚ ਰਹੇ।

ਭਾਈ ਹਰਭਜਨ ਸਿੰਘ ਦੇ ਤਿੰਨ ਭਰਾ ਸਨ: ਸਰਦਾਰ ਨਿਰੰਜਣ ਸਿੰਘ ਸਰਕਾਰੀ ਸਕੂਲ ਵਿੱਚ ਮਾਸਟਰ ਸਨ, ਸਰਦਾਰ ਗੁਰਮੀਤ ਸਿੰਘ ਬੀ ਐੱਸ ਐੱਫ ਵਿੱਚ ਸਨ ਅਤੇ ਸਰਦਾਰ ਹਰਦੇਵ ਸਿੰਘ ਖੇਤੀ ਕਰਦੇ ਸਨ। ਉਨ੍ਹਾਂ ਦੀਆਂ ਦੋ ਭੈਣਾਂ ਸਨ ਜੋ ਵਿਆਹੀਆਂ ਹੋਈਆਂ ਹਨ। ਉਹ ਆਪਣੇ ਸਾਰੇ ਭੈਣਾਂ ਭਰਾਵਾਂ ਵਿੱਚ ਇਕੱਲੇ ਹੀ ਅੰਮ੍ਰਿਤਧਾਰੀ ਸਨ।

ਭਾਈ ਹਰਭਜਨ ਸਿੰਘ ਨੇ ਦਸਵੀਂ ਜਮਾਤ ਤੱਕ ਦੀ ਪੜ੍ਹਾਈ ਕਾਹਨੂੰਵਾਨ ਦੇ ਸਰਕਾਰੀ ਸਕੂਲ ਤੋਂ ਹਾਸਲ ਕੀਤੀ। ਮੈਟ੍ਰਿਕ ਦੀ ਪੜ੍ਹਾਈ ਤੋਂ ਬਾਅਦ ਉਹ ਕੁਝ ਸਮਾਂ ਕਾਲਜ ਗਏ, ਪਰ ਬਾਅਦ ਵਿੱਚ ਉਨ੍ਹਾਂ ਨੂੰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਦਾਖਲਾ ਮਿਲ ਗਿਆ। ਖੇਤੀਬਾੜੀ ਯੂਨੀਵਰਸਿਟੀ ਵਿੱਚੋਂ ਕੋਰਸ ਪੂਰਾ ਕਰਨ ਤੋਂ ਬਾਅਦ ਹਰਿਗੋਬਿੰਦਪੁਰ ਬਲਾਕ ਵਿੱਚ ਉਨ੍ਹਾਂ ਨੂੰ ਖੇਤੀਬਾੜੀ ਇੰਸਪੈਕਟਰ ਦੀ ਨੌਕਰੀ ਮਿਲ ਗਈ।

ਲਗਭਗ ਤਿੰਨ ਸਾਲ ਪਹਿਲਾਂ ਉਨ੍ਹਾਂ ਨੇ ਪਰਿਵਾਰ ਸਮੇਤ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਹੋਏ ਸਮਾਗਮ ਵਿੱਚ ਅਖੰਡ ਕੀਰਤਨੀ ਜੱਥੇ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਉਨ੍ਹਾਂ ਨੂੰ ਫੈਸ਼ਨਦਾਰ ਕੱਪੜੇ ਪਹਿਨਣ ਦਾ ਸ਼ੌਕ ਸੀ। ਅੰਮ੍ਰਿਤ ਛਕਣ ਤੋਂ ਬਾਅਦ ਉਨ੍ਹਾਂ ਗੁਰਮੁੱਖੀ ਬਾਣਾ ਚੋਲਾ ਅਤੇ ਦੁਮਾਲਾ ਸਜਾਉਣਾ ਸ਼ੁਰੂ ਕਰ ਦਿੱਤਾ। ਉਹ ਲਾਲ ਸੁਰਖ ਚੇਹਰੇ ਅਤੇ ਚਮਕਦੀਆਂ ਅੱਖਾਂ ਨਾਲ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹਿੰਦੇ।

ਭਾਈ ਸਾਹਿਬ ਕਿਸੇ ਦੇ ਵੀ ਸਾਹਮਣੇ ਸੱਚ ਬੋਲਣ ਦੀ ਜੁਅਰਤ ਰੱਖਦੇ ਅਤੇ ਜੋ ਗੱਲ ਗੁਰਮਤਿ 'ਤੇ ਖਰੀ ਨਾ ਉਤਰਦੀ, ਉਸਤੇ ਸਹਿਮਤ ਨਾ ਹੁੰਦੇ। ਅੰਮ੍ਰਿਤ ਛਕਣ ਤੋਂ ਬਾਅਦ ਉਹ ਪੂਰਨ ਤੌਰ 'ਤੇ ਬਿਬੇਕੀ ਹੋ ਗਏ ਅਤੇ ਇੱਥੋਂ ਤੱਕ ਕਿ ਉਹ ਅੰਮ੍ਰਿਤਧਾਰੀ ਬੀਬੀ ਦੇ ਹੱਥੋਂ ਚੋਇਆ ਦੁੱਧ ਹੀ ਛੱਕਦੇ। ਇੱਕ ਵਾਰ ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਪਰ ਉਨ੍ਹਾਂ ਨੇ ਡਾਕਟਰਾਂ ਨੂੰ ਆਪਣੇ ਕੇਸਾਂ ਨਾਲ ਛੇੜ ਛਾੜ ਕਰਨ ਦੀ ਆਗਿਆ ਨਾ ਦਿੱਤੀ ਅਤੇ

clothes. A little while after taking Amrit he started wearing the Gurmukhi Bana of a Damala on his head and a blue Chola. He walked around with a red face, a special shine in his eyes and was always in Chardi Kala.

Bhai Sahib had the courage to always speak the truth to somebody's face and would never agree to anything that wasn't based on Gurmat. From the day he took Amrit he was a complete Bebeki, so much so that he only drank milk milked by the hands of an Amritdhari Bibi. He was admitted to hospital for a period of time, but he would not allow the doctors to touch his hair and left his fate in the hands of Akal Purakh. Guru Sahib healed him and made him well again quickly.

Bhai Sahib would get up at Amrit Vela to do Naam Abyass according to Guru Sahib's Hukam. After Naam Abyass Kamai he would recite the Banis of Japji, Jaap, Swaya, Chopai and Anand Sahib. Whenever he had more time he would also do Paath of Asa Di Vaar, Sukhmani Sahib, Shabad Hazarai Pathshahi 10 and Shabad Hazarai Patshahi 5. After Nitnem he would do Darshan of Guru Sahib and then afterwards would have something to eat.

He very much enjoyed doing and listening to Kirtan. He would sit the whole night, singing with the Kirtanees and doing Naam Abyass. He would never sing a Shabad without first learning it by memory. Whenever he met another Singh, it would always be with great humbleness. He would go so far as to hold the other Singh's hand and start kissing it. He would always embrace every other Singh and do Naam Abyass with them and it would seem that they had not seen each other for ages. Whenever he met me, it was always in a very loving manner. Bhai Sahib was also very close to Bhai Gurdial Singh Ladupur Ji, Bhai Joginder Singh Ji Nenokhot, Bhai Bakshish Singh Ji and Bhai Sarbjeet Singh Ji Udonangal. Once he met Bhai Surbjeet Singh who had his beard tied up at the time. Bhai Sahib told him it was not becoming for a Singh to tie up his beard. Bhai Sarbjeet Singh immediately opened his beard and never tied it up again. This is an example of how other Singhs respected him.



Bhai Sahib had great respect for Master Niranjan Singh Ji from Gurdaspur and greatly enjoyed his Kirtan. Whenever he met Master Darshan Singh Ji Basrawa he would run to touch his feet and would never stop no matter how much Master Darshan Singh Ji tried. He had so much love for his fellow Gursikhs.

Bhai Harbhajan Singh Ji gave so much to the Guru-Panth in his young age. According to the Guru's Hukam

'Thun Munn Sabh Sonp Gur Ko Hukam Munia Payai'

he gave everything to his Guru. His Shaheedi has taught us so much and awakened the whole Panth.

ਉਨ੍ਹਾਂ ਨੇ ਸਭ ਕੁਝ ਅਕਾਲ ਪੁਰਖ 'ਤੇ ਛੱਡ ਦਿੱਤਾ। ਗੁਰੂ ਸਾਹਿਬ ਨੇ ਕ੍ਰਿਪਾ ਕੀਤੀ ਉਹ ਬਹੁਤ ਛੇਤੀ ਠੀਕ ਹੋ ਗਏ।

ਭਾਈ ਸਾਹਿਬ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਅੰਮ੍ਰਿਤ ਵੇਲੇ ਉੱਠ ਕੇ ਨਾਮ ਅਭਿਆਸ ਕਰਦੇ। ਨਾਮ ਅਭਿਆਸ ਤੋਂ ਬਾਅਦ ਉਹ ਜਪੁ ਜੀ ਸਾਹਿਬ, ਜਾਪ ਸਾਹਿਬ, ਸਵੈਯੇ, ਚੌਪਈ ਅਤੇ ਅਨੰਦ ਸਾਹਿਬ ਦਾ ਪਾਠ ਕਰਦੇ। ਜਦੋਂ ਕਦੇ ਉਨ੍ਹਾਂ ਕੋਲ ਵੱਧ ਸਮਾਂ ਹੁੰਦਾ ਤਾਂ ਉਹ ਆਸਾ ਦੀ ਵਾਰ, ਸੁਖਮਨੀ ਸਾਹਿਬ, ਸ਼ਬਦ ਹਜ਼ਾਰੇ ਪਾਤਸ਼ਾਹੀ ਦਸਵੀਂ ਅਤੇ ਸ਼ਬਦ ਹਜ਼ਾਰੇ ਪਾਤਸ਼ਾਹੀ ਪੰਜਵੀਂ ਦਾ ਪਾਠ ਕਰਦੇ। ਨਿਤਨੇਮ ਤੋਂ ਬਾਅਦ ਗੁਰੂ ਸਾਹਿਬ ਦੇ ਦਰਸ਼ਨ ਕਰਦੇ ਅਤੇ ਉਸ ਤੋਂ ਬਾਅਦ ਹੀ ਕੁਝ ਖਾਂਦੇ।

ਉਨ੍ਹਾਂ ਨੂੰ ਕੀਰਤਨ ਕਰਨ ਅਤੇ ਸੁਨਣ ਵਿੱਚ ਬਹੁਤ ਅਨੰਦ ਪ੍ਰਾਪਤ ਹੁੰਦਾ। ਉਹ ਸਾਰੀ ਰਾਤ ਕੀਰਤਨੀਆਂ ਦੇ ਨਾਲ ਗਾਉਂਦੇ ਰਹਿੰਦੇ ਅਤੇ ਨਾਮ ਅਭਿਆਸ ਕਰਦੇ। ਉਹ ਹਮੇਸ਼ਾਂ ਕੰਠ ਕੀਤੇ ਸ਼ਬਦ ਗਾਉਂਦੇ ਅਤੇ ਬੜੀ ਛੇਤੀ ਹੀ ਸ਼ਬਦ ਕੰਠ ਕਰ ਲੈਂਦੇ। ਉਹ ਹਮੇਸ਼ਾਂ ਹੋਰ ਸਿੰਘਾਂ ਨੂੰ ਬੜੀ ਨਿਮਰਤਾ ਨਾਲ ਮਿਲਦੇ। ਇੱਥੋਂ ਤੱਕ ਕਿ ਉਹ ਮਿਲਣ ਵਾਲੇ ਸਿੰਘ ਦਾ ਹੱਥ ਫੜ ਕੇ ਚੁੰਮਣ ਲੱਗ ਜਾਂਦੇ। ਉਹ ਹੋਰ ਸਿੰਘਾਂ ਨੂੰ ਗਲਵੱਕੜੀ ਪਾ ਕੇ ਮਿਲਦੇ ਅਤੇ ਉਨ੍ਹਾਂ ਨਾਲ ਮਿਲ ਕੇ ਨਾਮ ਅਭਿਆਸ ਕਰਦੇ। ਇਸ ਤਰ੍ਹਾਂ ਲੱਗਦਾ ਕਿ ਜਿਵੇਂ ਉਨ੍ਹਾਂ ਨੇ ਮੁੱਦਤਾਂ ਤੋਂ ਇੱਕ ਦੂਜੇ ਨੂੰ ਨਾ ਵੇਖਿਆ ਹੋਵੇ। ਜਦ ਕਦੇ ਵੀ ਮੈਨੂੰ ਉਹ ਮਿਲੇ ਬੜੇ ਪਿਆਰ ਨਾਲ ਮਿਲੇ। ਭਾਈ ਸਾਹਿਬ, ਭਾਈ ਗੁਰਦਿਆਲ ਸਿੰਘ ਜੀ ਲੱਡੂਪੁਰ, ਭਾਈ ਜੋਗਿੰਦਰ ਸਿੰਘ ਜੀ ਨੈਨੋਖੋਤ, ਭਾਈ ਬਖਸ਼ੀਸ਼ ਸਿੰਘ ਜੀ ਅਤੇ ਭਾਈ ਸਰਬਜੀਤ ਸਿੰਘ ਜੀ ਉਦੋਨੰਗਲ ਦੇ ਬਹੁਤ ਕਰੀਬੀ ਸਨ। ਇੱਕ ਵਾਰ ਭਾਈ ਸਰਬਜੀਤ ਸਿੰਘ ਉਨ੍ਹਾਂ ਨੂੰ ਮਿਲੇ ਤਾਂ ਉਨ੍ਹਾਂ ਨੇ ਦਾਹੜਾ ਬੰਨ੍ਹਿਆ ਹੋਇਆ ਸੀ। ਭਾਈ ਸਾਹਿਬ ਉਹਨਾਂ ਨੂੰ ਕਹਿਣ ਲੱਗੇ ਕਿ ਇੱਕ ਸਿੰਘ ਲਈ ਦਾਹੜਾ ਬੰਨ੍ਹਣਾ ਜ਼ਾਇਜ ਨਹੀਂ ਤਾਂ ਭਾਈ ਸਰਬਜੀਤ ਸਿੰਘ ਨੇ ਉਸ ਵੇਲੇ ਹੀ ਆਪਣਾ ਦਾਹੜਾ ਖੋਹਲ ਦਿੱਤਾ ਅਤੇ ਕਦੇ ਨਾਂਹ ਬੰਨਿਆ। ਇਹ ਹੋਰ ਸਿੰਘਾਂ ਵੱਲੋਂ ਉਨ੍ਹਾਂ ਨੂੰ ਦਿੱਤੇ ਜਾਂਦੇ ਸਤਿਕਾਰ ਦੀ ਇੱਕ ਉਦਾਹਰਣ ਹੈ।

ਭਾਈ ਸਾਹਿਬ ਮਾਸਟਰ ਨਿਰੰਜਣ ਸਿੰਘ ਗੁਰਦਾਸਪੁਰ ਦਾ ਬਹੁਤ ਸਤਿਕਾਰ ਕਰਦੇ ਸਨ ਅਤੇ ਉਨ੍ਹਾਂ ਦੇ ਕੀਰਤਨ ਦਾ ਬੜਾ ਅਨੰਦ ਮਾਣਦੇ ਸਨ। ਉਹ ਜਦੋਂ ਕਦੇ ਵੀ ਮਾਸਟਰ ਦਰਸ਼ਨ ਸਿੰਘ ਬਸਰਾਵਾਂ ਨੂੰ ਮਿਲਦੇ ਤਾਂ ਉਹ ਉਨ੍ਹਾਂ ਦੇ ਪੈਰ ਛੂਹਣ ਨੂੰ ਦੌੜਦੇ ਮਾਸਟਰ ਦਰਸ਼ਨ ਸਿੰਘ ਜੀ ਵੱਲੋਂ ਰੋਕਣ ਦੀ ਕੋਸ਼ਿਸ਼ ਕਰਨ ਦੇ ਦੌਰਾਨ ਵੀ ਉਹ ਨਾ ਰੁਕਦੇ। ਉਨ੍ਹਾਂ ਦੇ ਮਨ ਵਿੱਚ ਗੁਰਸਿੱਖਾਂ ਲਈ ਅਥਾਹ ਪਿਆਰ ਸੀ।

ਭਾਈ ਹਰਭਜਨ ਸਿੰਘ ਨੇ ਆਪਣੀ ਛੋਟੀ ਉਮਰ ਵਿੱਚ ਗੁਰੂ-ਪੰਥ ਦੀ ਵੱਡੀ ਸੇਵਾ ਕੀਤੀ। ਗੁਰੂ ਸਾਹਿਬ ਦੇ ਹੁਕਮ "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ"। ਉਨ੍ਹਾਂ ਦੀ ਸ਼ਹੀਦੀ ਨੇ ਸਾਨੂੰ ਬਹੁਤ ਕੁਝ ਸਿਖਾਇਆ ਅਤੇ ਸਾਰੇ ਖ਼ਾਲਸਾ ਪੰਥ ਨੂੰ ਜਗਾ ਦਿੱਤਾ।

## ਸ਼ਹੀਦ ਭਾਈ ਗੁਰਚਰਨ ਸਿੰਘ ਜੀ ਲੁਧਿਆਣਾ



ਭਾਈ ਗੁਰਚਰਨ ਸਿੰਘ ਲੁਧਿਆਣਾ ਦਾ ਜਨਮ ਪਿਤਾ ਭਾਈ ਦਲੀਪ ਸਿੰਘ ਦੇ ਘਰ ਮਾਤਾ ਨਰੈਣ ਕੌਰ ਦੀ ਕੁੱਖੋਂ 10 ਅਕਤੂਬਰ 1946 ਨੂੰ ਜਲੰਧਰ ਵਿੱਚ ਹੋਇਆ। ਭਾਈ ਦਲੀਪ ਸਿੰਘ ਦੀ ਬਦਲੀ ਲੁਧਿਆਣਾ ਦੀ ਹੋ ਗਈ, ਉਸ ਸਮੇਂ ਗੁਰਚਰਨ ਸਿੰਘ ਦੀ ਉਮਰ 3 ਸਾਲ ਦੀ ਸੀ ਅਤੇ ਇਸ ਸਮੇਂ ਹੀ ਸਾਰੇ ਪਰਿਵਾਰ ਨੇ ਨਾਰੰਗਵਾਲ ਵਿਖੇ ਅੰਮ੍ਰਿਤ ਛੱਕ ਲਿਆ। ਭਾਈ ਗੁਰਚਰਨ ਸਿੰਘ ਦੇ ਪਿਤਾ ਜੀ ਭਾਈ ਦਲੀਪ ਸਿੰਘ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੇ ਨੇੜਲੇ ਸਿੰਘਾਂ ਵਿੱਚੋਂ ਇੱਕ ਸਨ।

ਭਾਈ ਸਾਹਿਬ ਨੇ ਮੁੱਢਲੀ ਵਿੱਦਿਆ ਗਿੱਦੜਬਾਹਾ, ਤਹਿ: ਮੁਕਤਸਰ ਤੋਂ ਪ੍ਰਾਪਤ ਕੀਤੀ ਅਤੇ ਨੌਵੀਂ ਜਮਾਤ ਤੱਕ ਉਹ ਬਠਿੰਡਾ ਜਿਲ੍ਹੇ ਦੇ ਨਥਾਣਾ ਸਕੂਲ ਵਿੱਚ ਪੜ੍ਹੇ। ਉਨ੍ਹਾਂ ਦੇ ਦਸਵੀਂ ਗੁਰੂ ਨਾਨਕ ਹਾਈ ਸਕੂਲ ਮੋਗਾ ਤੋਂ ਪਾਸ ਕੀਤੀ ਅਤੇ ਫਿਰ ਖੇਤੀ ਕਰਨ ਲੱਗ ਪਏ। 1965 ਵਿੱਚ ਉਨ੍ਹਾਂ ਨੇ ਖੇਤੀਬਾੜੀ ਯੂਨੀਵਰਸਿਟੀ ਵਿੱਚ ਦਾਖਲਾ ਲੈ ਲਿਆ ਅਤੇ ਅਤੇ ਕੋਰਸ ਕਰਨ ਤੋਂ ਬਾਅਦ 1967-68 ਵਿੱਚ ਫਿਰੋਜ਼ਪੁਰ ਦੇ ਮੱਲਾਂਵਾਲਾ ਵਿਖੇ ਨੌਕਰੀ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ ਉਨ੍ਹਾਂ ਦੀ ਨਿਯੁਕਤੀ ਹਰਗੋਬਿੰਦਪੁਰ ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋ

# Shaheed Bhai Gurcharan Singh Ji, Ludhiana

Bhai Gurcharan Singh Ji was born at the house of Bhai Daleep Singh Ji, an agricultural inspector and Narain Kaur on 10th October 1946 in Rurka Korad in Jullunder. Bhai Daleep Singh was transferred to Ludhiana when Gurcharan Singh was about 3 years old, and the whole family took Amrit at Narangwal. Bhai Gurcharan Singh's father, Bhai Daleep Singh, was one of the close associates of Bhai Sahib Bhai Randhir Singh Ji.

Bhai Sahib's primary education was in Gidarwaha, Tehsil Mukhtsar and he studied up to the 9th class at Nathana in Batinda. He passed his 10th class in his village Nangal, Tehsil Moga at Guru Nanak High School and then left studying to do farming. In 1965 he was admitted into the Agricultural University and after passing his exams he was employed in Malowal (Ferozpur) in 1967 and in a block in Ferozpur in 1968. Then he started doing government service and was sent to Hargobindpur in Gurdaspur. In 1972 he left this and in 1973 he was again employed by the Punjab Agricultural University.

This young Gursikh enjoyed doing Langar Sewa of the Sangat during Smagams and would never get tired of doing Sewa day and night. From a young age, he enjoyed going to the Sangat to listen to Kirtan, and would always sit right in front of the Kirtani Singhs. He would go around the houses to call youngsters who were interested in listening to Kirtan and would sit them on the front and rear of his bicycle and take them to join the Sangat.

With Guru Ji's grace he learnt the Nitnem of the 5 Banis by memory in his 7th Class, and when he went to the village of Nangal in Faridkhot he would do the Sewa of reading Sukhmani Sahib at the Gurdwara Sahib at Amrit Vela. This Veer never had any bad feelings for anyone and if some person did not speak to him due to some differences then he would personally go around to their house and humbly talk to them.

Once when this Veer was about 5 or 6 years old, the whole family went to Narangwal to meet Bhai Sahib Bhai Randhir Singh. Everybody lovingly embraced Bhai Sahib and Bhai Sahib picked up all the children. When his turn came he embraced Bhai Sahib in such a way that he would not let go of him and they did Naam Simran together for a long time. This was the unique way in which the Singhs used to meet in those days.

This Gurmukh would help the needy without any hesitation and used to take responsibility of Sewa of sending food to patients in hospital in the morning and evening. His would do this Sewa twice a day, go to work and would go to study in evening classes and also found time to come and join the Sangat. He had a very close and loving relationship with Shaheed Bhai Fauja Singh Ji and was greatly influence by his fearless attitude.

He gave more importance to meeting and doing Darshan of Gursikhs than even to his most import duties. On 15 April 1978 he had his first exam for his B.A., but he thought it more important to go to join the Sangat at the Akhand Kirtani Smagam for Vaisakhi in Amritsar on 12 April where his father, Daleep Singh was also present. The exams of this life were left at Ludhiana and he took part in a new exam on 13th April of Vaisakhi. 'Gur Kee Ninda Sunai Na Kaan' and 'Sura So Pachanyeh Jo Larai Deen Keh Heth. Purja Purja Kut Marai Kabhoo Na shadai Keth'

Following these Shahbads he obtained Shaheedi from facing bullets and sticks.

ਗਈ। ਉਨ੍ਹਾਂ ਇਹ ਨੌਕਰੀ ਛੱਡ ਦਿੱਤੀ ਅਤੇ 1973 ਵਿੱਚ ਉਨ੍ਹਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਨੌਕਰੀ ਕਰ ਲਈ।

ਇਹ ਨੌਜਵਾਨ ਗੁਰਸਿੱਖ ਸਮਾਗਮਾਂ ਦੌਰਾਨ ਲੰਗਰ ਵਿੱਚ ਸੇਵਾ ਕਰਦਾ ਅਤੇ ਦਿਨ ਰਾਤ ਸੇਵਾ ਕਰਦਿਆਂ ਕਦੇ ਥੱਕਦਾ ਨਾਂਹ। ਛੋਟੀ ਉਮਰ ਤੋਂ ਹੀ ਉਹ ਸੰਗਤ ਵਿੱਚ ਕੀਰਤਨ ਸੁਨਣ ਜਾਂਦੇ ਅਤੇ ਕੀਰਤਨੀ ਸਿੰਘਾਂ ਦੇ ਹਮੇਸ਼ਾਂ ਸਾਹਮਣੇ ਬੈਠਦੇ। ਉਹ ਬੱਚਿਆਂ ਨੂੰ ਕੀਰਤਨ ਸਮਾਗਮਾਂ ਵਿੱਚ ਲਿਜਾਣ ਲਈ ਪ੍ਰੇਰਦੇ ਰਹਿੰਦੇ ਅਤੇ ਘਰਾਂ ਵਿੱਚ ਜਾ ਕੇ ਉਨ੍ਹਾਂ ਨੂੰ ਇਕੱਠੇ ਕਰਦੇ ਅਤੇ ਆਪਣੇ ਸਾਇਕਲ ਦੇ ਅੱਗੇ ਪਿੱਛੇ ਬਿਠਾ ਕੇ ਉਨ੍ਹਾਂ ਨੂੰ ਸਮਾਗਮਾਂ ਵਿੱਚ ਲਿਆਉਂਦੇ।

ਗੁਰੂ ਕ੍ਰਿਪਾ ਸਦਕਾ ਸੱਤਵੀਂ ਜਮਾਤ ਵਿੱਚ ਹੀ ਉਨ੍ਹਾਂ ਨਿੱਤਨੇਮ ਦੀਆਂ ਬਾਣੀਆਂ ਕੰਠ ਕਰ ਲਈਆਂ ਸਨ ਅਤੇ ਜਦੋਂ ਉਹ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਨੰਗਲ ਜਾਂਦੇ ਤਾਂ ਉਹ ਅੰਮ੍ਰਿਤ ਵੇਲੇ ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਨ ਦੀ ਸੇਵਾ ਕਰਦੇ।

ਇਸ ਵੀਰ ਨੇ ਕਦੇ ਵੀ ਕਿਸੇ ਪ੍ਰਤੀ ਮਾੜੀ ਭਾਵਨਾ ਨਹੀਂ ਰੱਖੀ ਅਤੇ ਜੇਕਰ ਕੋਈ ਵਿਚਾਰਾਂ ਦੇ ਵਖਰੇਵੇਂ ਕਾਰਨ ਉਨ੍ਹਾਂ ਨਾਲ ਨਾ ਬੋਲਦਾ ਤਾਂ ਉਹ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਨਾਲ ਗੱਲਬਾਤ ਕਰਦੇ।

ਇੱਕ ਵਾਰ 5-6 ਸਾਲ ਦੀ ਉਮਰ ਵਿੱਚ ਇਹ ਵੀਰ ਸਾਰੇ ਪਰਿਵਾਰ ਨਾਲ ਭਾਈ ਸਾਹਿਬ ਭਾਈ ਰਣਧੀਰ ਸਿੰਘ ਨੂੰ ਨਾਰੰਗਵਾਲ ਮਿਲਣ ਗਏ। ਹਰ ਇੱਕ ਨੇ ਪਿਆਰ ਨਾਲ ਭਾਈ ਸਾਹਿਬ ਨੂੰ ਗਲਵਕੜੀ ਪਾਈ ਅਤੇ ਭਾਈ ਸਾਹਿਬ ਨੇ ਸਾਰਿਆਂ ਬੱਚਿਆਂ ਨੂੰ ਚੁੱਕਿਆ। ਜਦੋਂ ਉਨ੍ਹਾਂ ਦੀ ਵਾਰੀ ਆਈ ਤਾਂ ਉਨ੍ਹਾਂ ਨੇ ਅਜਿਹੀ ਗਲਵਕੜੀ ਪਾਈ ਕਿ ਛੱਡਿਆ ਹੀ ਨਾ ਅਤੇ ਦੋਵੇਂ ਕਿੰਨਾ ਹੀ ਚਿਰ ਇਕੱਠਿਆਂ ਨਾਮ ਸਿਮਰਨ ਕਰਦੇ ਰਹੇ। ਉਨ੍ਹਾਂ ਦਿਨਾਂ ਵਿੱਚ ਸਿੰਘਾਂ ਦਾ ਆਪਸ ਵਿੱਚ ਮਿਲਣ ਦਾ ਇਹ ਅਨੋਖਾ ਤਰੀਕਾ ਸੀ ਅਤੇ ਅੱਜ ਕੱਲ੍ਹ ਮੁਸ਼ਕਲ ਨਾਲ ਹੀ ਅਜਿਹਾ ਵੇਖਣ ਨੂੰ ਮਿਲਦਾ ਹੈ।



ਇਹ ਗੁਰੂ ਦਾ ਪਿਆਰਾ ਬਿਨਾ ਕਿਸੇ ਹਿਚਕਚਾਟ ਦੇ ਲੋੜਵੰਦਾਂ ਦੀ ਸੇਵਾ ਕਰਨ ਨੂੰ ਤਿਆਰ ਰਹਿੰਦਾ ਅਤੇ ਉਨ੍ਹਾਂ ਹਸਪਤਾਲ ਵਿੱਚ ਮਰੀਜ਼ਾਂ ਲਈ ਸਵੇਰ ਅਤੇ ਰਾਤ ਦਾ ਲੰਗਰ ਭੇਜਣ ਦੀ ਜ਼ਿੰਮੇਵਾਰੀ ਸੰਭਾਲੀ ਉਹ ਆਪਣੇ ਕੰਮਕਾਰ ਤੋਂ ਇਲਾਵਾ ਦਿਨ ਵਿੱਚ ਦੋ ਵਾਰ ਇਹ ਸੇਵਾ ਕਰਦੇ। ਉਨ੍ਹਾਂ ਦੇ ਸ਼ਹੀਦ ਭਾਈ ਫੌਜਾ ਸਿੰਘ ਨਾਲ ਬੜੇ ਨੇੜਲੇ ਅਤੇ ਪਿਆਰੇ ਸਬੰਧ ਸਨ ਅਤੇ ਉਹ ਭਾਈ ਸਾਹਿਬ ਦੀ ਨਿਡਰਤਾ ਤੋਂ ਬੜੇ ਪ੍ਰਭਾਵਿਤ ਸਨ। ਉਹ ਆਪਣੀ ਮਹੱਤਵਪੂਰਨ ਡਿਊਟੀ ਤੋਂ ਜਿਆਦਾ ਸਿੰਘਾਂ ਦੇ ਦਰਸ਼ਨ ਅਤੇ ਸੰਗਤ ਕਰਨ ਨੂੰ ਮਹੱਤਵ ਦਿੰਦੇ। 15 ਅਪ੍ਰੈਲ 1978 ਨੂੰ ਬੀ.ਏ. ਦਾ ਉਨ੍ਹਾਂ ਦਾ ਪਹਿਲਾਂ ਇਮਤਿਹਾਨ ਸੀ, ਪਰ ਉਨ੍ਹਾਂ ਸੋਚਿਆ ਕਿ ਇਮਤਿਹਾਨ ਨਾਲੋਂ ਅੰਮ੍ਰਿਤਸਰ ਵਿਖੇ ਹੋ ਰਹੇ ਅਖੰਡ ਕੀਰਤਨੀ ਜੱਥੇ ਦੇ ਸਮਾਗਮ ਵਿੱਚ ਹਾਜ਼ਰੀ ਭਰਨੀ ਜ਼ਿਆਦਾ ਜ਼ਰੂਰੀ ਹੈ, ਜਿੱਥੇ ਕਿ ਉਨ੍ਹਾਂ ਦੇ ਪਿਤਾ ਜੀ ਪਹਿਲਾਂ ਹੀ ਹਾਜ਼ਰ ਸਨ।



ਉਨ੍ਹਾਂ ਦੀ ਜ਼ਿੰਦਗੀ ਦੇ ਇਮਤਿਹਾਨ ਲੁਧਿਆਣਾ ਵਿੱਚ ਪਿੱਛੇ ਰਹਿ ਗਏ ਸਨ ਅਤੇ ਉਹ 13 ਅਪ੍ਰੈਲ 1978 ਦੀ ਵਿਸਾਖੀ ਨੂੰ "ਗੁਰੂ ਕੀ ਨਿੰਦਾ ਸੁਨੈ ਨ ਕਾਨ" ਅਤੇ "ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥ "

'ਤੇ ਪਹਿਰਾ ਦਿੰਦਿਆਂ ਉਨ੍ਹਾਂ ਨੇ ਗੋਲੀਆਂ ਅਤੇ ਡਾਂਗਾਂ ਖਾਂਦਿਆਂ ਸ਼ਹਾਦਤ ਪ੍ਰਾਪਤ ਕੀਤੀ। ਭਾਈ ਗੁਰਚਰਨ ਸਿੰਘ ਆਪਣੇ ਪਿੱਛੇ ਮਾਤਾ, ਪਿਤਾ, ਤਿੰਨ ਭਰਾ ਅਤੇ ਤਿੰਨ ਭੈਣਾਂ ਛੱਡ ਗਏ ।

# Shaheed Bhai Dharambir Singh Ji, Amritsar

Bhai Dharambir Singh Ji was born on 15 March 1953 in Delhi. His father's name was Bhai Lal Singh and his mother's name was Baal Kaur. His father was from the village of Sahowaal, Tehsil Daska, in the District of Sailkot in Pakistan.

His father and his two brothers started doing construction work at a young age. The three brothers used to go around the nearby villages for building work and they were fortunate to do the Sangat of Bhai Sahib Jawala Singh Ji in the village of Bhiki. This Gurmukh used to live in basic accommodation and constructed a very beautiful place for the Sri Guru Granth Sahib Ji where Amrit-Bani was read daily and pilgrims could get Langar and rest. Bhai Lal Singh and his smaller brother Bhai Gopal Singh were so influenced by the Granthis of the Gurdwara, Bhai Sobha Singh and Bhai Tarlok Singh, that they decided to stay in this village (Bhiki) doing building work.

After the formation of Pakistan they lived for a while in Hoshiapur, then in Delhi and finally they all met up in Amritsar. Here Bhai Sobha Singh formed a Gurdwara in a Masjid and Bhai Tarlok Singh did Sewa of the Sikh Sangat just like him. With Satguru's Grace they started Kirtan, Langar and Karah Prashad here just like the Bhiki Gurdwara in Pakistan.

Four of five families lived near this Gurdwara Sahib and Bhai Dharambir Singh's father and uncle (Bhai Lal Singh and Bhai Gopal Singh) also settled here with their families. By meeting this Gursikh Sangat, they listened to Kirtan and Nitnem everyday and after a while Bhai Gopal Singh and Bhai Lal Singh started going to Akhand Kirtani Jatha Smagams and slowly both families took Amrit.

Bhai Dharambir Singh took Amrit during his school education and he was also taking the Shromani Committee's religious exams. After studying up to the 10th Class his life took a change in direction. At this time both brothers made a home in Ajeet Nagar and the smaller brother Bhai Gopal Singh opened a factory for making Kirpans. Bhai Dharambir Singh learnt how to make Kirpans from his uncle and started up a separate factory at the rear end where he worked for 5 years.

During the time he started his business, he would also attend Akhand Kirtani Jatha Smagams and would take part in doing Sewa of Ishnaan of Harmandir Sahib during the night. Where he had great enthusiasm in listening to Kirtan, he was also very keen in learning Kirtan. He was learning the Harmonium and





# ਸ਼ਹੀਦ ਭਾਈ ਧਰਮਬੀਰ ਸਿੰਘ ਜੀ ਅੰਮ੍ਰਿਤਸਰ

ਭਾਈ ਧਰਮਬੀਰ ਸਿੰਘ ਦਾ ਜਨਮ 15 ਮਾਰਚ 1953 ਨੂੰ ਦਿੱਲੀ ਵਿਖੇ ਭਾਈ ਲਾਲ ਸਿੰਘ ਦੇ ਘਰ ਮਾਤਾ ਬਾਲ ਕੌਰ ਦੀ ਕੁੱਖੋਂ ਹੋਇਆ। ਉਨ੍ਹਾਂ ਦੇ ਪਿਤਾ ਦਾ ਪਿਛੋਕੜ ਪਿੰਡ ਸਾਹੋਵਾਲ, ਤਹਿਸੀਲ ਡਸਕਾ, ਜ਼ਿਲ੍ਹਾ ਸਿਆਲਕੋਟ ਪਾਕਿਸਤਾਨ ਸੀ।

ਉਨ੍ਹਾਂ ਦੇ ਪਿਤਾ ਅਤੇ ਉਹਨਾਂ ਦੇ ਦੋ ਭਰਾਵਾਂ ਨੇ ਛੋਟੀ ਉਮਰ ਵਿੱਚ ਉਸਾਰੀ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਹ ਤਿੰਨੇ ਭਰਾ ਨੇੜਲੇ ਪਿੰਡਾਂ ਵਿੱਚ ਮਕਾਨ ਉਸਾਰੀ ਦੇ ਕੰਮ 'ਤੇ ਜਾਂਦੇ ਅਤੇ ਖੁਸ਼ਕਿਸਮਤ ਨਾਲ ਉਨ੍ਹਾਂ ਨੂੰ ਭਾਈ ਜਵਾਲਾ ਸਿੰਘ ਭਿੱਖੀ ਵਾਲਿਆਂ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਹ ਗੁਰਮੁੱਖ ਇੱਕ ਸਾਦੇ ਮਕਾਨ ਵਿੱਚ ਰਹਿੰਦਾ ਸੀ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਬਹੁਤ ਸੋਹਣੀ ਜਗ੍ਹਾ ਬਣਾਈ ਸੀ, ਜਿੱਥੇ ਗੁਰਬਾਣੀ ਦਾ ਪਾਠ ਅਤੇ ਸੰਗਤ ਲਈ ਲੰਗਰ ਅਤੇ ਰਾਹਗੀਰਾਂ ਲਈ ਅਰਾਮ ਕਰਨ ਦਾ ਪ੍ਰਬੰਧ ਸੀ।

ਭਾਈ ਲਾਲ ਸਿੰਘ ਅਤੇ ਉਨ੍ਹਾਂ ਦੇ ਛੋਟੇ ਭਰਾ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘਾਂ ਭਾਈ ਸੋਭਾ ਸਿੰਘ ਅਤੇ ਭਾਈ ਤਿਰਲੋਕ ਸਿੰਘ ਤੋਂ ਇੰਨੇ ਜ਼ਿਆਦਾ ਪ੍ਰਭਾਵਿਤ ਹੋਏ ਕਿ ਉਹ ਪਿੰਡ ਭਿੱਖੀ ਵਿੱਚ ਰਹਿ ਕੇ ਹੀ ਕੰਮ ਕਰਨ ਲੱਗੇ।

ਪਾਕਿਸਤਾਨ ਬਨਣ ਤੋਂ ਬਾਅਦ ਉਹ ਕੁਝ ਚਿਰ ਹਸ਼ਿਆਰਪੁਰ ਰਹੇ, ਫਿਰ ਦਿੱਲੀ ਚਲੇ ਗਏ ਅਤੇ ਫਿਰ ਸਾਰੇ ਅੰਮ੍ਰਿਤਸਰ ਆ ਇਕੱਠੇ ਹੋਏ। ਇੱਥੇ ਭਾਈ ਸੋਭਾ ਸਿੰਘ ਨੇ ਇੱਕ ਮਸਜਿਦ ਵਿੱਚ ਗੁਰਦੁਆਰਾ ਸਾਹਿਬ ਬਣਾਇਆ ਅਤੇ ਭਾਈ ਤ੍ਰਿਲੋਕ ਸਿੰਘ ਵੀ ਉਨ੍ਹਾਂ ਦੀ ਤਰ੍ਹਾਂ ਸਿੱਖ ਸੰਗਤ ਦੀ ਸੇਵਾ ਕਰਦੇ ਰਹੇ। ਸਤਿਗੁਰੂ ਦੀ ਕ੍ਰਿਪਾ ਸਦਕਾ ਉਨ੍ਹਾਂ ਇੱਥੇ ਵੀ ਪਿੰਡ ਭਿੱਖੀ (ਪਾਕਿਸਤਾਨ) ਦੇ ਗੁਰਦੁਆਰਾ ਸਾਹਿਬ ਦੀ ਤਰ੍ਹਾਂ ਕੀਰਤਨ, ਲੰਗਰ ਅਤੇ ਕੜਾਹ ਪ੍ਰਸ਼ਾਦਿ ਸ਼ੁਰੂ ਕਰ ਦਿੱਤਾ।




ਪੰਜਾਂ ਵਿੱਚ ਚਾਰ ਪਰਿਵਾਰ ਗੁਰਦੁਆਰਾ ਸਾਹਿਬ ਦੇ ਨੇੜੇ ਰਹਿੰਦੇ ਸਨ ਅਤੇ ਭਾਈ ਧਰਮਬੀਰ ਸਿੰਘ ਦੇ ਪਿਤਾ ਉਨ੍ਹਾਂ ਦੇ ਚਾਚੇ ਭਾਈ ਲਾਲ ਸਿੰਘ ਅਤੇ ਭਾਈ ਗੋਪਾਲ ਸਿੰਘ ਪਰਿਵਾਰਾਂ ਸਮੇਤ ਇੱਥੇ ਆ ਵੱਸੇ। ਇਸ ਗੁਰਸਿੱਖ ਦੀ ਸੰਗਤ ਕਰਕੇ ਉਹ ਹਰ ਰੋਜ਼ ਕੀਰਤਨ ਅਤੇ ਨਿੱਤਨੇਮ ਸੁਨਣ ਲੱਗੇ ਅਤੇ ਕੁਝ ਚਿਰ ਬਾਅਦ ਭਾਈ ਗੋਪਾਲ ਸਿੰਘ ਅਤੇ ਭਾਈ ਲਾਲ ਸਿੰਘ ਅਖੰਡ ਕੀਰਤਨੀ ਜੱਥੇ ਦੇ ਸਮਾਗਮਾਂ ਵਿੱਚ ਜਾਣ ਲੱਗੇ ਅਤੇ ਹੌਲੀ ਹੌਲੀ ਦੋਵਾਂ ਪਰਿਵਾਰਾਂ ਨੇ ਅੰਮ੍ਰਿਤ ਪਾਨ ਕਰ ਲਿਆ।

ਭਾਈ ਧਰਮਬੀਰ ਨੇ ਪੜ੍ਹਾਈ ਦੌਰਾਨ ਅੰਮ੍ਰਿਤ ਛਕ ਲਿਆ ਸੀ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਲਿਆ ਜਾਂਦਾ ਧਾਰਮਿਕ ਇਮਤਿਹਾਨ ਵੀ ਦਿੱਤਾ। ਦਸਵੀਂ ਜਮਾਤ ਤੱਕ ਪੜ੍ਹਾਈ ਕਰਨ ਤੋਂ ਬਾਅਦ ਉਸਦੀ ਜ਼ਿੰਦਗੀ ਬਦਲਣੀ ਸ਼ੁਰੂ ਹੋ ਗਈ। ਇਸ ਸਮੇਂ ਦੋਵਾਂ ਭਰਾਵਾਂ ਨੇ ਅਜੀਤ ਨਗਰ ਵਿੱਚ ਘਰ ਬਣਾਇਆ ਅਤੇ ਛੋਟੇ ਭਰਾ ਨੇ ਕ੍ਰਿਪਾਨ ਬਣਾਉਣ ਵਾਲੀ ਫੈਕਟਰੀ ਲਾ ਲਈ। ਭਾਈ ਧਰਮਬੀਰ ਸਿੰਘ ਨੇ ਆਪਣੇ ਚਾਚਾ ਜੀ ਤੋਂ ਕਿਰਪਾਨਾਂ ਬਣਾਉਣੀਆਂ ਸਿੱਖੀਆਂ ਅਤੇ ਉੱਥੇ ਹੀ ਇੱਕ ਅਲੱਗ ਫੈਕਟਰੀ ਲਾ ਲਈ, ਜਿੱਥੇ ਉਹ ਪੰਜ ਸਾਲ ਤੋਂ ਕੰਮ ਕਰ ਰਹੇ ਸਨ।

ਆਪਣਾ ਕੰਮ ਸ਼ੁਰੂ ਕਰਨ ਦੌਰਾਨ ਹੀ ਉਹ ਅਖੰਡ ਕੀਰਤਨੀ ਜੱਥੇ ਦੇ ਸਮਾਗਮਾਂ ਵਿੱਚ ਹਿੱਸਾ ਲੈਣ ਲੱਗੇ ਸਨ ਅਤੇ ਰਾਤ ਨੂੰ ਸ਼੍ਰੀ ਹਰਿਮੰਦਰ ਸਾਹਿਬ ਨੂੰ ਇਸ਼ਨਾਨ ਕਰਵਾਉਣ ਦੀ ਸੇਵਾ ਕਰਦੇ। ਜਿੱਥੇ ਉਨ੍ਹਾਂ

Tabla and had started to learn the Dilruba.

Since the start of his business of making Kirpans, there were a great number of Gursikhs who used to come to him. He had a lot of respect for the Gursikhs that came to him and did as much Sewa as he could for them. If any Gursikh needed any money then he would be happy to help and never asked for it back, even if he could only just get by himself.

Bhai Dharambir Singh and Bhai Fauja Singh became closer to each other day by day and he always accompanied him for religious causes. Bhai Dharambir Singh also accompanied Bhai Fauja Singh when they went to stop some thugs who were showing disrespect to the Sri Guru Granth Sahib at Guru Ke Mehal and Bhai Salo and had planned to attack Guru Ke Mehal. The Gursikhs were attacked by stones and acid bottles and in that case the Singhs were arrested and Bhai Dharambir Singh was also in Jail for about 3 months. Also in Vaisakhi he accompanied the other Singhs to peacefully protest against the Nakali Nirankaris and there he achieved Shaheedi at such a young age. He was due to be married in a couple of months.

## Shaheed Jathedar Ranbir Singh Fauji, Mehta

(by Bhai Sahib Amrik Singh, Mehta)



Jathedar Ranbir Singh was born on 17 December 1935 at the house of Sardar Kala Singh in the village of Thraj in the district of Faridhkot. Sardar Kala Singh did agricultural work in the village of Thraj in Faridhkot. During the Jaito Morcha he was sentenced to 14 years in Jail, of which he served 5. He was also a member of Sardar Bhagat Singh's Naujwaan Sabha.

Jathedar Ranbir Singh's wife, Sardari Rajwant Kaur looks after and educates their 2 children ( Daljeet Singh aged 13, and Parmjeet Kaur aged 11). The Jathedar has one sister and 3 brothers who are employed in the army or work in agriculture.

Bhai Ranbir Singh became an Amritdhari from the age of 6. After completing his basic education he joined the Army. He knew the 5 Banis and Sukhmani Sahib by memory, he was a Nitnemi of the Panj Granthi and also in charge of religious duties in the army. He received a pension after serving 20 years in the army and came to stay with Sant Kartar Singh Ji Khalsa, Jatha Bhindra Mehta. Sant Ji made him the Jathedar of the Mehta Gurdwara. He would give his monthly pension and sold his tractor trolley for Sewa.

Bhai Sahib was the Jathedar in protests against False Gurus in Komen, Mehta, Kadia and Amritsar. On the 13 April he also obtained Shaheedi like his other brothers while protesting in a peaceful manner. Two days before this incident, on the 11 April Bhai Ranbir Singh went to Sri Goindwal Sahib and did 84 Paaths on the steps of the Baoli Sahib and did Ardas to Guru Ji that may his body be used for the service of the Guru. According to Guru's will, his Ardas was answered.

ਦੇ ਮਨ ਵਿੱਚ ਕੀਰਤਨ ਸੁਨਣ ਦਾ ਬੜਾ ਚਾਅ ਸੀ, ਉੱਥੇ ਉਹ ਕੀਰਤਨ ਸਿੱਖਣ ਦਾ ਬੜਾ ਸ਼ੌਂਕ ਰੱਖਦੇ ਸਨ। ਉਨ੍ਹਾਂ ਹਰਮੋਨੀਅਮ, ਤਬਲਾ ਅਤੇ ਦਿਲਰੁਬਾ ਸਿੱਖਣਾ ਸ਼ੁਰੂ ਕੀਤਾ।

ਜਦੋਂ ਤੋਂ ਉਨ੍ਹਾਂ ਕਿਰਪਾਨਾਂ ਬਣਾਉਣ ਦਾ ਕੰਮ ਸ਼ੁਰੂ ਕੀਤਾ ਤਾਂ ਉੱਥੇ ਬਹੁਤ ਸਾਰੇ ਗੁਰਸਿੱਖਾਂ ਦਾ ਆਉਣਾ-ਜਾਣਾ ਹੋ ਗਿਆ। ਉਹ ਮਿਲਣ ਆਉਣ ਵਾਲੇ ਗੁਰਸਿੱਖਾਂ ਦਾ ਬੜਾ ਸਤਿਕਾਰ ਕਰਦੇ ਅਤੇ ਜਿੰਨੀ ਹੋ ਸਕਦੀ, ਉਨ੍ਹਾਂ ਦੀ ਸੇਵਾ ਕਰਦੇ। ਜੇ ਕਿਸੇ ਗੁਰਸਿੱਖ ਨੂੰ ਪੈਸੇ ਦੀ ਜ਼ਰੂਰਤ ਹੁੰਦੀ ਤਾਂ ਉਹ ਖੁਸ਼ੀ ਨਾਲ ਉਨ੍ਹਾਂ ਦੀ ਮੱਦਦ ਕਰਦੇ ਅਤੇ ਕਦੇ ਵੀ ਉਹ ਵਾਪਿਸ ਨਾ ਮੰਗਦੇ।

ਭਾਈ ਧਰਮਬੀਰ ਸਿੰਘ ਅਤੇ ਭਾਈ ਫੌਜਾ ਸਿੰਘ ਦਿਨ-ਬ-ਦਿਨ ਇੱਕ-ਦੂਜੇ ਦੇ ਨੇੜੇ ਹੁੰਦੇ ਅਤੇ ਉਹ ਹਮੇਸ਼ਾਂ ਧਾਰਮਿਕ ਕਾਰਜ਼ਾਂ ਕਰਕੇ ਉਨ੍ਹਾਂ ਦੇ ਨਾਲ ਹੁੰਦੇ।

ਭਾਈ ਧਰਮਬੀਰ ਸਿੰਘ ਕੁਝ ਸ਼ਰਾਰਤੀ ਅਨਸਰਾਂ ਨੂੰ ਰੋਕਣ ਲਈ ਉਸ ਸਮੇਂ ਵੀ ਭਾਈ ਫੌਜਾ ਸਿੰਘ ਦੇ ਨਾਲ ਸਨ, ਜਦੋਂ ਸ਼ਰਾਰਤੀ ਅਨਸਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਗੁਰੂ ਕੇ ਮਹਿਲ ਅਤੇ ਭਾਈ ਸਾਲੋ ਵਿਖੇ ਹਮਲੇ ਦੀ ਯੋਜਨਾ ਬਣਾ ਰਹੇ ਸਨ। ਗੁਰਸਿੱਖਾਂ 'ਤੇ ਪੱਥਰਾਂ ਅਤੇ ਤੇਜ਼ਾਬ ਦੀਆਂ ਬੋਤਲਾਂ ਨਾਲ ਹਮਲਾ ਕੀਤਾ ਗਿਆ ਅਤੇ ਇਸ ਮਾਮਲੇ ਵਿੱਚ ਸਿੰਘਾਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਅਤੇ ਭਾਈ ਧਰਮਬੀਰ 3 ਮਹੀਨੇ ਜੇਹਲ ਵਿੱਚ ਰਹੇ।

ਵਿਸਾਖੀ ਮੌਕੇ ਹੋਏ ਸ਼ਾਂਤਮਈ ਰੋਸ ਮੁਜ਼ਾਹਰੇ ਵਿੱਚ ਵੀ ਉਹ ਸਿੰਘਾਂ ਦੇ ਨਾਲ ਸਨ ਅਤੇ ਉਨ੍ਹਾਂ ਨਕਲੀ ਨਿਰੰਕਾਰੀਆਂ ਹੱਥੋਂ ਛੋਟੀ ਉਮਰ ਵਿੱਚ ਹੀ ਸ਼ਹਾਦਤ ਪ੍ਰਾਪਤ ਕੀਤੀ। ਸ਼ਹਾਦਤ ਤੋਂ ਕੁਝ ਮਹੀਨੇ ਬਾਅਦ ਉਹਨਾਂ ਦਾ ਅਨੰਦ ਕਾਰਜ ਸੀ।

# ਸ਼ਹੀਦ ਜਥੇਦਾਰ ਭਾਈ ਰਨਬੀਰ ਸਿੰਘ ਫੌਜੀ ਮਹਿਤਾ

ਭਾਈ ਸਾਹਿਬ ਅਮਰੀਕ ਸਿੰਘ ਮਹਿਤਾ

ਜੱਥੇਦਾਰ ਰਨਬੀਰ ਸਿੰਘ ਦਾ ਜਨਮ ਸਰਦਾਰ ਕਾਲਾ ਸਿੰਘ ਦੇ ਘਰ ਪਿੰਡ ਥਰਾਜ਼ ਜਿਲ੍ਹਾ ਫਰੀਦਕੋਟ ਵਿਖੇ 17 ਦਸੰਬਰ 1935 ਨੂੰ ਹੋਇਆ। ਸਰਦਾਰ ਕਾਲਾ ਸਿੰਘ ਪਿੰਡ ਵਿੱਚ ਖੇਤੀਬਾੜੀ ਕਰਦੇ ਸਨ। ਜੈਤੋ ਮੋਰਚੇ ਦੌਰਾਨ ਉਨ੍ਹਾਂ ਨੂੰ 14 ਮਹੀਨਿਆਂ ਦੀ ਸਜ਼ਾ ਹੋਈ, ਜਿਸ ਵਿੱਚੋਂ ਉਨ੍ਹਾਂ 5 ਮਹੀਨੇ ਕੈਦ ਕੱਟੀ। ਉਹ ਸਰਦਾਰ ਭਗਤ ਸਿੰਘ ਨੌਜਵਾਨ ਸਭਾ ਦੇ ਵੀ ਮੈਂਬਰ ਸਨ।

ਸਰਦਾਰ ਕਾਲਾ ਸਿੰਘ ਦੀ ਸੁਪਤਨੀ ਸਰਦਾਰਨੀ ਰਜਵੰਤ ਕੌਰ ਆਪਣੇ ਦੋ ਬੱਚਿਆਂ (ਦਲਜੀਤ ਸਿੰਘ 13 ਸਾਲ ਅਤੇ ਪਰਮਜੀਤ ਕੌਰ 11 ਸਾਲ) ਨੂੰ ਪੜ੍ਹਾਉਂਦੇ ਅਤੇ ਸਾਂਭ ਸੰਭਾਲ ਕਰਦੇ। ਜੱਥੇਦਾਰ ਸਾਹਿਬ ਦੀ ਇੱਕ ਭੈਣ ਅਤੇ ਤਿੰਨ ਭਰਾ ਸਨ, ਜਿਹੜੇ ਫੌਜ ਵਿੱਚ ਨੌਕਰੀ ਜਾਂ ਖੇਤੀਬਾੜੀ ਕਰਦੇ।

ਭਾਈ ਰਣਧੀਰ ਸਿੰਘ ਨੇ 6 ਸਾਲ ਦੀ ਉਮਰ ਵਿੱਚ ਹੀ ਅੰਮ੍ਰਿਤ ਛਕ ਲਿਆ ਸੀ। ਮੁੱਢਲੀ ਵਿੱਦਿਆ ਹਾਸਲ ਕਰਨ ਪਿੱਛੋਂ ਉਹ ਫੌਜ ਵਿੱਚ ਭਰਤੀ ਹੋ ਗਏ। ਉਹਨਾਂ ਨੂੰ ਨਿਤਨੇਮ ਦੀਆਂ 5 ਬਾਣੀਆਂ ਅਤੇ ਸੁਖਮਨੀ ਸਾਹਿਬ ਕੰਠ ਸੀ। ਉਹ ਪੰਜ ਗ੍ਰੰਥੀ ਦੀਆਂ ਬਾਣੀਆਂ ਦਾ ਵੀ ਨਿਤਨੇਮ ਕਰਦੇ ਅਤੇ ਫੌਜ ਵਿੱਚ ਉਹ ਧਾਰਮਿਕ ਡਿਊਟੀ ਕਰਿਆ ਕਰਦੇ ਸਨ। ਉਹ 20 ਸਾਲਾਂ ਬਾਅਦ ਫੌਜ ਤੋਂ ਸੇਵਾ ਮੁਕਤ ਹੋ ਕੇ ਸੰਤ ਕਰਤਾਰ ਸਿੰਘ ਜੀ ਖਾਲਸਾ, ਜੱਥਾ ਭਿੰਡਰਾਂ ਮਹਿਤਾ ਨਾਲ ਰਹਿਣ ਲੱਗੇ। ਸੰਤ ਜੀ ਨੇ ਉਨ੍ਹਾਂ ਨੂੰ ਮਹਿਤਾ ਗੁਰਦੁਆਰਾ ਸਾਹਿਬ ਦਾ ਜੱਥੇਦਾਰ ਬਣਾ ਦਿੱਤਾ। ਉਹ ਆਪਣੀ ਪੈਨਸ਼ਨ ਸੇਵਾ ਵਿੱਚ ਖਰਚ ਕਰਦੇ ਅਤੇ ਆਪਣਾ ਟਰੈਕਟਰ-ਟਰਾਲੀ ਵੀ ਵੇਚ ਕੇ ਸੇਵਾ ਵਿੱਚ ਲਾ ਦਿੱਤਾ।



ਭਾਈ ਸਾਹਿਬ ਝੂਠੇ ਗੁਰੂਆਂ ਵਿਰੁੱਧ ਕੋਮਨ, ਮਹਿਤਾ, ਕਾਦੀਆਂ ਅਤੇ ਅੰਮ੍ਰਿਤਸਰ ਵਿੱਚ ਹੋਏ ਰੋਸ ਮੁਜ਼ਾਹਰਿਆਂ ਦੇ ਜੱਥੇਦਾਰ ਸਨ। 13 ਅਪ੍ਰੈਲ 1978 ਨੂੰ ਉਨ੍ਹਾਂ ਨੇ ਆਪਣੇ ਹੋਰ ਭਰਾਵਾਂ ਦੀ ਤਰ੍ਹਾਂ ਸ਼ਾਂਤਮਈ ਰੋਸ ਮੁਜ਼ਾਹਰਾ ਕਰਦਿਆਂ ਸ਼ਹੀਦੀ ਪ੍ਰਾਪਤ ਕੀਤੀ।

ਇਸ ਘਟਨਾ ਤੋਂ ਦੋ ਦਿਨ ਪਹਿਲਾਂ 11 ਅਪ੍ਰੈਲ ਨੂੰ ਭਾਈ ਰਣਧੀਰ ਸਿੰਘ ਸ਼੍ਰੀ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਸਾਹਿਬ ਦੀਆਂ 84 ਪੌੜੀਆਂ 'ਤੇ 84 ਪਾਠ ਕਰਦਿਆਂ ਅਤੇ ਉਨ੍ਹਾਂ ਗੁਰੂ ਜੀ ਅੱਗੇ ਅਰਦਾਸ ਕੀਤੀ ਕਿ ਉਨ੍ਹਾਂ ਦਾ ਸਰੀਰ ਗੁਰੂ ਦੀ ਸੇਵਾ ਵਿੱਚ ਲੱਗ ਸਕੇ। ਗੁਰੂ ਸਾਹਿਬ ਦੀ ਰਜ਼ਾ ਅਨੁਸਾਰ ਉਨ੍ਹਾਂ ਦੀ ਅਰਦਾਸ ਸੁਣੀ ਗਈ।

# Shaheed Jathedar Amrik Singh Ji Khujala

(by Giani Jaswant Singh Ji B.A.,B.T)

Born - Fagan 1957
Father - Kundan Singh Ji
Mother - Harbhajan Kaur
Brothers - 1 elder and 4 younger
Village - Kajala (Amritsar)



One of the 13 Singhs Shaheed in the holy city of Amritsar on Vaisakhi was 21 year old Jathedar Amrik Singh. He was honoured with the position of Jathedar at Sri Akal Takht Sahib because he persuaded many people to come here and take Amrit. He himself took Amrit from here 6 years earlier.

After completing his primary education he was not interested in studying any more. He had a great love for Gurbani and Sikh History in his mind and after taking Amrit he joined the Bhindrawale Jatha whose Dera, Mehta Chowk was nearby.

He was very compassionate when he saw distressed or needy people. To help them he gave countless amounts of money, things from his house and even the clothes he was wearing without any hesitation. Once when he was doing Sewa for the Guru's Sangat, when he could not get the money he needed he sold a ring made of gold from his home.

He had a daily routine of reciting Naam-Bani at Amrit Vela. No matter how late he was in Satsang the night before, he would always be awake for Amrit Vela. At the Rehras time in the evening, he would stop his work, no matter how important it was and be present for the Rehras Divaan and bring others with him. This was a part of his Nitnem. After the morning's Nitnem he would not eat any food before doing Darshan of Guru Maharaj.

Bhai Sahib was always doing Sangat of Gurmukhs or Sangat at the Guru's house, and he was always strict in his Rehni-Behni according to Gurmat Bebek. He also acquired a love for Sarbloh Rehni (eating in iron utensils). He would always keep his Bata (iron utensil) shining and would never let anyone who had not taken Amrit use it.

He persuaded the workers who helped his mother and father with the farming work and many other people on the Guru's path. Even though his family was well off he still wore simple Gursikhi clothes. He would never tolerate anybody who showed disrespect towards Guru Ji.

On Vaisakhi day Bhai Sahib woke up at Amrit Vela and did his Ishnaan and Nitnem. He then went to the Gurdwara and then went to meet Jathedar Kala Singh who was staying at room number 5 at Guru Nanak Niwas. He then left his shoes there and bathed

# ਸ਼ਹੀਦ ਜੱਥੇਦਾਰ ਅਮਰੀਕ ਸਿੰਘ ਖੁਜਾਲਾ

ਗਿਆਨੀ ਜਸਵੰਤ ਸਿੰਘ ਜੀ ਬੀ. ਏ., ਬੀ.ਟੀ.

ਜਨਮ – ਫੱਗਣ 1957
ਪਿਤਾ – ਕੁੰਦਨ ਸਿੰਘ ਜੀ
ਮਾਤਾ – ਹਰਭਜਨ ਕੌਰ ਜੀ
ਭਰਾ – ਇੱਕ ਵੱਡਾ ਅਤੇ ਚਾਰ ਛੋਟੇ
ਪਿੰਡ – ਕਜਾਲਾ (ਅੰਮ੍ਰਿਤਸਰ)



ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿੱਚ ਵਿਸਾਖੀ ਦੇ ਦਿਹਾੜੇ ‘ਤੇ ਸ਼ਹੀਦ ਹੋਏ 13 ਸਿੰਘਾਂ ਵਿੱਚ 21 ਸਾਲਾ ਜੱਥੇਦਾਰ ਅਮਰੀਕ ਸਿੰਘ ਸ਼ਾਮਲ ਸਨ। ਉਨ੍ਹਾਂ ਨੂੰ ਜੱਥੇਦਾਰ ਅਕਾਲ ਤਖਤ ਸਾਹਿਬ ਦੀ ਉਪਾਧੀ ਨਾਲ ਸਨਮਾਨਿਆ ਗਿਆ ਸੀ, ਕਿਉਂਕਿ ਉਹ ਬਹੁਤ ਸਾਰੇ ਲੋਕਾਂ ਨੂੰ ਪ੍ਰੇਰ ਕੇ ਅੰਮ੍ਰਿਤ ਛਕਣ ਲਈ ਇੱਥੇ ਲੈ ਕੇ ਆਏ। ਉਨ੍ਹਾਂ ਖੁਦ 6 ਸਾਲ ਦੀ ਉਮਰ ਵਿੱਚ ਅੰਮ੍ਰਿਤ ਪਾਨ ਕਰ ਲਿਆ ਸੀ।

ਪੰਜਵੀਂ ਤੱਕ ਪੜ੍ਹਾਈ ਕਰਨ ਤੋਂ ਬਾਅਦ ਉਨ੍ਹਾਂ ਦੀ ਅੱਗੇ ਪੜ੍ਹਨ ਵਿੱਚ ਰੁਚੀ ਨਹੀਂ ਸੀ। ਉਨ੍ਹਾਂ ਦੇ ਮਨ ਵਿੱਚ ਗੁਰਬਾਣੀ ਅਤੇ ਸਿੱਖ ਇਤਿਹਾਸ ਪ੍ਰਤੀ ਬਹੁਤ ਪਿਆਰ ਸੀ ਅਤੇ ਅੰਮ੍ਰਿਤ ਛਕਣ ਤੋਂ ਬਾਅਦ ਉਹ ਆਪਣੇ ਨੇੜੇ ਦੇ ਸਥਾਨ ਮਹਿਤਾ ਚੌਂਕ ਵਿਖੇ ਭਿੰਡਰਾਂਵਾਲੇ ਦੇ ਜੱਥੇ ਵਿੱਚ ਸ਼ਾਮਲ ਹੋ ਗਏ।

ਉਨ੍ਹਾਂ ਦਾ ਮਨ ਤਰਸ ਨਾਲ ਭਰ ਜਾਂਦਾ ਜਦੋਂ ਉਹ ਲਾਚਾਰ ਅਤੇ ਲੋੜਵੰਦ ਲੋਕਾਂ ਨੂੰ ਵੇਖਦਾ। ਉਹ ਬਿਨਾਂ ਕਿਸੇ ਹਿਚਕਚਾਟ ਦੇ ਆਪਣੇ ਘਰੋਂ ਪੈਸਾ, ਚੀਜ਼ਾਂ ਅਤੇ ਇੱਥੋਂ ਤੱਕ ਕਿ ਜੋ ਕੱਪੜੇ ਉਨ੍ਹਾਂ ਪਾਏ ਹੁੰਦੇ ਸਨ, ਲੋੜਵੰਦਾਂ ਨੂੰ ਦੇ ਦਿੰਦਾ। ਇੱਕ ਵਾਰ ਉਹ ਗੁਰੂ ਜੀ ਦੀ ਸੰਗਤ ਦੀ ਸੇਵਾ ਲਈ ਜਾ ਰਹੇ ਸਨ, ਤੇ ਉਨ੍ਹਾਂ ਕੋਲ ਪੈਸੇ ਨਹੀਂ ਸਨ ਤਾਂ ਉਨ੍ਹਾਂ ਨੇ ਇੱਕ ਸੋਨੇ ਦੀ ਮੁੰਦਰੀ ਵੇਚ ਦਿੱਤੀ।

ਉਹ ਅੰਮ੍ਰਿਤ ਵੇਲੇ ਉੱਠ ਕੇ ਰੋਜ਼ਾਨਾ ਨਾਮ-ਬਾਣੀ ਦਾ ਅਭਿਆਸ ਕਰਦੇ। ਉਹ ਹਮੇਸ਼ਾਂ ਅੰਮ੍ਰਿਤ ਵੇਲੇ ਉੱਠਦੇ, ਭਾਵੇਂ ਕਿ ਰਾਤ ਨੂੰ ਉਹ ਸੰਗਤ ਵਿੱਚੋਂ ਦੇਰ ਨਾਲ ਆਉਂਦੇ। ਸ਼ਾਮ ਵੇਲੇ ਰਹਿਰਾਸ ਦੇ ਸਮੇਂ ਭਾਵੇਂ ਕਿੰਨਾ ਵੀ ਜ਼ਰੂਰੀ ਕੰਮ ਹੋਵੇ ਉਹ ਛੱਡ ਦਿੰਦੇ ਅਤੇ ਰਹਿਰਾਸ ਦੇ ਦੀਵਾਨ ਵਿੱਚ ਹਾਜ਼ਰ ਹੁੰਦੇ ਅਤੇ ਆਪਣੇ ਨਾਲ ਹੋਰਨਾਂ ਨੂੰ ਵੀ ਲੈ ਕੇ ਜਾਂਦੇ। ਇਹ ਉਨ੍ਹਾਂ ਦੇ ਨਿਤਨੇਮ ਦਾ ਹਿੱਸਾ ਸੀ। ਅੰਮ੍ਰਿਤ ਵੇਲੇ ਦੇ ਨਿਤਨੇਮ ਤੋਂ ਬਾਅਦ ਉਹ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਤੋਂ ਬਿਨਾਂ ਕੁਝ ਨਾ ਖਾਂਦੇ।

ਭਾਈ ਸਾਹਿਬ ਹਮੇਸ਼ਾਂ ਗੁਰਸਿੱਖਾਂ ਦੀ ਜਾਂ ਗੁਰਦੁਆਰਾ ਸਾਹਿਬ ਜਾ ਕੇ ਸੰਗਤ ਕਰਦੇ। ਉਹ ਹਮੇਸ਼ਾਂ ਗੁਰਮਤਿ ਬਿਬੇਕ ਅਨੁਸਾਰ ਸਖਤ ਰਹਿਣੀ-ਬਹਿਣੀ ਵਿੱਚ ਰਹਿੰਦੇ। ਉਹਨਾਂ ਨੂੰ ਸਰਬ ਲੋਹ ਦੇ ਬਰਤਨਾਂ ਦਾ ਅਥਾਹ ਪਿਆਰ ਸੀ। ਉਹ ਹਮੇਸ਼ਾਂ ਆਪਣਾ ਬਾਟਾ ਚਮਕਦਾ ਰੱਖਦੇ ਅਤੇ ਕਿਸੇ ਬੇਅੰਮ੍ਰਿਤੀਏ ਨੂੰ ਕਦੇ ਵੀ ਵਰਤਣ ਲਈ ਨਾਂਹ ਦਿੰਦੇ।

ਉਨ੍ਹਾਂ ਨੇ ਦਿਹਾੜੀਦਾਰ ਜੋ ਖੇਤੀਬਾੜੀ ਵਿੱਚ ਉਹਨਾਂ ਦੇ ਮਾਤਾ-ਪਿਤਾ ਨਾਲ ਕੰਮ ਕਰਵਾਉਂਦੇ ਅਤੇ ਬਹੁਤ ਸਾਰੇ ਹੋਰ ਲੋਕਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਉਨ੍ਹਾਂ ਦੇ ਪਰਿਵਾਰ ਦੇ ਪੂਰੇ ਖੁਸ਼ਹਾਲ ਹੋਣ ਦੇ ਬਾਵਜੂਦ ਉਹ ਹਮੇਸ਼ਾਂ ਸਾਦਾ ਗੁਰਸਿੱਖੀ ਬਾਣਾ ਪਾਉਂਦੇ। ਉਹ ਕਿਸੇ ਵੱਲੋਂ ਗੁਰੂ ਸਾਹਿਬ ਦੀ ਕੀਤੀ ਬੇਅਦਬੀ ਸਹਾਰ ਨਹੀਂ ਸਨ ਸਕਦੇ।

ਵਿਸਾਖੀ ਵਾਲੇ ਦਿਨ ਭਾਈ ਸਾਹਿਬ ਅੰਮ੍ਰਿਤ ਵੇਲੇ ਉੱਠੇ, ਇਸ਼ਨਾਨ ਕਰਕੇ ਨਿਤਨੇਮ ਕੀਤਾ। ਫਿਰ ਉਹ ਗੁਰਦੁਆਰਾ ਸਾਹਿਬ ਗਏ ਅਤੇ ਉਸ ਤੋਂ ਬਾਅਦ ਗੁਰੂ ਨਾਨਕ ਨਿਵਾਸ ਦੇ ਕਮਰਾ ਨੂੰ 5 ਵਿੱਚ ਜੱਥੇਦਾਰ ਕਾਲਾ ਸਿੰਘ ਨੂੰ ਮਿਲਣ ਗਏ। ਉਨ੍ਹਾਂ ਨੇ ਉੱਥੇ ਆਪਣੀ ਜੁੱਤੀ ਰੱਖੀ ਅਤੇ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ।

at the Holy Amritsar Sarowar. Afterwards he walked around the Sri Akal Takht Sahib, did Darshan of the Shashters, thought about the Shaheeds and did Ardas that he may also be able to give Kurbani. He then walked around the Nishaan Sahib reading parts of the Hukamnama -

Kaya Kagad Mun Parwana, Sir Ke Lek Na Parey Iana
(Dhanasari Mahalla 5, Panna 662)

He meets a Gurmukh on the way to the Divaan who says to him- "Singh of the Guru, today is the time for Kurbani, Guru Ji is in need of a head. The Singhs are preparing to go and stop the insults being shouted against our Guru, you should also be present". Then Bhai Sahib walks towards the rest of the Guru's Army. As he was walking he was about to drink water to quench his thirst, the glass he reached out for was taken by some other Singh. Then he did not care for water, nor any Langar, he did not even bother to put his shoes on and went forward to take Shaheedi. He was met by bullets, he shouted out Fateh and died a Shaheed.

## Shaheed Bhai Gurdial Singh Ji Modai

(by Gianni Jaswant Singh B.A, B.T)



Father - Bhai Sohan Singh Ji
Mother- Gulab Kaur Ji
Village - Modai, District Amritsar
Wife - Bibi Jagir Kaur age 29 years
Children - Kanverjeet Kaur 7 years, Charanjeet Singh 5 and a half years, Sukhraj Kaur 3 years, Karamjeet Singh 1 and a half years

Bhai Gurdial Singh was an amazing soul out of the 13 Shaheed Singhs. None of the relatives of his parents or grandparents were Amritdhari Sikhs. He passed his 10th class in the government school in Attari and then started helping at home with the farming work.

Bhai Sahib started doing Sehaj Paath Abyass of Sri Guru Granth Sahib. From the beginning he did Paath from Laridaar Saroop (connected words form of Sri Guru Granth Sahib) and slowly he learnt to do Akhand Paath. He then started doing Sewa of Paath near and far from his village and never took any money in return.

Bhai Sahib then started going to Mehta and other places for Satsang. He took Amrit from Bhindrawale Jatha in 1976. At that time his Singhni was not ready to take Amrit but later on she also agreed to take Amrit. He would rise daily at Amrit Vela, do his Nitnem and recited Sukhmani Sahib as well. He also studied religious books and used to acquire these from his close friends. At the time of his Shaheedi he was reading 'Gurmat Nirnai Bhandar'.

With his persuasion, many other Singhs in his village also took Amrit. He was always the main organiser for arranging programs at the Gurdwara and at other religious events.

ਇਸ ਤੋਂ ਬਾਅਦ ਉਨ੍ਹਾਂ ਸ਼੍ਰੀ ਅਕਾਲ ਤਖਤ ਸਾਹਿਬ ਦੀ ਪ੍ਰਕਰਮਾ ਕੀਤੀ ਅਤੇ ਸ਼ਸ਼ਤਰਾਂ ਦੇ ਦਰਸ਼ਨ ਕੀਤੇ ਅਤੇ ਸ਼ਹੀਦਾਂ ਬਾਰੇ ਸੋਚ ਕੇ ਅਰਦਾਸ ਕੀਤੀ ਕਿ ਉਹ ਵੀ ਕੁਰਬਾਨੀ ਦੇਣ ਦੇ ਯੋਗ ਹੋ ਜਾਵੇ। ਫਿਰ ਉਨ੍ਹਾਂ ਹੁਕਮਨਾਮਾ ਪੜ੍ਹਦਿਆਂ ਨਿਸ਼ਾਨ ਸਾਹਿਬ ਦੀ ਪ੍ਰਕਰਮਾ ਕੀਤੀ।

"ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥
(ਧਨਾਸਰੀ ਮਹਲਾ ੫, ਅੰਗ ੬੬੨)

ਉਨ੍ਹਾਂ ਨੂੰ ਦੀਵਾਨ ਹਾਲ ਦੇ ਰਸਤੇ ਵਿੱਚ ਕੁਝ ਸਿੰਘ ਮਿਲੇ, ਜਿਨ੍ਹਾਂ ਉਨ੍ਹਾਂ ਨੂੰ ਆਖਿਆ ਕਿ ਸਿੰਘਾ ਅੱਜ ਕੁਰਬਾਨੀ ਦਾ ਦਿਨ ਹੈ। ਗੁਰੂ ਜੀ ਨੂੰ ਇੱਕ ਸਿਰ ਦੀ ਲੋੜ ਹੈ। ਸਿੰਘ ਸਾਡੇ ਗੁਰੂ ਵਿਰੁੱਧ ਬੋਲਣ ਵਾਲਿਆਂ ਨੂੰ ਰੋਕਣ ਲਈ ਜਾਣ ਦੀ ਤਿਆਰੀ ਕਰ ਰਹੇ ਹਨ ਅਤੇ ਤੁਹਾਨੂੰ ਵੀ ਜਾਣਾ ਚਾਹੀਦਾ ਹੈ। ਫਿਰ ਭਾਈ ਸਾਹਿਬ ਗੁਰੂ ਸਾਹਿਬ ਦੀ ਬਾਕੀ ਫੌਜ ਵੱਲ ਚੱਲ ਪਏ। ਚਲਦਿਆਂ ਚਲਦਿਆਂ ਉਨ੍ਹਾਂ ਪਿਆਸ ਬੁਝਾਉਣ ਲਈ ਜਲ ਛਕਣ ਦੀ ਕੋਸ਼ਿਸ਼ ਕੀਤੀ ਤਾਂ ਜਲ ਦਾ ਗਿਲਾਸ ਉਨ੍ਹਾਂ ਤੱਕ ਪਹੁੰਚਦਿਆਂ ਹੋਰ ਸਿੰਘ ਨੇ ਫੜ ਲਿਆ। ਫਿਰ ਉਹ ਬਿਨਾਂ ਪਾਣੀ ਪੀਤਿਆਂ, ਬਿਨਾਂ ਲੰਗਰ ਛਕਿਆਂ ਅਤੇ ਇੱਥੋਂ ਤੱਕ ਬਿਨ੍ਹਾਂ ਜੁੱਤੀ ਪਾਇਆਂ ਸ਼ਹਾਦਤ ਪਾਉਣ ਲਈ ਅੱਗੇ ਵਧ ਗਏ। ਉਨ੍ਹਾਂ ਦੇ ਗੋਲੀਆਂ ਵੱਜੀਆਂ ਅਤੇ ਫਤਿਹ ਦਾ ਜੈਕਾਰ ਛੱਡਿਆ ਅਤੇ ਸ਼ਹੀਦ ਹੋ ਗਏ।

# ਸ਼ਹੀਦ ਭਾਈ ਗੁਰਦਿਆਲ ਸਿੰਘ ਮੋਦੇ

ਗਿਆਨੀ ਜਸਵੰਤ ਸਿੰਘ ਬੀ.ਏ, ਬੀਟੀ



ਪਿਤਾ – ਭਾਈ ਸੋਹਣ ਸਿੰਘ ਜੀ
ਮਾਤਾ – ਗੁਲਾਬ ਕੌਰ ਜੀ
ਪਿੰਡ – ਮੋਦੇ, ਜਿਲਾ ਅੰਮ੍ਰਿਤਸਰ
ਪਤਨੀ – ਬੀਬੀ ਜਾਗੀਰ ਕੌਰ, ਉਮਰ 29 ਸਾਲ
ਬੱਚੇ – ਕੰਵਰਜੀਤ ਕੌਰ (7), ਚਰਨਜੀਤ ਸਿੰਘ (5), ਸੁਖਰਾਜ ਕੌਰ (3), ਕਮਲਜੀਤ ਸਿੰਘ (11/2 )

ਭਾਈ ਗੁਰਦਿਆਲ ਸਿੰਘ 13 ਸ਼ਹੀਦ ਸਿੰਘਾਂ ਵਿੱਚੋਂ ਇੱਕ ਸਨ। ਉਨ੍ਹਾਂ ਦੇ ਨਾਨਕਿਆਂ, ਦਾਦਕਿਆਂ ਵਿੱਚੋਂ ਕਿਸੇ ਨੇ ਵੀ ਅੰਮ੍ਰਿਤ ਨਹੀਂ ਸੀ ਛਕਿਆ। ਉਨਾਂ ਅਟਾਰੀ ਦੇ ਸਕੂਲ ਵਿੱਚੋਂ ਦਸਵੀਂ ਦਾ ਇਮਤਿਹਾਨ ਪਾਸ ਕੀਤਾ ਅਤੇ ਫਿਰ ਖੇਤੀ ਦੇ ਕੰਮ ਵਿੱਚ ਹੱਥ ਵਟਾਉਣ ਲੱਗ ਪਏ।

ਭਾਈ ਸਾਹਿਬ ਨੇ ਸ਼੍ਰੀ ਅਖੰਡ ਪਾਠ ਦੇ ਸਹਿਜ ਪਾਠ ਦਾ ਅਭਿਆਸ ਸ਼ੁਰੂ ਕੀਤਾ। ਸ਼ੁਰੂ ਵਿੱਚ ਉਨ੍ਹਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਤੋਂ ਪਾਠ ਕਰਨਾ ਸ਼ੁਰੂ ਕੀਤਾ ਅਤੇ ਫਿਰ ਉਨ੍ਹਾਂ ਹੌਲੀ ਹੌਲੀ ਅਖੰਡ ਪਾਠ ਕਰਨਾ ਸ਼ੁਰੂ ਕੀਤਾ। ਫਿਰ ਉਨ੍ਹਾਂ ਨੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਪਾਠ ਕਰਨ ਦੀ ਸੇਵਾ ਸ਼ੁਰੂ ਕਰ ਦਿੱਤੀ ਅਤੇ ਕਦੀ ਕੋਈ ਪੈਸਾ ਨਹੀਂ ਲਿਆ।

ਭਾਈ ਸਾਹਿਬ ਫਿਰ ਮਹਿਤਾ ਅਤੇ ਹੋਰ ਥਾਵਾਂ 'ਤੇ ਸਤਿਸੰਗ ਵਿੱਚ ਜਾਣ ਲੱਗ ਪਏ। ਉਨ੍ਹਾਂ ਨੇ 1976 ਵਿੱਚ ਅੰਮ੍ਰਿਤਪਾਨ ਕੀਤਾ। ਇਸ ਸਮੇਂ ਉਨ੍ਹਾਂ ਦੀ ਸਿੰਘਣੀ ਅੰਮ੍ਰਿਤ ਛਕਣ ਲਈ ਤਿਆਰ ਨਾ ਹੋਏ, ਪਰ ਬਾਅਦ ਵਿੱਚ ਉਨ੍ਹਾਂ ਨੇ ਵੀ ਅੰਮ੍ਰਿਤ ਛਕ ਲਿਆ। ਉਹ ਹਰ ਰੋਜ਼ ਅੰਮ੍ਰਿਤ ਵੇਲੇ ਉੱਠਕੇ ਨਿਤਨੇਮ ਬਾਣੀਆਂ ਦਾ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਦੇ। ਉਹ ਆਪਣੇ ਮਿੱਤਰਾਂ ਤੋਂ ਧਾਰਮਿਕ ਕਿਤਾਬਾਂ ਲੈ ਕੇ ਪੜ੍ਹਦੇ। ਆਪਣੀ ਸ਼ਹਾਦਤ ਸਮੇਂ ਉਹ "ਗੁਰਮਤਿ ਨਿਰਣੈ ਭੰਡਾਰ" ਕਿਤਾਬ ਪੜ੍ਹ ਰਹੇ ਸਨ।

ਭਾਈ ਸਾਹਿਬ ਦੀ ਪ੍ਰੇਰਣਾ ਸਦਕਾ ਉਨ੍ਹਾਂ ਦੇ ਪਿੰਡ ਦੇ ਕਈ ਹੋਰ ਸਿੰਘਾਂ ਨੇ ਅੰਮ੍ਰਿਤਪਾਨ ਕੀਤਾ। ਉਹ ਗੁਰਦੁਆਰਾ ਸਾਹਿਬ ਵਿੱਚ ਅਤੇ ਹੋਰ ਥਾਵਾਂ 'ਤੇ ਸਮਾਗਮ ਕਰਵਾਉਣ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ। ਹਰ ਕੋਈ ਕੰਮ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਸਲਾਹ ਜ਼ਰੂਰ ਲੈਂਦਾ।

ਭਾਈ ਸਾਹਿਬ ਵਿਸਾਖੀ ਤੋਂ ਇੱਕ ਦਿਨ ਪਹਿਲਾਂ ਅੰਮ੍ਰਿਤਸਰ ਪਹੁੰਚ ਗਏ। ਉਹ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਕੇ ਗੁਰੂ ਦਰਬਾਰ ਦੇ ਦਰਸ਼ਨ ਕਰਨਾ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਨੂੰ ਮਿਲਣਾ ਚਾਹੁੰਦੇ

Everybody used to take advice from him before going ahead with any event.

Bhai Sahib went to Amritsar the day before Amritsar. He wanted to do Darshan of the Guru's Darbar, to bathe in the Amrit Sarowar and had a desire to meet Sant Jarnail Singh Ji. On the day of Vaisakhi, after doing Ishnaan and Nitnem he went to the Divaan at Manji Sahib. Bhai Jarnail Singh was organising a program with Singhs from the Akhand Kirtani Jatha and the Bhindranwale Jatha to do a peaceful protest to stop the insults being shouted against Guru Ji. Sant Jarnail Singh Ji himself was getting ready to go with the protest, and at this time Bhai Gurdial Singh Ji stood up and asked Sant Ji not to go and that he would go instead.

He leaves behind his wife and three children whose ages are about 7 years, 5 and a half years and 1 and a half years. Great are such Sikh Warrior-Saints, who leave behind their wives and children and give their lives for the Guru Panth.

# Shaheed Baba Darshan Singh Ji, Mehta

Baba Darshan Singh was born in the village of Nawan Vaironangal in the Tehsil of Batala at the house of Sardar Achher Singh. At the time of Shaheedi, his age was about 65-70 years old and he was religious from childhood. His mother and father were Amritdhari and he took Amrit at the age of 10. Even though he did not get much school education, he was very good at Gurmat education. He was a Nitnemi and an accomplished Akhand Paathi.



Apart from the five Banis his Nitnem also included Asa Di Vaar and Sukhmani Sahib. He remained single for the whole of his life. He stayed at Cheleana Sahib for 20 years and was present at the Shaheedi massacre there. Here he took part in the 101 Akhand Paaths done for the Shaheed Singhs. Afterwards 202 Akhand Paaths were done for the Shaheed Singhs at the village of Kaleh, and Bhai Sahib stayed there for one and a half years doing Sewa of the Akhand Paaths.

Afterwards he stayed at the Gurdwara Guriana Sahib, the historical Gurdwara of the 6th Guru in Vaironangal. There, he stayed as a Granthi and did a lot of Sewa, teaching many people Paath from the Guru Granth Sahib and making them into Akhand Paathis. He would only eat Bebek food prepared by his own hands and always kept a Sarbloh (iron) Simrana in his hands.

After doing Sewa at Guriana Sahib for about 9 or 10 years he moved to Dera Mehta. Here Sant Kartar Singh Ji Khalsa appointed him Jathedar of the land of the Dera. He carried out this Sewa until the end. He also used to give his pension to the Dera.

ਸਨ। ਵਿਸਾਖੀ ਵਾਲੇ ਦਿਨ ਉਹ ਇਸ਼ਨਾਨ ਕਰਕੇ ਨਿਤਨੇਮ ਕਰਨ ਤੋਂ ਬਾਅਦ ਦੀਵਾਨ ਹਾਲ ਮੰਜੀ ਸਾਹਿਬ ਗਏ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਅਖੰਡ ਕੀਰਤਨੀ ਜੱਥਾ ਅਤੇ ਭਿੰਡਰਾਂਵਾਲੇ ਜੱਥੇ ਦੇ ਸਿੰਘਾਂ ਸਮੇਤ ਗੁਰੂ ਸਾਹਿਬ ਦੀ ਬੇਅਦਬੀ ਵਿਰੁੱਧ ਸ਼ਾਂਤਮਈ ਰੋਸ ਮੁਜ਼ਾਹਰਾ ਕਰਨ ਦਾ ਪ੍ਰੋਗਰਾਮ ਉਲੀਕ ਰਹੇ ਸਨ। ਸੰਤ ਜਰਨੈਲ ਸਿੰਘ ਇਸ ਮੁਜ਼ਾਹਰੇ ਵਿੱਚ ਜਾਣ ਲਈ ਖੁਦ ਤਿਆਰ ਹੋ ਰਹੇ ਸਨ, ਇਸੇ ਸਮੇਂ ਭਾਈ ਗੁਰਦਿਆਲ ਸਿੰਘ ਉੱਠ ਖੜ੍ਹੇ ਹੋਏ ਅਤੇ ਕਿਹਾ ਕਿ ਸੰਤ ਜੀ ਦੀ ਬਜਾਏ ਉਹ ਮੁਜ਼ਹਾਰੇ ਵਿੱਚ ਜਾਣਗੇ।

ਉਹ ਆਪਣੇ ਪਿੱਛੇ ਆਪਣੀ ਪਤਨੀ ਅਤੇ 7 ਸਾਲ, 5 ਸਾਲ ਅਤੇ 11/2 ਸਾਲ ਦੇ ਤਿੰਨ ਬੱਚੇ ਛੱਡ ਗਏ। ਅਜਿਹੇ ਸੰਤ-ਸਿਪਾਹੀ ਮਹਾਨ ਹਨ ਜੋ ਗੁਰੂ ਪੰਥ ਲਈ ਆਪਣੀਆਂ ਸਿੰਘਣੀਆਂ ਅਤੇ ਬੱਚਿਆਂ ਨੂੰ ਛੱਡ ਗਏ।

## ਸ਼ਹੀਦ ਬਾਬਾ ਦਰਸ਼ਨ ਸਿੰਘ ਜੀ ਮਹਿਤਾ




ਬਾਬਾ ਦਰਸ਼ਨ ਸਿੰਘ ਜੀ ਮਹਿਤਾ ਪਿੰਡ ਨਵਾਂ ਵੈਰੋਨੰਗਲ, ਤਹਿਸੀਲ ਬਟਾਲਾ ਵਿੱਚ ਸਰਦਾਰ ਅੱਛਰ ਸਿੰਘ ਦੇ ਘਰ ਪੈਦਾ ਹੋਏ। ਸ਼ਹੀਦੀ ਸਮੇਂ ਉਨ੍ਹਾਂ ਦੀ ਉਮਰ 65-70 ਸਾਲ ਦੀ ਸੀ ਅਤੇ ਬਚਪਨ ਤੋਂ ਹੀ ਗੁਰੂ-ਘਰ ਨਾਲ ਜੁੜੇ ਹੋਏ ਸਨ। ਉਨ੍ਹਾਂ ਨੇ 10 ਸਾਲਾਂ ਦੀ ਉਮਰ ਵਿੱਚ ਅੰਮ੍ਰਿਤ ਛਕਿਆ ਸੀ ਅਤੇ ਉਨ੍ਹਾਂ ਦੇ ਮਾਤਾ-ਪਿਤਾ ਵੀ ਅੰਮ੍ਰਿਤਧਾਰੀ ਸਨ। ਭਾਵੇਂ ਕਿ ਉਨ੍ਹਾਂ ਕੋਈ ਜਿਆਦਾ ਦੁਨਿਆਵੀ ਵਿੱਦਿਆ ਹਾਸਲ ਨਹੀਂ ਸੀ ਕੀਤੀ, ਪਰ ਗੁਰਮਤਿ ਦਾ ਉਨ੍ਹਾਂ ਨੂੰ ਕਾਫੀ ਗਿਆਨ ਸੀ। ਉਹ ਨਿਤਨੇਮੀ ਅਤੇ ਵਧੀਆ ਅਖੰਡ ਪਾਠੀ ਸਨ।

ਪੰਜ ਬਾਣੀਆਂ ਤੋਂ ਇਲਾਵਾ ਉਨ੍ਹਾਂ ਦੇ ਨਿਤਨੇਮ ਵਿੱਚ ਆਸਾ ਦੀ ਵਾਰ ਅਤੇ ਸੁਖਮਨੀ ਸਾਹਿਬ ਵੀ ਸ਼ਾਮਲ ਸਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਇਕੱਲਿਆਂ ਹੀ ਬਤਾਈ ਅਤੇ ਵਿਆਹ ਨਹੀਂ ਸੀ ਕਰਵਾਇਆ। ਉਹ ਚੇਲੀਆਂ ਸਾਹਿਬ 20 ਸਾਲ ਤੱਕ ਰਹੇ ਸ਼ਹੀਦੀ ਸਾਕੇ ਵੇਲੇ ਵੀ ਉੱਥੇ ਹੀ ਹਾਜ਼ਰ ਸਨ। ਇੱਥੇ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਹੋਏ 101 ਅਖੰਡ ਪਾਠਾਂ ਵਿੱਚ ਉਨ੍ਹਾਂ ਨੇ ਸੇਵਾ ਨਿਭਾਈ ਸੀ। ਇਸ ਤੋਂ ਬਾਅਦ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਪਿੰਡ ਕਲੇਹ ਵਿੱਚ 202 ਅਖੰਡ ਪਾਠ ਹੋਏ ਅਤੇ ਭਾਈ ਸਾਹਿਬ ਨੇ ਉੱਥੇ ਡੇੜ ਸਾਲ ਰਹਿ ਕੇ ਪਾਠਾਂ ਵਿੱਚ ਸੇਵਾ ਕੀਤੀ।

ਇਸ ਤੋਂ ਬਾਅਦ ਉਹ ਛੇਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਵੈਰੋਨੰਗਲ ਵਿੱਚ ਰਹੇ। ਇੱਥੇ ਉਨ੍ਹਾਂ ਗ੍ਰੰਥੀ ਵਜੋਂ ਸੇਵਾ ਕੀਤੀ ਅਤੇ ਕਈਆਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸੰਥਿਆ ਕਰਵਾਈ ਅਤੇ ਅਖੰਡ ਪਾਠੀ ਬਣਾਇਆ। ਉਹ ਹਮੇਸ਼ਾਂ ਆਪਣੇ ਹੱਥੀਂ ਤਿਆਰ ਕੀਤਾ ਬਿਬੇਕੀ ਪ੍ਰਸ਼ਾਦਾ ਛੱਕਦੇ ਅਤੇ ਹੱਥ ਵਿੱਚ ਸਰਬਲੋਹ ਦਾ ਸਿਮਰਨਾਂ ਰੱਖਦੇ।

ਗੁਰਦੁਆਰਾ ਗੁਰੀਆਨਾ ਸਾਹਿਬ ਵਿਖੇ 9-10 ਸਾਲ ਸੇਵਾ ਕਰਨ ਤੋਂ ਬਾਅਦ ਉਹ ਡੇਰਾ ਮਹਿਤਾ ਚਲੇ ਗਏ। ਇੱਥੇ ਸੰਤ ਕਰਤਾਰ ਸਿੰਘ ਜੀ ਨੇ ਉਨ੍ਹਾਂ ਨੂੰ ਮਹਿਤਾ ਡੇਰੇ ਦੀ ਜ਼ਮੀਨ ਦਾ ਜੱਥੇਦਾਰ ਬਣਾਇਆ। ਅਖੀਰ ਤੱਕ ਉਨ੍ਹਾਂ ਨੇ ਇਹ ਸੇਵਾ ਨਿਭਾਈ। ਉਹ ਆਪਣੀ ਪੈਨਸ਼ਨ ਵੀ ਡੇਰੇ ਨੂੰ ਦੇ ਦਿੰਦੇ।


























Sangat en-route to Funeral


















Final Respects before
Cremation service













En-route to cremation ground & Preparations













# Reminiscences

Meeting Bhai Fauja Singh jee

This section features the firsthand accounts of Sikhs from across the world, all of which had the priviledge of spending time with Bhai Fauja Singh.

## Selfless Service

His daily routine began when he'd wake up at two in the morning during Amrit Vela. After having a bath he would begin Naam Simran meditation. After reciting Nitnem and following Satguru`s Darshan he would sing Kirtan in the Sangat and then he would be happy doing sewa all day long.

Bhai Fauja Singh's house was very close to Siri Darbar Sahib that meant that for many years countless Gursikhs would visit him when going there. The couple lived on the third floor where there were no facilities for water. Every night, before going to sleep, Bhai Fauja Singh would serve the overnight Sangat staying at his house by filling buckets of water from the water pump down below and taking these upstairs for Amrit Vela Ishnaan. These three flights of stairs were so narrow that it was difficult even just walking up them without carrying anything. When we asked him to install basic facilities for accessible water, he would laughingly reply; "Sister, if some other facilities were made available then I would not be able to do this Sewa anymore".

We used to talk at home back in America amongst ourselves that this was a soul of a Shaheed sent here for a particular reason; and when that event took place, this soul wouldn't remain on this planet for much longer. Guru Sahib gave His blessings and made Bhai Sahib offer Shaheedi to awaken the sleeping Panth and to re-instill the Khalsa spirit, love, devotion and respect for Satguru. This Gursikh was always ready to obey the Guru`s order and it was this spirit of devotion and sense of duty towards the Guru that made Bhai Fauja Singh immediately get up from doing the Sewa of Langar and present himself for the ultimate sacrifice. He completed the Sewa that Satguru had sent him to do. Bhai Fauja Singh and the other twelve Gursikhs gave their lives to remove the Panth's complacency.

*Bibi Harsharan Kaur, Jullundhar, Punjab*

# ਯਾਦਾਂ

ਭਾਈ ਫੌਜਾ ਸਿੰਘ ਜੀ ਨਾਲ ਮਿਲਣ ਸਮੇਂ ਦੀਆਂ ਯਾਦਾਂ

ਇਸ ਭਾਗ ਵਿੱਚ ਪੂਰੀ ਦੁਨੀਆਂ ਵਿੱਚ ਵਸਦੇ ਉਹਨਾਂ ਸਿੱਖਾਂ ਦੇ ਵਿਚਾਰ ਹਨ ਜਿਨ੍ਹਾਂ ਨੂੰ ਭਾਈ ਫੌਜਾ ਸਿੰਘ ਜੀ ਨਾਲ ਸਮਾਂ ਬਿਤਾਉਣ ਦਾ ਸੁਭਾਗ ਪ੍ਰਾਪਤ ਹੋਇਆ।

## ਨਿਰਸਵਾਰਥ ਸੇਵਾ

ਭਾਈ ਸਾਹਿਬ ਜੀ ਦਾ ਰੋਜ਼ਾਨਾ ਦਾ ਨੇਮ ਉਦੋਂ ਸ਼ੁਰੂ ਹੋ ਜਾਂਦਾ ਜਦੋਂ ਉਹ ਅੰਮ੍ਰਿਤ ਵੇਲੇ ਦੋ ਵਜੇ ਉੱਠ ਜਾਂਦੇ। ਇਸ਼ਨਾਨ ਕਰਨ ਉਪਰੰਤ ਉਹ ਨਾਮ ਸਿਮਰਨ ਦਾ ਅਭਿਆਸ ਕਰਦੇ। ਫਿਰ ਨਿਤਨੇਮ ਕਰਨ ਉਪਰੰਤ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਦੇ ਤੇ ਸੰਗਤ ਵਿੱਚ ਕੀਰਤਨ ਕਰਦੇ। ਇਸ ਉਪਰੰਤ ਉਹ ਸਾਰਾ ਦਿਨ ਖੁਸ਼ੀ ਖੁਸ਼ੀ ਸੇਵਾ ਕਰਦੇ ਰਹਿੰਦੇ।

ਭਾਈ ਫੌਜਾ ਸਿੰਘ ਜੀ ਦਾ ਘਰ ਸ੍ਰੀ ਦਰਬਾਰ ਸਾਹਿਬ ਦੇ ਬਹੁਤ ਨੇੜੇ ਸੀ। ਇਸ ਕਰਕੇ ਕਈ ਸਾਲ ਅਨੇਕਾਂ ਗੁਰਸਿੱਖ ਜਦੋਂ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਜਾਂਦੇ ਤਾਂ ਉਹ ਭਾਈ ਸਾਹਿਬ ਜੀ ਨੂੰ ਵੀ ਮਿਲਦੇ। ਭਾਈ ਸਾਹਿਬ ਤੇ ਉਹਨਾਂ ਦੀ ਸਿੰਘਣੀ ਤੀਸਰੀ ਮੰਜ਼ਲ ਉੱਤੇ ਰਹਿੰਦੇ ਸਨ ਤੇ ਉੱਥੇ ਪਾਣੀ ਦੀ ਸਹੂਲਤ ਮੌਜੂਦ ਨਹੀਂ ਸੀ। ਹਰ ਰਾਤ ਸੌਣ ਤੋਂ ਪਹਿਲਾਂ ਭਾਈ ਸਾਹਿਬ ਆਈ ਹੋਈ ਸੰਗਤ ਲਈ ਥੱਲਿਓਂ ਪਾਣੀ ਭਰ ਕੇ ਉੱਤੇ ਪਹੁੰਚਾਉਂਦੇ ਤਾਂ ਕਿ ਸੰਗਤ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ ਸਕੇ । ਤੀਸਰੀ ਮੰਜ਼ਲ ਤੱਕ ਪਹੁੰਚਦੀਆਂ ਪੌੜੀਆਂ ਬਹੁਤ ਭੀੜੀਆਂ ਸਨ ਤੇ ਮੁਸ਼ਕਿਲ ਨਾਲ ਬਿਨਾਂ ਸਮਾਨ ਤੋਂ ਹੀ ਉਹਨਾਂ ਤੇ ਚੜ੍ਹਿਆ ਜਾ ਸਕਦਾ ਸੀ। ਜਦੋਂ ਅਸੀਂ ਭਾਈ ਸਾਹਿਬ ਜੀ ਨੂੰ ਕਿਹਾ ਕਿ ਉਹ ਉੱਤੇ ਹੀ ਚਲਦੇ ਪਾਣੀ ਦਾ ਇੰਤਜ਼ਾਮ ਕਰ ਲੈਣ ਤਾਂ ਉਹ ਹੱਸਦਿਆਂ ਕਹਿੰਦੇ, ''ਭੈਣ ਜੀ ਜੇ ਮੈਂ ਇੰਤਜ਼ਾਮ ਕਰ ਲਿਆ ਤਾਂ ਮੈਂ ਇਹ ਸੇਵਾ ਫਿਰ ਨਹੀਂ ਕਰ ਸਕਾਂਗਾ ।''

ਅਸੀਂ ਅਮਰੀਕਾ ਵਿੱਚ ਜਦੋਂ ਆਪਣੇ ਘਰ ਭਾਈ ਸਾਹਿਬ ਬਾਰੇ ਗੱਲ ਕਰਦੇ ਤਾਂ ਅਸੀਂ ਕਹਿੰਦੇ ਕਿ ਭਾਈ ਸਾਹਿਬ ਕਿਸੇ ਸ਼ਹੀਦ ਦੀ ਰੂਹ ਹੈ ਤੇ ਉਹਨਾਂ ਨੂੰ ਕਿਸੇ ਖਾਸ ਕਾਰਜ ਲਈ ਗੁਰੂ ਸਾਹਿਬ ਨੇ ਇੱਥੇ ਭੇਜਿਆ ਹੈ ਤੇ ਜਦੋਂ ਉਹ ਕਾਰਜ ਪੂਰਾ ਹੋ ਗਿਆ ਤਾਂ ਇਹ ਰੂਹ ਇਸ ਧਰਤੀ 'ਤੇ ਬਹੁਤਾ ਚਿਰ ਨਹੀਂ ਰਹੇਗੀ । ਗੁਰੂ ਸਾਹਿਬ ਜੀ ਨੇ ਭਾਈ ਸਾਹਿਬ ਨੂੰ ਵਰ ਦਿੱਤਾ ਤੇ ਖਾਲਸਾ ਪੰਥ ਨੂੰ ਜਗਾਉਣ ਲਈ, ਖਾਲਸਾ ਸਪਿਰਟ ਮੁੜ ਸੁਰਜੀਤ ਕਰਨ ਲਈ ਤੇ ਸਤਿਗੁਰ ਜੀ ਲਈ ਪਿਆਰ ਸਤਿਕਾਰ ਅਤੇ ਸ਼ਰਧਾ ਬਹਾਲ ਕਰਨ ਲਈ ਭਾਈ ਸਾਹਿਬ ਨੇ ਸ਼ਹੀਦੀ ਪ੍ਰਾਪਤ ਕੀਤੀ। ਇਹ ਗੁਰਸਿੱਖ ਹਮੇਸ਼ਾਂ ਹੀ ਗੁਰੂ ਸਾਹਿਬ ਜੀ ਦਾ ਹੁਕਮ ਮੰਨਣ ਲਈ ਤਿਆਰ ਬਰ ਤਿਆਰ ਸੀ। ਇਹ ਭਾਈ ਸਾਹਿਬ ਦੀ ਸ਼ਰਧਾ ਭਾਵਨਾ ਅਤੇ ਸੇਵਾ ਲਈ ਤਤਪਰਤਾ ਹੀ ਸੀ ਜਿਸਨੇ ਉਹਨਾਂ ਨੂੰ ਇਕਦਮ ਲੰਗਰ ਵਿੱਚੋਂ ਸੇਵਾ ਕਰਦਿਆਂ ਉਠਾਇਆ ਤੇ ਉਹਨਾਂ ਆਪਣੇ ਆਪ ਨੂੰ ਕੁਰਬਾਨੀ ਦੇਣ ਲਈ ਪੇਸ਼ ਕਰ ਦਿੱਤਾ। ਭਾਈ ਸਾਹਿਬ ਜੀ ਨੇ ਗੁਰੂ ਸਾਹਿਬ ਜੀ ਵੱਲੋਂ ਜਿਸ ਸੇਵਾ ਲਈ ਉਹਨਾਂ ਨੂੰ ਭੇਜਿਆ ਉਹ ਸੇਵਾ ਉਹਨਾਂ ਬਾਖੂਬੀ ਨਿਭਾਈ। ਭਾਈ ਫੌਜਾ ਸਿੰਘ ਜੀ ਤੇ ਉਹਨਾਂ ਦੇ ਨਾਲ 12 ਹੋਰ ਗੁਰਸਿੱਖਾਂ ਨੇ ਪੰਥ ਵਿੱਚੋਂ ਦਲਿੱਦਰ ਨੂੰ ਦੂਰ ਕਰਨ ਲਈ ਆਪਣੀਆਂ ਜਾਨਾਂ ਨਿਛਾਵਰ ਕਰ ਦਿੱਤੀਆਂ ।

ਬੀਬੀ ਹਰਸ਼ਰਨ ਕੌਰ, ਜਲੰਧਰ, ਪੰਜਾਬ

## Gentle Warrior



I know he was a fierce and brave warrior of the Guru, but I remember him mostly as a gentle and kind teacher. We were so young and so new to Sikhi; we were so ignorant. Bibi Amarjeet Kaur and Bhai Fauja Singh treated us as their spiritual children, and patiently taught us and inspired us upon the Guru's Path. They would write the sweetest letters to encourage our devotion to Waheguru. He never chastized or humiliated us for the hundreds of thousands of mistakes we made every day. Instead, his pure love would gently correct and immediately forgive every mistake.

*Bibi Shanti Kaur Khalsa, America*

## Anand Anand Anand Hai!

Once Bhai Fauja Singh jee and other Gursikhs woke at Amritvela in the early hours 12 -1. All Singhs were doing Gurmat Ishnaan and quickly made there way to the spot on Khalsa Farm were Naam Abhyass started. Naam Abhyass was going on in high spirits and all Gursikhs where tasting the Rass of Naam and very much in a Premi Bliss with Sri Gurdev jee. A Gursikh started Nitnem Paath, when the time for Sri Anand Sahib came, Bhai Fauja Singh jee started such an amazing high pitched Bairaagi recitation. The Anand was so pleasurable, nobody sitting there was not Jaaping Naam with such vigour. It was such an unseen wonderful experience. Bhai Fauja Singh jee was in a different realm and many hours passed reciting Sri Anand Sahib. Such experiences rarely come in one's Jeevan and to sit with such Gursikhs is a true blessing from Vaheguroo.

*Master Niranjan Singh*
*Gurdaspur, Punjab*

## ਸੇਵ ਕਮਾਈਐ

Bhai Fauja Singh started doing a lot of Seva for Gursikhs. He worked around Amritsar. He used to spend all the wages he and his Singhni earned on the Seva of the Singhs. Bibi jee told us that he used to say "All the money we spend on ourselves is wasted but the money we spend on doing Seva for the Gursikhs is not wasted and is saved in our bank".

*Bibi Amarjit Kaur – Wife of Shaheed Bhai Fauja Singh jee*

## ਦਇਆਵਾਨ ਯੋਧਾ

ਮੈਨੂੰ ਪਤਾ ਹੈ ਕਿ ਉਹ ਗੁਰੂ ਸਾਹਿਬ ਦੇ ਬਹੁਤ ਹੀ ਜੋਸ਼ੀਲੇ ਅਤੇ ਬਹਾਦਰ ਯੋਧੇ ਸਨ ਪਰ ਮੈਂ ਉਹਨਾਂ ਨੂੰ ਜ਼ਿਆਦਾਤਰ ਇੱਕ ਕੋਮਲ ਤੇ ਦਿਆਲੂ ਅਧਿਆਪਕ ਦੇ ਤੌਰ ਤੇ ਜਾਣਦੀ ਹਾਂ। ਅਸੀਂ ਨੌਜਵਾਨ ਸੀ ਤੇ ਸਿੱਖੀ ਵਿੱਚ ਨਵੇਂ ਆਏ ਸੀ। ਅਸੀਂ ਬਹੁਤ ਹੀ ਅਣਜਾਣ ਸੀ। ਭਾਈ ਫੌਜਾ ਸਿੰਘ ਜੀ ਤੇ ਬੀਬੀ ਅਮਰਜੀਤ ਕੌਰ ਸਾਡੇ ਨਾਲ ਆਪਣੇ ਰੂਹਾਨੀ ਬੱਚਿਆਂ ਵਾਂਗ ਪੇਸ਼ ਆਉਂਦੇ। ਉਹਨਾਂ ਸਾਨੂੰ ਬਹੁਤ ਹੀ ਧੀਰਜ ਨਾਲ ਸਿਖਾਇਆ ਤੇ ਸਾਨੂੰ ਗੁਰੂ ਦੇ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਉਹ ਸਾਨੂੰ ਬਹੁਤ ਹੀ ਪਿਆਰੇ ਖਤ ਲ਼ਿਖ ਵਾਹਿਗੁਰੂ ਜੀ ਵਿੱਚ ਸ਼ਰਧਾ ਰੱਖਣ ਲਈ ਉਤਸ਼ਾਹਿਤ ਕਰਦੇ। ਉਹਨਾਂ ਕਦੇ ਵੀ ਸਾਡੇ ਵੱਲੋਂ ਰੋਜ਼ਾਨਾ ਕੀਤੀਆਂ ਜਾਂਦੀਆਂ ਸੈਂਕੜੇ ਹਜ਼ਾਰਾਂ ਗਲਤੀਆਂ ਕਰਕੇ ਸਾਨੂੰ ਨਾ ਝਿੜਕਿਆ ਨਾ ਸਜ਼ਾ ਦਿੱਤੀ । ਇਸ ਦੀ ਬਜਾਇ ਉਹਨਾਂ ਦਾ ਸੱਚਾ ਸੁੱਚਾ ਪਿਆਰ ਹਰ ਗਲਤੀ ਨੂੰ ਮਾਫ ਕਰ ਦਿੰਦਾ ਤੇ ਹਰ ਗਲਤੀ ਨੂੰ ਤੁਰੰਤ ਸੁਧਾਰ ਦਿੰਦਾ।

ਬੀਬੀ ਸ਼ਾਂਤੀ ਕੌਰ ਖਾਲਸਾ, ਅਮਰੀਕਾ

## ਅਨੰਦ ਅਨੰਦ ਅਨੰਦ ਹੈ!



ਇੱਕ ਵਾਰ ਭਾਈ ਫੌਜਾ ਸਿੰਘ ਜੀ ਤੇ ਹੋਰ ਗੁਰਸਿੱਖ ਅੰਮ੍ਰਿਤ ਵੇਲੇ 12-1 ਵਜੇ ਉੱਠੇ। ਸਾਰੇ ਸਿੰਘ ਗੁਰਮਤਿ ਇਸ਼ਨਾਨ ਕਰਕੇ ਤੇਜੀ ਨਾਲ ਖਾਲਸਾ ਫਾਰਮ ਵਿੱਚ ਉਸ ਜਗ੍ਹਾ ਵੱਲ ਚਲੇ ਜਾ ਰਹੇ ਸਨ ਜਿੱਥੇ ਨਾਮ ਅਭਿਆਸ ਚਲ ਰਿਹਾ ਸੀ। ਨਾਮ ਅਭਿਆਸ ਬਹੁਤ ਹੀ ਚੜ੍ਹਦੀ ਕਲਾ ਵਿੱਚ ਹੋ ਰਿਹਾ ਸੀ ।ਸਾਰੇ ਗੁਰਸਿੱਖ ਨਾਮ ਰਸ ਦੇ ਛਾਂਦੇ ਭੁੰਚ ਰਹੇ ਸਨ ਤੇ ਸ੍ਰੀ ਗੁਰਦੇਵ ਜੀ ਨਾਲ ਵਿਸਮਾਦ ਵਿੱਚ ਸਨ। ਇੱਕ ਗੁਰਸਿੱਖ ਨੇ ਨਿਤਨੇਮ ਦਾ ਪਾਠ ਅਰੰਭ ਕੀਤਾ ਤੇ ਜਦੋਂ ਅਨੰਦ ਸਾਹਿਬ ਦੇ ਪਾਠ ਦੀ ਵਾਰੀ ਆਈ ਤਾਂ ਭਾਈ ਫੌਜਾ ਸਿੰਘ ਜੀ ਨੇ ਚਮਤਕਾਰੀ ਉੱਚੀ ਅਵਾਜ਼ ਤੇ ਬੈਰਾਗ ਅਵਸਥਾ ਵਿੱਚ ਪਾਠ ਕਰਨਾ ਅਰੰਭ ਕੀਤਾ। ਉਸ ਸਮੇਂ ਇਤਨਾ ਅਨੰਦ ਸੀ ਕਿ ਕੋਈ ਵੀ ਸਿੰਘ ਅਜਿਹਾ ਨਹੀਂ ਸੀ ਜੋ ਕਿ ਪੂਰੇ ਜੋਸ਼ ਵਿੱਚ ਨਾਮ ਨਹੀਂ ਸੀ ਜਪ ਰਿਹਾ। ਇਹ ਇੱਕ ਅਦ੍ਰਿਸ਼ਟ ਸ਼ਾਨਦਾਰ ਤਜ਼ਰਬਾ ਸੀ। ਭਾਈ ਫੌਜਾ ਸਿੰਘ ਕਿਸੇ ਉੱਚ ਅਵਸਥਾ ਵਿੱਚ ਸਨ ਤੇ ਅਨੰਦ ਸਾਹਿਬ ਦਾ ਪਾਠ ਕਰਦਿਆਂ ਕਈ ਘੰਟੇ ਲੰਘ ਗਏ। ਇਹੋ ਜਿਹਾ ਤਜ਼ਰਬਾ ਘੱਟ ਵਧ ਹੀ ਕਿਸੇ ਦੇ ਜੀਵਨ ਵਿੱਚ ਹੁੰਦਾ ਹੈ ਤੇ ਇਹੋ ਜਿਹੇ ਚੜ੍ਹਦੀ ਕਲਾ ਵਾਲੇ ਗੁਰਸਿੱਖਾਂ ਨਾਲ ਬੈਠਣਾ ਵਾਹਿਗੁਰੂ ਜੀ ਦੀ ਅਪਾਰ ਬਖਸ਼ਿਸ਼ ਦਾ ਸਦਕਾ ਹੀ ਹੈ ।

ਮਾਸਟਰ ਨਿਰੰਜਣ ਸਿੰਘ, ਗੁਰਦਾਸਪੁਰ, ਪੰਜਾਬ

## ਸੇਵ ਕਮਾਈਐ

ਭਾਈ ਫੌਜਾ ਸਿੰਘ ਜੀ ਨੇ ਗੁਰਸਿੱਖਾਂ ਲਈ ਚੌਖੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਉਹ ਅੰਮ੍ਰਿਤਸਰ ਦੇ ਆਸ ਪਾਸ ਕੰਮ ਕਰਦੇ ਸੀ। ਭਾਈ ਸਾਹਿਬ ਜੀ ਆਪਣੀ ਤੇ ਆਪਣੀ ਸਿੰਘਣੀ ਦੀ ਤਨਖਾਹ ਸਿੰਘਾਂ ਦੀ ਸੇਵਾ ਉੱਤੇ ਖਰਚ ਕਰ ਦਿੰਦੇ। ਬੀਬੀ ਜੀ ਨੇ ਸਾਨੂੰ ਦੱਸਿਆ ਕਿ ਭਾਈ ਸਾਹਿਬ ਜੀ ਕਿਹਾ ਕਰਦੇ, ''ਜਿਹੜੀ ਮਾਇਆ ਅਸੀਂ ਆਪਣੇ ਉੱਤੇ ਖਰਚਦੇ ਹਾਂ ਉਹ ਵਿਅਰਥ ਜਾਂਦੀ ਹੈ ਤੇ ਜਿਹੜੀ ਮਾਇਆ ਅਸੀਂ ਗੁਰਸਿੱਖਾਂ ਦੀ ਸੇਵਾ ਵਿੱਚ ਲਾਉਂਦੇ ਹਾਂ ਉਹ ਵਿਅਰਥ ਨਹੀਂ ਜਾਂਦੀ ਤੇ ਉਹ ਆਪਣੀ ਬੈਂਕ ਵਿੱਚ ਜਮ੍ਹਾਂ ਹੁੰਦੀ ਹੈ ।

ਬੀਬੀ ਅਮਰਜੀਤ ਕੌਰ, ਸਿੰਘਣੀ ਸ਼ਹੀਦ ਭਾਈ ਫੌਜਾ ਸਿੰਘ

## Detached Like a Lotus Flower

Bhai Fauja Singh was a completely carefree soul. He did not care for his own self nor for luxuries which we all seem to be gathering in these modern times. I remember watching a Gathka fight take place; Bhai Sahib and his opponent wielded swords. Bhai Sahib recieved a cut to his leg. When some Singhs came to look at the cut, Bhai Sahib told them not to bother about it, but it was clear to everyone that the cut was a serious wound. It was about four inches long and one inch deep. However, to everyone`s amazement, he continued to fight as if nothing had happened. This was the everyday life of this most special Gursikh.

*Master Niranjan Singh, Gurdaspur, Punjab*

## Blinding Light

We were in an Amrit Sanchaar in 1977, there were many Abhilakees including some American Sikh's. Shaheed Bhai Fauja Singh jee also peshed at this Smagam as he had just been released from Gurdaspur Jail after 9 months. When the Panj Singhs were giving the Sikhiaa we realised that the American Sikhs were having trouble understanding so we asked Bhai Sahib Fauja Singh jee to explain Gursikhee Khalsa Rehat & Jeevan in English as he was very fluent. He did Matha Tekh to Sri Guru Granth Sahib jee and then stood near us, he began to explain Gurmat, he spoke with his eyes closed and his Head in the Air, as he spoke, a strong light began emitting from him, I remember it became so bright that many Abhilakees covered there eyes and others began Vibrating Naam. He was a special Sikh of Sri Guru Gobind Singh Sahib jee.

*Bhai Mohinder Singh jee Kala Sanghian*

## Kirat Karoh!

Bhai Sahib was very physically fit. He would spend many hours per day uprooting plants and doing other tasks around the farm. Because of the heat, he would be dressed in just a Kachera and his Dastaar. The heat would severely tan his body but he would never step back from his service. This was his daily routine and in the evening he, along with the Singhs, would go out and spread the Sikh message in the villages.

*Anonymous Gursikh United Kingdom*

## ਕਮਲ ਦੇ ਫੁੱਲ ਵਾਂਗ ਨਿਰਲੇਪ

ਭਾਈ ਫੌਜਾ ਸਿੰਘ ਜੀ ਬੇਪਰਵਾਹ ਰੂਹ ਸਨ। ਉਹ ਆਪਣੀ ਕਦੇ ਵੀ ਪਰਵਾਹ ਨਹੀਂ ਸੀ ਕਰਦੇ ਤੇ ਨਾਂ ਹੀ ਮੌਜੂਦਾ ਸਮਿਆਂ ਦੇ ਸੁਖ ਸਾਧਨਾਂ ਦੀ ਫਿਕਰ ਕਰਦੇ ਸੀ ਜਿਹਨਾਂ ਦੀ ਪ੍ਰਾਪਤੀ ਲਈ ਅਸੀਂ ਭੱਜ ਦੌੜ ਵਿੱਚ ਪਏ ਹੋਏ ਹਾਂ। ਮੈਂ ਇੱਕ ਵਾਰ ਗਤਕੇ ਦਾ ਮੁਕਾਬਲਾ ਦੇਖਿਆ ਜਿਸ ਵਿੱਚ ਭਾਈ ਸਾਹਿਬ ਤੇ ਉਹਨਾਂ ਦੇ ਵਿਰੋਧੀ ਨੇ ਤਲਵਾਰਾਂ ਫੜੀਆਂ ਹੋਈਆਂ ਸਨ। ਮੁਕਾਬਲੇ ਦੌਰਾਨ ਭਾਈ ਸਾਹਿਬ ਦੀ ਲੱਤ ਉੱਤੇ ਤਲਵਾਰ ਲੱਗ ਗਈ। ਜਦੋਂ ਕੁਝ ਸਿੰਘਾਂ ਨੇ ਲੱਤ ਤੇ ਲੱਗੇ ਫੱਟ ਨੂੰ ਦੇਖਿਆ ਤਾਂ ਭਾਈ ਸਾਹਿਬ ਨੇ ਉਹਨਾਂ ਨੂੰ ਫਿਕਰ ਨਾ ਕਰਨ ਲਈ ਕਿਹਾ। ਪਰ ਸਾਰਿਆਂ ਨੂੰ ਦਿਖ ਰਿਹਾ ਸੀ ਕਿ ਜਖਮ ਬਹੁਤ ਡੂੰਘਾ ਸੀ। ਜ਼ਖਮ ਚਾਰ ਇੰਚ ਲੰਬਾ ਤੇ ਇੱਕ ਇੰਚ ਡੂੰਘਾ ਸੀ। ਪਰ ਸਾਰਿਆਂ ਨੂੰ ਹੈਰਤ ਸੀ ਕਿ ਜਖਮ ਦੇ ਬਾਵਜੂਦ ਵੀ ਭਾਈ ਸਾਹਿਬ ਇਸ ਤਰ੍ਹਾਂ ਗਤਕਾ ਖੇਡਦੇ ਰਹੇ ਜਿਸ ਤਰ੍ਹਾਂ ਕਿ ਉਹਨਾਂ ਨੂੰ ਕੁਝ ਵੀ ਨਹੀਂ ਸੀ ਹੋਇਆ। ਇਹ ਇੱਕ ਵਿਲੱਖਣ ਗੁਰਸਿੱਖ ਦੀ ਰੋਜ਼ਾਨਾ ਦੀ ਜ਼ਿੰਦਗੀ ਸੀ ।

ਮਾਸਟਰ ਨਿਰੰਜਣ ਸਿੰਘ, ਗੁਰਦਾਸਪੁਰ, ਪੰਜਾਬ

## ਲਿਸ਼ਕਦਾ ਚਾਨਣ

1977 ਵਿੱਚ ਅਸੀਂ ਇੱਕ ਅੰਮ੍ਰਿਤ ਸੰਚਾਰ ਵਿੱਚ ਸ਼ਾਮਲ ਸੀ । ਅਭਿਲਾਖੀਆਂ ਵਿੱਚ ਕੁਝ ਅਮਰੀਕਨ ਸਿੱਖ ਵੀ ਸਨ । ਭਾਈ ਫੌਜਾ ਸਿੰਘ ਜੀ ਵੀ ਗੁਰਦਾਸਪੁਰ ਜੇਲ੍ਹ ਵਿੱਚ 9 ਮਹੀਨੇ ਰਹਿਣ ਤੋਂ ਬਾਅਦ ਰਿਹਾਅ ਹੋ ਕੇ ਇਸ ਅੰਮ੍ਰਿਤ ਸੰਚਾਰ ਦੌਰਾਨ ਪੇਸ਼ ਹੋਣ ਲਈ ਆਏ ਸਨ । ਜਦੋਂ ਪੰਜ ਸਿੰਘ ਸਿੱਖਿਆ ਦੇ ਰਹੇ ਸਨ ਤਾਂ ਅਸੀਂ ਦੇਖਿਆ ਕਿ ਅਮਰੀਕਨ ਸਿੱਖਾਂ ਨੂੰ ਸਮਝਣ ਵਿੱਚ ਦਿੱਕਤ ਆ ਰਹੀ ਹੈ । ਸੋ ਅਸੀਂ ਭਾਈ ਫੌਜਾ ਸਿੰਘ ਜੀ ਨੂੰ ਅਮਰੀਕਨ ਸਿੱਖਾਂ ਨੂੰ ਖਾਲਸਾ ਰਹਿਤ ਅਤੇ ਜੀਵਨ ਬਾਰੇ ਦੱਸਣ ਲਈ ਕਿਹਾ ਕਿਉਂਕਿ ਭਾਈ ਸਾਹਿਬ ਅੰਗਰੇਜ਼ੀ ਭਾਸ਼ਾ ਦੀ ਬਹੁਤ ਵਧੀਆ ਜਾਣਕਾਰੀ ਰੱਖਦੇ ਸਨ । ਭਾਈ ਸਾਹਿਬ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ ਤੇ ਸਾਡੇ ਨੇੜੇ ਖੜ੍ਹੇ ਹੋ ਕੇ ਗੁਰਮਤਿ ਵਖਿਆਨ ਕਰਨ ਲੱਗ ਪਏ । ਭਾਈ ਸਾਹਿਬ ਜੀ ਦੇ ਨੇਤਰ ਬੰਦ ਸਨ ਤੇ ਸੀਸ ਉੱਚਾ ਸੀ । ਜਿਉਂ ਹੀ ਉਹ ਬੋਲਦੇ ਗਏ ਇੱਕ ਰੋਸ਼ਨੀ ਉਹਨਾਂ ਦੇ ਸਰੀਰ ਵਿੱਚੋਂ ਨਿਕਲਣ ਲੱਗੀ । ਮੈਨੂੰ ਯਾਦ ਹੈ ਕਿ ਉਦੋਂ ਚਾਨਣ ਇੰਨਾ ਜਿਆਦਾ ਹੋ ਗਿਆ ਸੀ ਕਿ ਅਭਿਲਾਖੀਆਂ ਨੇ ਆਪਣੀਆ ਅੱਖਾਂ ਉੱਤੇ ਹੱਥ ਰੱਖ ਲਏ ਅਤੇ ਕਈ ਨਾਮ ਅਭਿਆਸ ਕਰਨ ਲੱਗੇ । ਭਾਈ ਸਾਹਿਬ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਸ਼ੇਸ਼ ਸਿੱਖ ਸਨ ।

ਭਾਈ ਮਹਿੰਦਰ ਸਿੰਘ ਜੀ ਕਾਲਾ ਸੰਘਿਆਂ

## ਕਿਰਤ ਕਰੋ !

ਭਾਈ ਸਾਹਿਬ ਜੀ ਸਰੀਰਕ ਤੌਰ ਤੇ ਰਿਸ਼ਟ ਪੁਸ਼ਟ ਸਨ। ਉਹ ਫਾਰਮ ਤੇ ਹਰ ਰੋਜ਼ ਕਈ ਘੰਟੇ ਦਰਖਤਾਂ ਨੂੰ ਜੜ੍ਹੋਂ ਪੁੱਟਦੇ ਤੇ ਫਾਰਮ ਦੇ ਆਲੇ ਦੁਆਲੇ ਹੋਰ ਕਈ ਛੋਟੇ ਮੋਟੇ ਕੰਮ ਕਰਦੇ। ਗਰਮੀ ਬਹੁਤ ਹੋਣ ਕਰਕੇ ਉਹਨਾਂ ਦੇ ਸਿਰ ’ਤੇ ਦਸਤਾਰ ਤੇ ਤੇੜ ਕਛਿਹਰਾ ਹੀ ਹੁੰਦਾ। ਗਰਮੀ ਨਾਲ ਉਹਨਾਂ ਦੇ ਸਰੀਰ ਦਾ ਰੰਗ ਬਦਲ ਜਾਂਦਾ ਉਹ ਬਿਨਾਂ ਕੋਈ ਪਰਵਾਹ ਕੀਤਿਆਂ ਆਪਣਾ ਕੰਮ ਕਰਦੇ ਰਹਿੰਦੇ। ਇਹ ਉਹਨਾਂ ਦਾ ਰੋਜ਼ ਦਾ ਨੇਮ ਸੀ ਤੇ ਸ਼ਾਮ ਨੂੰ ਉਹ ਬਾਕੀ ਸਿੰਘਾਂ ਦੇ ਨਾਲ ਪਿੰਡਾਂ ਵਿੱਚ ਜਾਂਦੇ ਤੇ ਸਿੱਖੀ ਦਾ ਪ੍ਰਚਾਰ ਕਰਦੇ।

ਗੁਪਤ ਸਿੰਘ, ਇੰਗਲੈਂਡ

## Sowing the Seeds Of Sikhi



Bhai Fauja Singh was like a gardener who selflessly and joyfully planted seeds in the Indian villages in the hope that the spirit of the Khalsa would be re-awakened.

*Bibi Rajbir Kaur Khalsa, Oregon, America*

## Guardian Angel

I had travelled to Amritsar alone and spent most of the first parts of my stay there very much alone except for the growing friendship with my only true friend.

When things were down and darkest and my body and soul were crying out for help, a man in a black turban appeared and in his company my spirits soared. He was a shy and very humble person. He later told me when the Guru sees one of his Sikhs in trouble he always sends another to help. This is a Truth!

This Singh inspired me to become a Sikh of the True Guru - it was Bhai Fauja Singh. He showed me by his love and devotion how to truly live as one.

*A Gursikh*

## Natural Leader

Throughout my time I have seen many Jathedars, Leaders, Parcharaks etc. However, I have never met anyone as Chardi Kalaa as Bhai Fauja Singh - he was a living example of Gurmat. Let me give you just one example of his true greatness, reflected through his humilty.

The Jatha would hold well-attended Smagams throughout India. These were usually held in the big parathan (old/ ancient) Gurdwaras. I reguarly booked leave from my airbase and attended these Smagams.

Bhai Fauja Singh was highly respected by all of us naujawans; he was a natural leader and we were all in awe of him. He was a great general. Day and night he would spend in Naam Abyass, while doing sewa for the thousands of Sangatan.

Back in the 1970`s, very few of these Gurdwara Sahibs had modern

## ਸਿੱਖੀ ਦਾ ਬੀਜ ਬੀਜਣਾ

ਭਾਈ ਫੌਜਾ ਸਿੰਘ ਜੀ ਉਸ ਮਾਲੀ ਵਾਂਗ ਸਨ ਜਿਨ੍ਹਾਂ ਨਿਰਸਵਾਰਥ ਅਤੇ ਖੁਸ਼ੀ ਖੁਸ਼ੀ ਭਾਰਤ ਦੇ ਪਿੰਡਾਂ ਵਿੱਚ ਇਸ ਆਸ ਨਾਲ ਬੀਜ ਬੀਜੇ ਤਾਂ ਕਿ ਖਾਲਸੇ ਦੀ ਸਪਿਰਟ ਮੁੜ ਸੁਰਜੀਤ ਹੋ ਜਾਵੇ।

ਬੀਬੀ ਰਾਜਬੀਰ ਕੌਰ ਖਾਲਸਾ, ਆਰੀਗਨ, ਅਮਰੀਕਾ

## ਰੱਬ ਦਾ ਬੰਦਾ

ਮੈਂ ਅੰਮ੍ਰਿਤਸਰ ਇਕੱਲਾ ਹੀ ਯਾਤਰਾ ਤੇ ਗਿਆ ਸੀ ਤੇ ਉੱਥੇ ਰਹਿੰਦਿਆਂ ਮੈਂ ਬਹੁਤਾ ਸਮਾਂ ਇਕੱਲਿਆ ਹੀ ਗੁਜ਼ਾਰਿਆ ਜਾਂ ਬੱਸ ਮੇਰੇ ਇੱਕੋ ਇੱਕ ਸੱਚੇ ਮਿੱਤਰ ਨਾਲ ਦੋਸਤੀ ਵਧਾਉਂਦਿਆ ਗੁਜ਼ਾਰਿਆ।

ਜਦੋਂ ਹਾਲਾਤ ਮਾੜੇ ਸਨ ਅਤੇ ਕਾਲ ਦਾ ਸਮਾਂ ਸੀ ਤੇ ਮੇਰਾ ਸਰੀਰ ਤੇ ਮੇਰੀ ਰੂਹ ਮਦਦ ਲਈ ਪੁਕਾਰ ਰਹੇ ਸਨ ਤਾਂ ਕਾਲੀ ਦਸਤਾਰ ਵਿੱਚ ਇੱਕ ਆਦਮੀ ਪ੍ਰਗਟ ਹੋਇਆ। ਉਸ ਦੀ ਸੰਗਤ ਨਾਲ ਮੇਰੀ ਆਤਮਾ ਉਚਾਈਆਂ ਨੂੰ ਛੂਹ ਗਈ। ਉਹ ਬਹੁਤ ਹੀ ਨਿਮਰ ਅਤੇ ਲੱਜਾਵਾਨ ਵਿਅਕਤੀ ਸੀ। ਬਾਅਦ ਵਿੱਚ ਉਸ ਨੇ ਮੈਨੂੰ ਦੱਸਿਆ ਕਿ ਜਦੋਂ ਗੁਰੂ ਸਾਹਿਬ ਆਪਣੇ ਸਿੱਖ ਨੂੰ ਮੁਸੀਬਤ ਵਿੱਚ ਦੇਖਦੇ ਹਨ ਤਾਂ ਉਹ ਹਮੇਸ਼ਾਂ ਦੂਸਰੇ ਗੁਰਸਿੱਖ ਨੂੰ ਮਦਦ ਲਈ ਭੇਜਦੇ ਹਨ। ਇਹ ਇੱਕ ਸੱਚ ਹੈ !

ਇਸ ਸਿੰਘ ਨੇ ਮੈਨੂੰ ਸੱਚੇ ਗੁਰੂ ਦਾ ਸਿੱਖ ਬਨਣ ਲਈ ਪ੍ਰੇਰਿਆ। ਇਹ ਸਿੰਘ ਭਾਈ ਫੌਜਾ ਸਿੰਘ ਸੀ। ਉਸ ਨੇ ਆਪਣੇ ਪਿਆਰ ਤੇ ਸ਼ਰਧਾ ਨਾਲ ਮੈਨੂੰ ਦਿਖਾਇਆ ਕਿ ਇੱਕ ਗੁਰਸਿੱਖ ਬਣਕੇ ਕਿਵੇਂ ਜੀਵਿਆ ਜਾਂਦਾ ਹੈ।

ਇੱਕ ਗੁਰਸਿੱਖ

## ਕੁਦਰਤੀ ਆਗੂ

ਮੈਂ ਆਪਣੀ ਜ਼ਿੰਦਗੀ ਵਿੱਚ ਬਹੁਤ ਜਥੇਦਾਰ, ਲੀਡਰ ਤੇ ਪਰਚਾਰਕ ਆਦਿਕ ਦੇਖੇ ਹਨ ਪਰ ਮੈਂ ਕਦੇ ਵੀ ਕਿਸੇ ਨੂੰ ਭਾਈ ਫੌਜਾ ਸਿੰਘ ਜੀ ਵਾਂਗ ਚੜ੍ਹਦੀ ਕਲਾ ਵਿੱਚ ਨਹੀਂ ਦੇਖਿਆ। ਉਹ ਗੁਰਮਤਿ ਦੀ ਜਿੰਦਾ ਜਾਗਦਾ ਮਿਸਾਲ ਸਨ । ਮੈਂ ਤੁਹਾਨੂੰ ਉਹਨਾਂ ਦੀ ਮਹਾਨਤਾ ਦੀ ਇੱਕ ਮਿਸਾਲ ਦਿੰਦਾ ਹਾਂ ਜਿਹੜੀ ਉਹਨਾਂ ਦੀ ਨਿਮਰਤਾ ਰਾਹੀਂ ਪ੍ਰਗਟ ਹੁੰਦੀ ਹੈ ।

ਜਥਾ ਪੂਰੇ ਭਾਰਤ ਵਿੱਚ ਸਮਾਗਮ ਆਯੋਜਿਤ ਕਰਦਾ ਸੀ ਜਿਸ ਵਿੱਚ ਸੰਗਤਾਂ ਵੱਧ ਚੜ੍ਹ ਕੇ ਭਾਗ ਲੈਂਦੀਆਂ ਸਨ। ਇਹ ਸਮਾਗਮ ਪੁਰਾਤਨ ਗੁਰਦੁਆਰਿਆਂ ਵਿੱਚ ਕੀਤੇ ਜਾਂਦੇ ਸਨ। ਮੈਂ ਆਮ ਕਰਕੇ ਏਅਰਬੇਸ ਤੋਂ ਛੁੱਟੀ ਲੈ ਕੇ ਇਹਨਾਂ ਸਮਾਗਮਾਂ ਵਿੱਚ ਭਾਗ ਲੈਂਦਾ ਸੀ ।

ਭਾਈ ਫੌਜਾ ਸਿੰਘ ਜੀ ਦਾ ਸਭ ਨੌਜਵਾਨ ਬਹੁਤ ਸਤਿਕਾਰ ਕਰਦੇ ਸਨ। ਉਹ ਕੁਦਰਤੀ ਆਗੂ ਸਨ ਤੇ ਸਾਰੇ ਉਹਨਾਂ ਤੋਂ ਬਹੁਤ ਪ੍ਰਭਾਵਿਤ ਸਨ । ਉਹ ਇੱਕ ਮਹਾਨ ਜਨਰਲ ਸਨ । ਉਹ ਦਿਨ ਰਾਤ ਸੰਗਤਾਂ ਦੀ ਸੇਵਾ ਕਰਦਿਆਂ ਨਾਮ ਅਭਿਆਸ ਵਿੱਚ ਬਿਤਾਉਂਦੇ ।

1970 ਦੇ ਸਮਿਆਂ ਦੌਰਾਨ ਬਹੁਤ ਗੁਰਦੁਆਰਿਆਂ ਵਿੱਚ ਆਧੁਨਿਕ ਸਹੂਲਤਾਂ ਮੌਜੂਦ ਨਹੀਂ ਸਨ । ਸੰਗਤਾਂ ਜੰਗਲ-ਪਾਣੀ ਨੇੜੇ ਦੇ ਖੇਤਾਂ ਵਿੱਚ ਹੀ ਜਾਂਦੀਆਂ ਸਨ। ਸਮਾਗਮ ਤੋਂ ਬਾਅਦ ਭਾਈ ਫੌਜਾ ਸਿੰਘ ਜੀ ਨੇ ਸਾਰੇ ਨੌਜਵਾਨਾਂ ਨੂੰ ਇਕੱਠਿਆਂ ਕਰਕੇ ਦੱਸਦੇ ਕਿ ਇਹ ਅਸਥਾਨ ਕਿੰਨੇ ਪਵਿੱਤਰ ਹਨ । ਗੁਰੂ ਘਰ ਹਮੇਸ਼ਾਂ ਪਵਿੱਤਰ ਰਹਿਣੇ ਚਾਹੀਦੇ ਹਨ। ਸਿਰਫ ਗੁਰਦੁਆਰਿਆਂ ਦੀਆਂ ਇਮਾਰਤਾਂ ਹੀ ਨਹੀਂ ਬਲਕਿ ਆਲਾ ਦੁਆਲਾ ਵੀ ਸਾਫ ਸੁਥਰਾ ਹੋਣਾ ਚਾਹੀਦਾ ਹੈ। ਭਾਈ ਸਾਹਿਬ ਨੇ ਸਾਨੂੰ ਸਾਰਿਆਂ ਨੂੰ ਬਾਲਟੀਆਂ ਫੜਾਈਆਂ ਤੇ ਉਹਨਾਂ ਦੇ ਪਿੱਛੇ ਆਉਣ ਲਈ ਕਿਹਾ। ਮੈਂ ਆਪਣੀਆਂ ਅੱਖਾਂ ਨਾਲ ਉਹਨਾਂ ਨੂੰ ਆਪਣੇ ਹੱਥਾਂ ਨਾਲ ਮਲ ਚੁੱਕ ਕੇ ਬਾਲਟੀ ਵਿੱਚ ਪਾਉਂਦਿਆਂ ਦੇਖਿਆ। ਇਹ ਸਨ ਸਾਡੇ ਪੰਥ ਦੇ ਮਸ਼ਹੂਰ ਲੀਡਰ ਤੇ ਮਹਾਨ ਜਰਨੈਲ ਜੋ ਕਿ ਬੇਅੰਤ ਨਿਮਰਤਾ ਦਾ ਪਰਗਟਾਵਾ ਕਰ ਰਹੇ ਸਨ ।

ਕਿੰਨੇ ਕੁ ਅੱਜ ਦੇ ਸਾਡੇ ਆਗੂ, ਪ੍ਰਚਾਰਕ ਤੇ ਨਾਮ ਨਿਹਾਦ ਸੰਤ ਹੋਣਗੇ ਜੋ ਇਹੋ ਜਿਹੀ ਸੇਵਾ ਕਰਨਗੇ ? ਭਾਈ ਸਾਹਿਬ ਜੀ ਮੌਜੂਦਾ ਸਮੇਂ ਦੇ ਨਵਾਬ ਕਪੂਰ ਸਿੰਘ ਸਨ ।

ਭਾਈ ਅਮੋਲਕ ਸਿੰਘ ਆਸਟ੍ਰੇਲੀਆ

facilities. The Sangat would go into the nearby fields to relieve themselves. After the Smagam, Bhai Fauja Singh gathered all the naujawans and told us how pavitaar (special/pure) these places were. The Guru-ghar should always be immaculate he would tell us and we should not only clean the Gurdwara premises, but the fields around it as well. He gave us all buckets and told us to follow him into the fields. I saw him with his bare hands pick up feaces and put them in the bucket. Here was one of the great generals of our Panth, a renowned leader, and yet here he was displaying immense nimarata (deep humility).

How many of our contemporary leaders, parchaaraks and so-called sants would have the humility to do sewa like that? He was a Nawab Kapur Singh of the modern era.

*Bhai Amolak Singh, Austrailia*

## Fearless Gursikh

As a young boy, Bhai Fauja Singh had taken Chulla (a sip of Amrit given to Sikh children) from the Panj Piyare. He spent time deeply engrossed in Naam Abyass. The family and other villagers were at times distressed by his wayward attitude. He would sometimes disappear for days and deeply engross himself in Abyass. People would go out looking for him assuming that he was lost, only for him to return smiling absolutely free from worldliness.

Sometimes at night he was seen in the local cemetary sitting in a meditative position. When asked what he was doing there at such a late hour, he once replied to another Gursikh; "I was challenging the ghosts and spirits with the Guru`s Naam". This was the belief and spirit of Bhai Fauja Singh as a young child.


*Master Niranjan Singh, Gurdaspur*

## Straight Talker

After the Guru Ke Mehal incident in the early seventies, Bhai Fauja Singh became very famous in Panthic circles. He was very highly respected. The Akalis organised a huge conference at Teja Singh Samundri hall at the Harmandar Sahib complex, shortly after the incident. Here they gave Bhai Fauja Singh a Siropa for his galant Seva.

When Bhai Fauja Singh went onstage he delivered a forceful speech, completely lambasting the Akalis. He told them that they should die of shame given that in their Raj of Punjab, because they couldn't even stop our Guru being disrespected. He warned them that this weak leadership would go on to cost the Sikh Nation dearly.

*Dr Darshan Singh, Ex-Dean Punjab University.*



## ਨਿਡਰ ਗੁਰਸਿੱਖ

ਛੋਟੇ ਹੁੰਦਿਆਂ ਭਾਈ ਫੌਜਾ ਸਿੰਘ ਜੀ ਨੇ ਪੰਜ ਪਿਆਰਿਆਂ ਤੋਂ ਚੂਲਾ ਲਿਆ ਸੀ । ਉਹ ਆਪਣਾ ਸਮਾਂ ਨਾਮ ਅਭਿਆਸ ਵਿੱਚ ਲੀਨ ਹੋਇਆਂ ਬਿਤਾਉਂਦੇ। ਉਹਨਾਂ ਦੇ ਪਰਿਵਾਰਕ ਮੈਂਬਰ ਅਤੇ ਪਿੰਡ ਵਾਲੇ ਕਈ ਵਾਰ ਉਹਨਾਂ ਦੇ ਬੇਮੁਹਾਰੇ ਵਤੀਰੇ ਤੋਂ ਪਰੇਸ਼ਾਨ ਹੋ ਜਾਂਦੇ ਸਨ। ਕਈ ਵਾਰ ਭਾਈ ਸਾਹਿਬ ਕਈ ਦਿਨ ਘਰੋਂ ਚਲੇ ਜਾਂਦੇ ਅਤੇ ਨਾਮ ਅਭਿਆਸ ਵਿੱਚ ਆਪਣੇ ਆਪ ਨੂੰ ਲੀਨ ਰੱਖਦੇ। ਲੋਕ ਇਹ ਸਮਝ ਕੇ ਕਿ ਉਹ ਗੁੰਮ ਗਏ ਹਨ, ਉਹਨਾਂ ਨੂੰ ਲੱਭਣ ਜਾਂਦੇ ਪਰ ਭਾਈ ਸਾਹਿਬ ਅੱਗੋਂ ਮੁਸਕਰਾਉਂਦਿਆਂ ਹੋਇਆਂ ਦੁਨੀਆਦਾਰੀ ਤੋਂ ਨਿਰਲੇਪ ਹੋਏ ਉਹਨਾਂ ਨੂੰ ਆ ਮਿਲਦੇ ।

ਕਈ ਵਾਰ ਰਾਤ ਨੂੰ ਉਹ ਸ਼ਮਾਮਸ਼ਨਘਾਟ ਵਿੱਚ ਚੌਂਕੜਾ ਲਾ ਕੇ ਬੈਠੇ ਹੁੰਦੇ ਸਨ। ਜਦੋਂ ਉਹਨਾਂ ਨੂੰ ਪੁੱਛਿਆ ਕਿ ਉਹ ਇੰਨੀ ਰਾਤ ਗਏ ਉੱਥੇ ਕੀ ਕਰਦੇ ਹਨ ਤਾਂ ਉਹਨਾਂ ਇੱਕ ਗੁਰਸਿੱਖ ਨੂੰ ਜਵਾਬ ਦਿੱਤਾ, ''ਮੈਂ ਭੂਤਾਂ-ਪ੍ਰੇਤਾਂ ਤੇ ਰੂਹਾਂ ਨੂੰ ਗੁਰੂ ਜੀ ਦੇ ਨਾਮ ਨਾਲ ਚੁਣੌਤੀ ਦੇ ਰਿਹਾ ਸੀ।'' ਇਹ ਭਾਈ ਫੌਜਾ ਸਿੰਘ ਜੀ ਦਾ ਛੋਟੇ ਹੁੰਦਿਆਂ ਦਾ ਹੌਸਲਾਂ ਅਤੇ ਵਿਸ਼ਵਾਸ ਸੀ ।

ਮਾਸਟਰ ਨਿਰੰਜਨ ਸਿੰਘ, ਗੁਰਦਾਸਪੁਰ

## ਸਿੱਧੀ ਗੱਲ ਕਹਿਣ ਵਾਲੇ

1970ਵਿਆਂ ਦੇ ਸ਼ੁਰੂ ਵਿੱਚ ਵਾਪਰੀ ਗੁਰੂ ਕੇ ਮਹਿਲ ਦੀ ਘਟਨਾ ਤੋਂ ਬਾਅਦ ਭਾਈ ਫੌਜਾ ਸਿੰਘ ਜੀ ਪੰਥਕ ਹਲਕਿਆਂ ਵਿੱਚ ਕਾਫੀ ਪ੍ਰਸਿੱਧ ਹੋ ਗਏ ਸਨ। ਉਹਨਾਂ ਦਾ ਪੰਥ ਵਿੱਚ ਬਹੁਤ ਸਤਿਕਾਰ ਸੀ। ਗੁਰੂ ਕੇ ਮਹਿਲ ਦੀ ਘਟਨਾ ਤੋਂ ਕੁਝ ਦੇਰ ਬਾਅਦ ਅਕਾਲੀਆਂ ਵੱਲੋਂ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਇੱਕ ਬਹੁਤ ਵੱਡੀ ਕਾਨਫਰੰਸ ਕੀਤੀ ਗਈ ਜਿਸ ਵਿੱਚ ਭਾਈ ਫੌਜਾ ਸਿੰਘ ਜੀ ਨੂੰ ਉਹਨਾਂ ਦੀਆਂ ਸੇਵਾਵਾਂ ਕਰਕੇ ਸਿਰੋਪਾ ਦਿੱਤਾ ਗਿਆ ।

ਜਦੋਂ ਭਾਈ ਫੌਜਾ ਸਿੰਘ ਜੀ ਸਟੇਜ ਤੇ ਗਏ ਤਾਂ ਉਹਨਾਂ ਨੇ ਬਹੁਤ ਜ਼ਬਰਦਸਤ ਭਾਸ਼ਣ ਦਿੱਤਾ। ਉਹਨਾਂ ਅਕਾਲੀਆਂ ਦੀ ਤਿੱਖੀ ਆਲੋਚਨਾ ਕੀਤੀ । ਭਾਈ ਸਾਹਿਬ ਜੀ ਨੇ ਕਿਹਾ ਕਿ ਅਕਾਲੀਆਂ ਨੂੰ ਸ਼ਰਮ ਨਾਲ ਡੁੱਬ ਕੇ ਮਰ ਜਾਣਾ ਚਾਹੀਦਾ ਹੈ ਕਿਉਂਕਿ ਉਹ ਆਪਣੇ ਰਾਜ ਵਿੱਚ ਗੁਰੂ ਸਾਹਿਬ ਜੀ ਦੀਆਂ ਹੁੰਦੀਆਂ ਬੇਅਦਬੀਆਂ ਨੂੰ ਵੀ ਨਾ ਰੋਕ ਸਕੇ। ਉਹਨਾਂ ਚਿਤਾਵਨੀ ਦਿੱਤੀ ਕਿ ਅਕਾਲੀਆਂ ਦੀ ਕਮਜ਼ੋਰ ਲੀਡਰਸ਼ਿੱਪ ਦੀ ਪੰਥ ਨੂੰ ਬਹੁਤ ਭਾਰੀ ਕੀਮਤ ਚੁਕਾਉਣੀ ਪਵੇਗੀ ।

ਡਾ: ਦਰਸ਼ਨ ਸਿੰਘ, ਸਾਬਕਾ ਡੀਨ, ਪੰਜਾਬ ਯੂਨੀਵਰਸਿਟੀ

## Protector Of The Oppressed

I remember when Bhai Fauja Singh moved to our area and set-up the Khalsa Farm. It had a dramatic impact because young Singhs would come wearing Bana. This was rare in our area. Apparently, the daily routine he instilled amongst the naujawan was very strict. You could see all of these young boys becoming strong and having the presence of Akal Purkh Ki Fauj.

In our local area there was a thug who bullied everyone like a warlord. He would use extortion and get money from all the businesses in the area. Everyone was absolutely afraid of him. He would regularly assualt people in the streets and the police would say nothing to him. He was over 6 ft 5 inches tall and very strong. He had heard Bhai Fauja Singh had moved to the area. One day, he assaulted one of the young boys who had come to Khalsa Farm. After beating up the young boy he told him to tell Bhai Fauja Singh to come and fight him if he was a real man.

The next day, Bhai Fauja Singh came to the town. Youths from the farm accompanied him. The thug walked forward and confronted Bhai Fauja Singh. Bhai Fauja Singh proceeded to scold the young lad who had previously been assaulted by the thug. He said to him that he should be ashamed that he wore the dastaar of Guru Gobind Singh Ji and was beaten-up. He then said to the thug that he was a strong man and this was a gift from God. He told him to give up his negative ways and to become a Sikh of the Guru. But the thug was abusive and hit him. Bhai Sahib remained calm and once again told the thug to stop his evil ways. Instead of listening, he pulled out a weapon and attacked Fauja Singh. A fierce fight ensued which ended with the thug losing his life. Everyone started cheering and hugged Bhai Fauja Singh. They were overjoyed that their oppressor was finally dead.

However, Bhai Fauja Singh was unhappy. He said that the man was brave but sadly he had chosen the wrong path. He told us that if this thug had become a Sikh he could have helped many people.

Bhai Fauja Singh had to leave the area as the police were after him. The police never did anything about the thug when he terrorised the local people, but they were now after Bhai Fauja Singh. He went to Amritsar and then went to the police station and handed himself over. The people of our area will never forget him. He was a great soul.

*A Gursikh*

# ਮਜ਼ਲੂਮਾਂ ਦੇ ਰਾਖੇ

ਮੈਨੂੰ ਯਾਦ ਹੈ ਜਦੋਂ ਭਾਈ ਫੌਜਾ ਸਿੰਘ ਜੀ ਨੇ ਸਾਡੇ ਇਲਾਕੇ ਵਿੱਚ ਖਾਲਸਾ ਫਾਰਮ ਦੀ ਸਥਾਪਨਾ ਕੀਤੀ । ਇਸ ਦਾ ਸਾਡੇ ਇਲਾਕੇ ਵਿੱਚ ਬਹੁਤ ਪ੍ਰਭਾਵ ਪਿਆ ਕਿਉਂਕਿ ਨੌਜਵਾਨ ਸਿੰਘ ਖਾਲਸਈ ਬਾਣੇ ਵਿੱਚ ਫਾਰਮ ਤੇ ਆਉਂਦੇ। ਅਜਿਹਾ ਸਾਡੇ ਇਲਾਕੇ ਵਿੱਚ ਘੱਟ ਵੱਧ ਹੀ ਹੁੰਦਾ ਸੀ। ਜ਼ਾਹਰਾ ਤੌਰ ਤੇ ਭਾਈ ਸਾਹਿਬ ਜੀ ਨੇ ਨੌਜਵਨਾਂ ਵਿੱਚ ਰੋਜ਼ਾਨਾ ਦੇ ਬਹੁਤ ਸਖਤ ਨੇਮ ਪੈਦਾ ਕੀਤੇ ਹੋਏ ਸਨ। ਤੁਸੀਂ ਦੇਖ ਸਕਦੇ ਸੀ ਇਹ ਨੌਜਵਾਨ ਮੁੰਡੇ ਦਿਨੋਂ ਦਿਨ ਤਕੜੇ ਹੁੰਦੇ ਜਾ ਰਹੇ ਸਨ ਤੇ ਅਕਾਲ ਪੁਰਖ ਕੀ ਫੌਜ ਵਿੱਚ ਢਲ ਰਹੇ ਸਨ।

ਸਾਡੇ ਇਲਾਕੇ ਵਿੱਚ ਇੱਕ ਬਦਮਾਸ਼ ਸੀ ਜੋ ਸਾਰਿਆਂ ਨਾਲ ਬਹੁਤ ਧੱਕੇਸ਼ਾਹੀ ਕਰਦਾ ਹੁੰਦਾ ਸੀ। ਉਹ ਇਲਾਕੇ ਦੇ ਸਾਰੇ ਕਾਰੋਬਾਰ ਕਰਨ ਵਾਲਿਆਂ ਤੋਂ ਹਫਤਾ ਵਸੂਲ ਕਰਦਾ ਹੁੰਦਾ ਸੀ। ਸਾਰੇ ਉਸ ਤੋਂ ਬਹੁਤ ਭੈਅ ਖਾਂਦੇ ਸਨ। ਉਹ ਆਮ ਕਰਕੇ ਸੜਕ ਵਿੱਚ ਹੀ ਲੋਕਾਂ ਨੂੰ ਕੁੱਟ ਦਿੰਦਾ ਸੀ ਤੇ ਪੁਲਿਸ ਉਸ ਨੂੰ ਕੁਝ ਨਹੀਂ ਕਹਿੰਦੀ ਸੀ। ਉਹ ਸਾਢੇ 6 ਫੁੱਟ ਲੰਮਾਂ ਤੇ ਬਹੁਤ ਤਾਕਤਵਰ ਸੀ। ਉਸਨੂੰ ਭਾਈ ਫੌਜਾ ਸਿੰਘ ਦੇ ਇਲਾਕੇ ਵਿੱਚ ਆਉਣ ਦੀ ਜਾਣਕਾਰੀ ਮਿਲ ਚੁੱਕੀ ਸੀ। ਇੱਕ ਦਿਨ ਉਸਨੇ ਖਾਲਸਾ ਫਾਰਮ ਤੇ ਜਾ ਰਹੇ ਇੱਕ ਨੌਜਵਾਨ ਉੱਤੇ ਹਮਲਾ ਕਰ ਦਿੱਤਾ। ਕੁੱਟਣ ਮਗਰੋਂ ਉਹ ਨੌਜਵਾਨ ਨੂੰ ਕਹਿਣ ਲੱਗਾ ਕਿ ਜਾਹ ਭਾਈ ਫੌਜਾ ਸਿੰਘ ਨੂੰ ਕਹਿ ਦੇ ਜੇ ਉਹ ਸਹੀ ਮਰਦ ਹੈ ਤਾਂ ਉਹ ਅਕੇ ਮੇਰੇ ਨਾਲ ਮੁਕਾਬਲਾ ਕਰ ਲਵੇ।

ਅਗਲੇ ਦਿਨ ਭਾਈ ਫੌਜਾ ਸਿੰਘ ਜੀ ਸ਼ਹਿਰ ਨੂੰ ਆਏ। ਫਾਰਮ ਵਿਚਲੇ ਨੌਜਵਾਨ ਉਹਨਾਂ ਦੇ ਨਾਲ ਸਨ। ਬਦਮਾਸ਼ ਅੱਗੇ ਵਧ ਕੇ ਭਾਈ ਫੌਜਾ ਸਿੰਘ ਜੀ ਦੇ ਸਾਹਮਣੇ ਆ ਗਿਆ। ਜਿਸ ਨੌਜਵਾਨ ਉੱਤੇ ਬਦਮਾਸ਼ ਨੇ ਹਮਲਾ ਕੀਤਾ ਸੀ ਭਾਈ ਸਾਹਿਬ ਜੀ ਨੇ ਉਸ ਨੂੰ ਗੁੱਸੇ ਹੁੰਦਿਆਂ ਕਿਹਾ ਕਿ ਉਸਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਦਸਤਾਰ ਸੀਸ ਤੇ ਹੁੰਦਿਆਂ ਹੋਇਆਂ ਇੱਕ ਬਦਮਾਸ਼ ਦੇ ਹੱਥੋਂ ਉਸ ਦੀ ਕੁੱਟਮਾਰ ਹੋ ਗਈ। ਫਿਰ ਭਾਈ ਸਾਹਿਬ ਨੇ ਬਦਮਾਸ਼ ਨੂੰ ਕਿਹਾ ਕਿ ਉਹ ਇੱਕ ਤਾਕਤਵਾਰ ਆਦਮੀ ਹੈ ਤੇ ਇਹ ਇਸ ਨੂੰ ਗੁਰੂ ਵੱਲੋਂ ਮਿਲੀ ਦਾਤ ਹੈ। ਉਸ ਨੂੰ ਮਾੜੇ ਕੰਮ ਛੱਡ ਕੇ ਗੁਰੂ ਦੇ ਲੜ ਲੱਗਣਾ ਚਾਹੀਦਾ ਹੈ। ਪਰ ਉਹ ਬਦਮਾਸ਼ ਗਾਲੀ ਗਲੋਚ ਕਰਦਾ ਹੋਇਆ ਭਾਈ ਸਾਹਿਬ ਤੇ ਹਮਲਾਵਰ ਹੋ ਗਿਆ। ਭਾਈ ਸਾਹਿਬ ਫਿਰ ਵੀ ਸਹਿਜ ਵਿੱਚ ਰਹੇ ਤੇ ਇੱਕ ਵਾਰ ਫਿਰ ਉਸ ਨੂੰ ਗਲਤ ਕੰਮਾਂ ਨੂੰ ਛੱਡਣ ਲਈ ਕਿਹਾ। ਬਦਮਾਸ਼ ਨੇ ਸੁਨਣ ਦੀ ਬਜਾਏ ਆਪਣਾ ਸ਼ਸਤਰ ਕੱਢ ਕੇ ਫਿਰ ਭਾਈ ਸਾਹਿਬ ਤੇ ਹਮਲਾ ਕਰ ਦਿੱਤਾ। ਇਸ ਦੌਰਾਨ ਹੋਈ ਝੜਪ ਵਿੱਚ ਬਦਮਾਸ਼ ਆਪਣੀ ਜਾਨ ਗਵਾ ਬੈਠਾ। ਸਾਰੇ ਭਾਈ ਸਾਹਿਬ ਜੀ ਨੂੰ ਹੱਲਾਸ਼ੇਰੀ ਦੇਣ ਲੱਗੇ ਤੇ ਉਹਨਾਂ ਭਾਈ ਸਾਹਿਬ ਨੂੰ ਜੱਫੀ ਪਾ ਲਈ। ਸਾਰੇ ਬਹੁਤ ਖੁਸ਼ ਸਨ ਕਿ ਜ਼ਾਲਮ ਦਾ ਅੰਤ ਹੋ ਗਿਆ ਹੈ।

ਪਰ ਭਾਈ ਫੌਜਾ ਸਿੰਘ ਜੀ ਖੁਸ਼ ਨਹੀਂ ਸਨ। ਉਹਨਾਂ ਕਿਹਾ ਕਿ ਇਹ ਆਦਮੀ ਦਲੇਰ ਸੀ ਪਰ ਅਫਸੋਸ ਕਿ ਇਸਨੇ ਗਲਤ ਰਾਹ ਚੁਣ ਲਿਆ ਸੀ। ਭਾਈ ਸਾਹਿਬ ਜੀ ਨੇ ਸਾਨੂੰ ਕਿਹਾ ਕਿ ਜੇ ਇਹ ਬਦਮਾਸ਼ ਨੇ ਸਿੱਖੀ ਧਾਰਨ ਕਰ ਲਈ ਹੁੰਦੀ ਤਾਂ ਉਸ ਨੇ ਬਹੁਤ ਸਾਰੇ ਲੋਕਾਂ ਦੀ ਮਦਦ ਕਰਨ ਦੇ ਯੋਗ ਹੋਣਾ ਸੀ ।

ਪੁਲਿਸ ਪਿੱਛੇ ਪਈ ਹੋਣ ਕਰਕੇ ਭਾਈ ਸਾਹਿਬ ਨੂੰ ਸਾਡੇ ਇਲਾਕੇ ਨੂੰ ਛੱਡਣਾ ਪਿਆ। ਜਦੋਂ ਉਹ ਬਦਮਾਸ਼ ਸਾਰੇ ਇਲਾਕੇ ਦੇ ਲੋਕਾਂ ਨੂੰ ਭੈਭੀਤ ਕਰਦਾ ਸੀ ਤਾਂ ਪੁਲਿਸ ਨੇ ਉਸ ਨੂੰ ਕੁਝ ਨਹੀਂ ਸੀ ਕਿਹਾ ਪਰ ਹੁਣ ਉਹ ਭਾਈ ਫੌਜਾ ਸਿੰਘ ਜੀ ਦੇ ਪਿੱਛੇ ਪਏ ਹੋਏ ਸਨ। ਭਾਈ ਸਾਹਿਬ ਜੀ ਅੰਮ੍ਰਿਤਸਰ ਵਿੱਚ ਪੁਲਿਸ ਸਟੇਸ਼ਨ ਵਿੱਚ ਗਏ ਤੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਸਾਡੇ ਇਲਾਕੇ ਦੇ ਲੋਕ ਉਹਨਾਂ ਨੂੰ ਕਦੇ ਨਹੀਂ ਭੁਲਣਗੇ । ਉਹ ਇੱਕ ਮਹਾਨ ਰੂਹ ਸੀ ।

ਇੱਕ ਗੁਰਸਿੱਖ

## Great Visionary

During the spring of 1978, many Premi Gursikhs and myself went to Punjab. We were in high spirits and attended the Vaisakhi Akhand Kirtan Smagam. The Sangat that had travelled from the UK was large, yet Bhai Fauja Singh begged us all to stay at his house and do the Sewa of all the Gursikhs. We happily went along to his house.

In the afternoon, we were all talking about the need to do Parchaar in Punjab. Bhai Fauja Singh stated that not only Parchaar was needed but also the flower of the Panth also needed to be watered with the blood of Gursikhs. He said that the cycle of hardship had turned full-circle and the Khalsa needed to become strong by immersing itself in Naam.

I was most impressed by his personality because he had so much Khalsa Spirit. We did Rehras Sahib together and then, during the next day at the Smagam, I heard Bhai Fauja Singh had become Shaheed - fulfilling the prophecies of the previous day. He was a true son of Guru Gobind Singh Ji.

*The Late Bhai Rama Singh, former Jathedar Of Akhand Kirtani Jatha (UK)*

## Inspirational Spirit

After the Gurdwara Bhai Salo Ji and Guru Keh Mehal Ji incident, Bhai Fauja Singh had to spend some time in Jail. Coincidentally, the fascist right-wing Hindu thugs of Jan Sangh (now BJP) who tried to desecrate the Gurdwara were also in the same prison. They complained of the harsh conditions and spent their days crying for tea. However when the Sangat found out the Bhai Fauja Singh and his companions were there, they flocked to the prison with Langar and fruit. The fascists looked on in despair as the Sangat did Sewa of the Gursikhs, tending to their injuries. These were mainly burns to their legs and feet, which were caused by the acid bottles.

The Gursikhs spent their time engrossed in Naam and Bani. The warden of the prison, as well as the officers, realised the Gursikh nature of Bhai Fauja Singh and held him in high regard. In one of the warden's letters, he mentioned how he saw this Sikh sit in meditation all night long and wondered where he attained his strength. Although the warden was a Hindu, Bhai Fauja Singh fascinated him. Many other prisoners started to develop a Gursikh nature thanks to the Sangat.

Many of them wanted to take Amrit. Bhai Fauja Singh made a request to the Warden asking if the Jatha could come to the prison and perform a Rainsbhai Kirtan and Amrit Sanchaar programme. The request was approved and the Sangat was allowed into the prison. Many took Amrit and came into the protection of the Guru's Charan. One of these new Khalsa was the warden himself.

## ਮਹਾਨ ਦਾਰਸ਼ਨਿਕ

1978 ਦੀ ਬਹਾਰ ਦੇ ਮੌਸਮ ਦੌਰਾਨ ਕਈ ਪ੍ਰੇਮੀ ਗੁਰਸਿਖ ਤੇ ਦਾਸ ਪੰਜਾਬ ਗਏ। ਅਸੀਂ ਚੜ੍ਹਦੀ ਕਲਾ ਵਿੱਚ ਸੀ ਤੇ ਅਸੀਂ ਅਖੰਡ ਕੀਰਤਨੀ ਜਥੇ ਦਾ ਸਾਲਾਨਾ ਵਿਸਾਖੀ ਦੇ ਸਮਾਗਮਾਂ ਵਿੱਚ ਹਿੱਸਾ ਲਿਆ । ਇੰਗਲੈਂਡ ਤੋਂ ਕਾਫੀ ਗਿਣਤੀ ਵਿੱਚ ਸਿੰਘ ਗਏ ਹੋਏ ਸਨ ਪਰ ਇੰਨੀ ਜਿਆਦਾ ਗਿਣਤੀ ਦੇ ਬਾਵਜੂਦ ਵੀ ਭਾਈ ਫੌਜਾ ਸਿੰਘ ਜੀ ਨੇ ਸਾਨੂੰ ਬੇਨਤੀ ਕੀਤੀ ਕਿ ਅਸੀਂ ਉਹਨਾਂ ਦੇ ਘਰ ਜਾ ਕੇ ਠਹਿਰੀਏ। ਉਹ ਸਾਰੇ ਗੁਰਸਿੱਖਾਂ ਦੀ ਸੇਵਾ ਕਰਨ ਲਈ ਬੇਨਤੀ ਕਰ ਰਹੇ ਸਨ। ਅਸੀਂ ਖੁਸ਼ੀ ਖੁਸ਼ੀ ਉਹਨਾਂ ਦੇ ਘਰ ਚਲੇ ਗਏ।

ਸ਼ਾਮ ਨੂੰ ਅਸੀਂ ਸਾਰੇ ਪੰਜਾਬ ਵਿੱਚ ਪ੍ਰਚਾਰ ਕਰਨ ਦੀ ਲੋੜ ਬਾਰੇ ਗੱਲਬਾਤ ਕਰ ਰਹੇ ਸੀ। ਭਾਈ ਫੌਜਾ ਸਿੰਘ ਜੀ ਨੇ ਕਿਹਾ ਕਿ ਸਿਰਫ ਪ੍ਰਚਾਰ ਦੀ ਹੀ ਲੋੜ ਨਹੀਂ ਬਲਕਿ ਪੰਥ ਦੇ ਬੂਟੇ ਨੂੰ ਗੁਰਸਿੱਖਾਂ ਦੇ ਲਹੂ ਨਾਲ ਸਿੰਜਣ ਦੀ ਲੋੜ ਹੈ। ਉਹਨਾਂ ਕਿਹਾ ਕਿ ਪੰਥ ’ਤੇ ਬਿਪਤਾ ਦਾ ਸਮਾਂ ਹੁਣ ਪੂਰਾ ਹੋ ਗਿਆ ਹੈ ਤੇ ਖਾਲਸੇ ਨੂੰ ਨਾਮ ਵਿੱਚ ਭਿੱਜ ਕੇ ਤਾਕਤਵਰ ਹੋਣ ਦੀ ਲੋੜ ਹੈ ।

ਮੈਨੂੰ ਉਹਨਾਂ ਦੀ ਸ਼ਖਸੀਅਤ ਨੇ ਬਹੁਤ ਪ੍ਰਭਾਵਿਤ ਕੀਤਾ ਕਿਉਂਕਿ ਉਹਨਾਂ ਵਿੱਚ ਖਾਲਸਾ ਸਪਿਰਟ ਘੁੱਟ ਘੁੱਟ ਕੇ ਭਰੀ ਹੋਈ ਸੀ । ਅਸੀਂ ਇਕੱਠਿਆਂ ਨੇ ਸੋਦਰ ਰਹਿਰਾਸ ਦਾ ਪਾਠ ਕੀਤਾ ਤੇ ਅਗਲੇ ਦਿਨ ਸਮਾਗਮ ਦੌਰਾਨ ਮੈਂ ਸੁਣਿਆਂ ਕਿ ਭਾਈ ਫੌਜਾ ਸਿੰਘ ਜੀ ਸ਼ਹੀਦ ਹੋ ਗਏ ਹਨ। ਉਹਨਾਂ ਪਿਛਲੇ ਦੀ ਭਵਿੱਖਬਾਣੀ ਨੂੰ ਸੱਚ ਕਰ ਦਿਖਾਇਆ। ਭਾਈ ਸਾਹਿਬ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਚੇ ਸਪੂਤ ਸਨ।

ਸਵਰਗਵਾਸੀ ਭਾਈ ਰਾਮਾ ਸਿੰਘ, ਸਾਬਕਾ ਜਥੇਦਾਰ ਅਖੰਡ ਕੀਰਤਨੀ ਜਥਾ (ਯੂ ਕੇ)

## ਪ੍ਰੇਰਣਾਦਾਇਕ ਰੂਹ

ਗੁਰਦੁਆਰਾ ਭਾਈ ਸਾਲੋ ਜੀ ਅਤੇ ਗੁਰਦੁਆਰਾ ਗੁਰੂ ਕੇ ਮਹਿਲ ਦੀ ਘਟਨਾ ਤੋਂ ਬਾਅਦ ਭਾਈ ਫੌਜਾ ਸਿੰਘ ਜੀ ਨੂੰ ਕੁਝ ਦੇਰ ਜੇਲ੍ਹ ਵਿੱਚ ਰਹਿਣਾ ਪਿਆ। ਇਤਫਾਕ ਨਾਲ ਹੀ ਗੁਰਦੁਆਰਾ ਸਾਹਿਬਾਨ ਦੀ ਬੇਅਦਬੀ ਕਰਨ ਵਾਲੇ ਫਾਸ਼ੀਵਾਦੀ ਸੱਜੇ ਪੱਖੀ ਜਨ ਸੰਘ (ਹੁਣ ਬੀ ਜੇ ਪੀ) ਦੇ ਬਦਮਾਸ਼ ਵੀ ਉਸੇ ਹੀ ਜੇਲ੍ਹ ਵਿੱਚ ਸਨ। ਉਹ ਬਦਮਾਸ਼ ਜੇਲ੍ਹ ਦੀਆਂ ਕਠਿਨਾਈਆਂ ਤੋਂ ਤੰਗ ਸਨ ਤੇ ਉਹਨਾਂ ਜੇਲ੍ਹ ਦੇ ਦਿਨ ਚਾਹ ਮੰਗਦਿਆਂ ਰੋਂਦੇ ਧੋਂਦੇ ਬਿਤਾਏ। ਜਦਕਿ ਦੂਜੇ ਪਾਸੇ ਜਦੋਂ ਸੰਗਤਾਂ ਨੂੰ ਪਤਾ ਲੱਗਾ ਕਿ ਭਾਈ ਫੌਜਾ ਸਿੰਘ ਜੀ ਜੇਹਲ ਵਿੱਚ ਹਨ ਤਾਂ ਉਹ ਜੇਲ੍ਹ ਵਿੱਚ ਉਹਨਾਂ ਲਈ ਲੰਗਰ ਤੇ ਫਲ ਆਦਿਕ ਲੈ ਕੇ ਪਹੁੰਚੇ। ਸੰਗਤਾਂ ਨੇ ਆ ਕੇ ਗੁਰਸਿੱਖਾਂ ਦੀ ਸੇਵਾ ਕੀਤੀ ਤੇ ਉਹਨਾਂ ਦੇ ਜ਼ਖਮਾਂ ਦੀ ਮਲ੍ਹਮ ਪੱਟੀ ਕੀਤੀ। ਸਿੰਘਾਂ ਦੀਆਂ ਲੱਤਾਂ ਤੇ ਪੈਰ ਤੇਜ਼ਾਬ ਪੈਣ ਨਾਲ ਜਲ ਗਏ ਸਨ। ਫਾਸ਼ੀਵਾਦੀ ਬਦਮਾਸ਼ ਨਿਰਾਸ਼ਾ ਨਾਲ ਸਿੰਘਾਂ ਦੀ ਸੇਵਾ ਹੁੰਦੀ ਦੇਖਦੇ ਰਹੇ।

ਗੁਰਸਿੱਖਾਂ ਨੇ ਆਪਣਾ ਸਮਾਂ ਨਾਮ ਅਤੇ ਬਾਣੀ ਵਿੱਚ ਲੀਨ ਰਹਿ ਕੇ ਬਿਤਾਇਆ । ਜੇਲ੍ਹ ਦੇ ਵਾਰਡਨਾਂ ਤੇ ਅਫਸਰਾਂ ਨੇ ਭਾਈ ਫੌਜਾ ਸਿੰਘ ਸਾਹਿਬ ਜੀ ਦੇ ਗੁਰਸਿੱਖ ਕਿਰਦਾਰ ਨੂੰ ਜਾਣ ਲਿਆ ਸੀ ਤੇ ਉਹ ਭਾਈ ਸਾਹਿਬ ਦੀ ਬਹੁਤ ਇੱਜ਼ਤ ਕਰਦੇ ਸਨ । ਵਾਰਡਨ ਨੇ ਇੱਕ ਪੱਤਰ ਵਿੱਚ ਜ਼ਿਕਰ ਕੀਤਾ ਕਿ ਕਿਸ ਤਰ੍ਹਾਂ ਸਿੰਘ ਸਾਰੀ ਰਾਤ ਬੈਠ ਕੇ ਨਾਮ ਜਪਦੇ ਰਹਿੰਦੇ । ਉਸ ਨੂੰ ਹੈਰਾਨੀ ਹੁੰਦੀ ਕਿ ਸਿੰਘਾਂ ਕੋਲ ਇੰਨੀ ਤਾਕਤ ਕਿੱਥੋਂ ਆਉਂਦੀ ਹੈ । ਚਾਹੇ ਕਿ ਵਾਰਡਨ ਹਿੰਦੂ ਸੀ ਪਰ ਉਹ ਭਾਈ ਫੌਜਾ ਸਿੰਘ ਜੀ ਤੋਂ ਬਹੁਤ ਪ੍ਰਭਾਵਿਤ ਸੀ । ਕਈ ਹੋਰ ਕੈਦੀ ਵੀ ਗੁਰਸਿੱਖਾਂ ਦੀ ਸੰਗਤ ਕਰਕੇ ਗੁਰਸਿੱਖੀ ਵੱਲ ਵਧਣ ਲੱਗ ਪਏ ਸਨ ।

ਉਹਨਾਂ ਵਿੱਚੋਂ ਕਈ ਅੰਮ੍ਰਿਤ ਦੀ ਦਾਤ ਲੈਣਾ ਚਾਹੁੰਦੇ ਸਨ । ਭਾਈ ਫੌਜਾ ਸਿੰਘ ਜੀ ਨੇ ਵਾਰਡਨ ਨੂੰ ਬੇਨਤੀ ਕੀਤੀ ਕਿ ਕੀ ਜਥੇ ਦੇ ਸਿੰਘ ਜੇਲ੍ਹ ਅੰਦਰ ਆ ਕੇ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਕਰ ਸਕਦੇ ਹਨ ? ਵਾਰਡਨ ਨੇ ਉਹਨਾਂ ਦੀ ਬੇਨਤੀ ਪ੍ਰਵਾਨ ਕੀਤੀ ਅਤੇ ਸੰਗਤਾਂ ਨੂੰ ਜੇਲ੍ਹ ਵਿੱਚ ਜਾਣ ਦੀ ਇਜਾਜ਼ਤ ਮਿਲ ਗਈ । ਕਈਆਂ ਪ੍ਰਾਣੀਆਂ ਨੇ ਜੇਲ੍ਹ ਵਿੱਚ ਅੰਮ੍ਰਿਤਪਾਨ ਕੀਤਾ ਤੇ ਗੁਰੂ ਦੀ ਸ਼ਰਨ ਵਿੱਚ ਆਏ। ਉਹਨਾਂ ਵਿੱਚ ਇੱਕ ਨਵਾਂ ਸਜਿਆ ਖਾਲਸਾ ਜੇਲ੍ਹ ਦਾ ਵਾਰਡਨ ਵੀ ਸੀ ।

## Soorbir of Righteousness

Once Bhai Sahib, Bibi Jee and I were coming to the farm. The river was overflowing that day. As we were crossing there were a number of soldiers there too. One of them was ranked as Major and he lit up a cigarette. It appeared that he did this intentionally because he saw Bhai Sahib wearing the full Bana (Khalsa uniform). Bhai Sahib asked him very politely to put out the cigarette because it would be courteous since it was a public place. He just ignored the request and began inhaling longer breaths while smoking. He asked again humbly but again he took no notice. This time Bhai Sahib placed his hand on his Khanda (double edged sword) and shouted at him. Me and Bibi Jee both got worried, we feared what would take place now. He told him that he was trying to make a mockery of his request. He said that if you are the man that you believe you are, you will not put out that cigarette now because I am going to cut you into two pieces. He quickly threw the cigarette into the water and asked for forgiveness.

This was an act of righteousness that was driven by the Naam that resounded in Bhai Sahib's very being. But his personality was a fine balance between the great Khalsa Soldier and the humble Khalsa Saint. Where he upheld righteousness he also helped the needy. This he recognised as his duty and he also recognised the Sikhs in higher regards than his own life. He was forever ready to give his life for them. It was unfortunate that many at that time recognised him as a troublemaker who was always caught up in some sort of strife. They used to say, "Why doesn't he just carry on repeating God's name without getting entangled in these issues?" But Bhai Sahib's only concern was the level of deterioration occurring in the Panth and the disrespect given to the Guru.

*Anonymous Gursikh, United Kingdom*

## Parchaar In Chardikaala

Je Jeevay Path Luthee Jaa-ay Sabh Huraam.

These great words of the Guru were enshrined in his heart.

While the world is attached to their wealth, homes, cars and possessions. Looking for ways to amass more wealth. Bhai Sahib had no regard for these things. He was searching for ways to bring Chardhee Kalaa and progression to the Panth.

In 1976 this mission took further steps forward. 10 day camps were organised around Amritsar, which were attended by many Singhs. The days would begin with the service of Sri Guru Granth Sahib Jee. Many areas were in a sorry state and were filthy. First they were taught to serve Guru Maharaj with respect, then Asa Dee Vaar would be sung. Then there would be a session on Gurmat Vichaar. In the evenings there would be Rehraas followed by a Keertan Deevaan, after which Bhai Sahib would lecture on Gurmat. After hearing these

## ਧਰਮੀ ਸੂਰਬੀਰ

ਇੱਕ ਵਾਰੀ ਭਾਈ ਸਾਹਿਬ ਜੀ, ਬੀਬੀ ਜੀ ਤੇ ਦਾਸ ਫਾਰਮ ਵੱਲ ਆ ਰਹੇ ਸੀ । ਦਰਿਆ ਉਸ ਦਿਨ ਉਪਰੋਂ ਦੀ ਵਗ ਰਿਹਾ ਸੀ । ਜਦੋਂ ਅਸੀਂ ਦਰਿਆ ਪਾਰ ਕਰ ਰਹੇ ਸੀ ਉੱਥੇ ਕੁਝ ਫੌਜੀ ਵੀ ਸਨ । ਉਹਨਾਂ ਵਿੱਚੋਂ ਇੱਕ ਮੇਜਰ ਸੀ ਤੇ ਉਸਨੇ ਸਿਗਰਟ ਬਾਲ ਲਈ । ਲਗਦਾ ਸੀ ਕਿ ਉਸ ਨੇ ਜਾਣਬੁੱਝ ਕੇ ਅਜਿਹਾ ਕੀਤਾ ਸੀ ਕਿਉਂਕਿ ਭਾਈ ਸਾਹਿਬ ਜੀ ਨੇ ਬਾਣਾ ਪਹਿਨਿਆ ਹੋਇਆ ਸੀ । ਭਾਈ ਸਾਹਿਬ ਜੀ ਨੇ ਉਸ ਨੂੰ ਬੜੀ ਹਲੀਮੀ ਨਾਲ ਸਿਗਰਟ ਬੁਝਾਉਣ ਲਈ ਕਿਹਾ। ਭਾਈ ਸਾਹਿਬ ਜੀ ਨੇ ਕਿਹਾ ਕਿ ਇਹ ਜਨਤਕ ਜਗ੍ਹਾ ਹੈ ਤੇ ਸਲੀਕਾ ਇਹੀ ਕਹਿੰਦਾ ਹੈ ਕਿ ਸਿਗਰਟ ਨਾ ਪੀਤੀ ਜਾਵੇ। ਉਸ ਨੇ ਭਾਈ ਸਾਹਿਬ ਜੀ ਦੀ ਬੇਨਤੀ ਨੂੰ ਨਜ਼ਰਅੰਦਾਜ਼ ਕਰਦਿਆਂ ਹੋਰ ਵੱਡੇ ਕਸ਼ ਲੈਣੇ ਸ਼ੁਰੂ ਕਰ ਦਿੱਤੇ। ਭਾਈ ਸਾਹਿਬ ਜੀ ਨੇ ਉਸ ਨੂੰ ਫਿਰ ਬੇਨਤੀ ਕੀਤੀ ਪਰ ਉਸ ਨੇ ਇਸ ਗੱਲ ਦਾ ਕੋਈ ਨੋਟਿਸ ਨਾ ਲਿਆ। ਪਰ ਇਸ ਵਾਰੀ ਹੁਣ ਭਾਈ ਸਾਹਿਬ ਜੀ ਨੇ ਖੰਡੇ ਤੇ ਹੱਥ ਰੱਖਿਆ ਤੇ ਉਸ ਨੂੰ ਜ਼ੋਰ ਦੀ ਕਿਹਾ। ਦਾਸ ਅਤੇ ਬੀਬੀ ਜੀ ਨੂੰ ਫਿਕਰ ਹੋਇਆ। ਸਾਨੂੰ ਪਤਾ ਸੀ ਕਿ ਹੁਣ ਕੀ ਹੋਣ ਵਾਲਾ ਹੈ ਜਿਸ ਦਾ ਸਾਨੂੰ ਡਰ ਲੱਗ ਰਿਹਾ ਸੀ। ਭਾਈ ਸਾਹਿਬ ਜੀ ਨੇ ਮੇਜਰ ਨੂੰ ਕਿਹਾ ਕਿ ਉਹ ਉਹਨਾਂ ਦੀ ਬੇਨਤੀ ਦਾ ਮਜ਼ਾਕ ਉਡਾ ਰਿਹਾ ਹੈ। ਭਾਈ ਸਾਹਿਬ ਜੀ ਨੇ ਕਿਹਾ ਕਿ ਜੇ ਤੂੰ ਆਪਣੇ ਆਪ ਨੂੰ ਜੋ ਸਮਝਦਾ ਹੈਂ, ਉਹ ਹੈਂ ਤਾਂ ਹੁਣ ਤੂੰ ਸਿਗਰਟ ਨਾਂ ਬੁਝਾਈਂ ਕਿਉਂਕਿ ਮੈਂ ਹੁਣ ਤੇਰੇ ਦੋ ਟੁਕੜੇ ਕਰ ਦਿਆਂਗਾਂ। ਇਹ ਸੁਣਦਿਆਂ ਮੇਜਰ ਨੇ ਜਲਦੀ ਨਾਲ ਸਿਗਰਟ ਪਾਣੀ ਵਿੱਚ ਸੁੱਟ ਦਿੱਤੀ ਤੇ ਉਸ ਨੇ ਭਾਈ ਸਾਹਿਬ ਨੂੰ ਮੁਆਫ ਕਰਨ ਲਈ ਕਿਹਾ।

ਇਹ ਇੱਕ ਨੇਕੀ ਤੇ ਧਰਮ ਦਾ ਕੰਮ ਸੀ ਜੋ ਕਿ ਭਾਈ ਸਾਹਿਬ ਦੇ ਅੰਦਰ ਚਲ ਰਹੇ ਨਾਮ ਰਾਹੀਂ ਪ੍ਰਗਟ ਹੋਇਆ ਸੀ । ਭਾਈ ਸਾਹਿਬ ਜੀ ਦੀ ਸ਼ਖਸੀਅਤ ਮਹਾਨ ਨਿਮਰ ਸੰਤ ਅਤੇ ਮਹਾਨ ਖਾਲਸਾ ਸਿਪਾਹੀ ਵਿਚਕਾਰ ਇੱਕ ਬਹੁਤ ਵਧੀਆ ਸੰਤੁਲਨ ਸੀ । ਜਿੱਥੇ ਉਹਨਾਂ ਨੇ ਧਰਮ ਨੂੰ ਬਰਕਰਾਰ ਰੱਖਿਆ ਉੱਥੇ ਉਹਨਾਂ ਨੇ ਲੋੜਵੰਦਾਂ ਦੀ ਵੀ ਮਦਦ ਕੀਤੀ । ਉਹ ਇਸ ਮਦਦ ਨੂੰ ਆਪਣਾ ਕਰਤੱਵ ਸਮਝਦੇ ਸਨ ਤੇ ਸਿੱਖਾਂ ਨੂੰ ਆਪਣੀ ਜਾਨ ਨਾਲੋਂ ਜ਼ਿਆਦਾ ਮਹੱਤਵ ਦਿੰਦੇ ਸਨ । ਉਹ ਸਿੱਖਾਂ ਲਈ ਹਮੇਸ਼ਾਂ ਆਪਣੀ ਜਾਨ ਦੇਣ ਨੂੰ ਤਿਆਰ ਰਹਿੰਦੇ ਸਨ । ਮੰਦੇਭਾਗਾਂ ਨਾਲ ਉਸ ਸਮੇਂ ਦੇ ਬਹੁਤੇ ਲੋਕ ਉਹਨਾਂ ਨੂੰ ਇੱਕ ਫਸਾਦੀ ਦੇ ਰੂਪ ਵਿੱਚ ਦੇਖਦੇ ਸਨ ਜੋ ਹਮੇਸ਼ਾਂ ਹੀ ਕਿਸੇ ਲੜਾਈ ਵਿੱਚ ਉਲਝਿਆ ਹੋਇਆ ਹੈ । ਉਹ ਚਾਹੁੰਦੇ ਸਨ ਕਿ ਭਾਈ ਸਹਿਬ ਜੀ ਕਿਸੇ ਮਸਲੇ ਵਿੱਚ ਉਲਝੇ ਬਿਨਾਂ ਰੱਬ ਦਾ ਨਾਮ ਲੈਣ । ਪਰ ਭਾਈ ਸਾਹਿਬ ਜੀ ਦੀ ਇੱਕੋ ਇੱਕ ਚਿੰਤਾ ਪੰਥ ਵਿੱਚ ਆ ਰਹੀ ਗਿਰਾਵਟ ਦਾ ਪੱਧਰ ਤੇ ਗੁਰੂ ਸਾਹਿਬ ਪ੍ਰਤੀ ਨਿਰਾਦਰ ਸੀ ।

ਗੁਪਤ ਗੁਰਸਿੱਖ, ਇੰਗਲੈਂਡ

## ਚੜ੍ਹਦੀ ਕਲਾ ਵਿੱਚ ਪ੍ਰਚਾਰ

ਜੇ ਜੀਵੈ ਪਤਿ ਲਥੀ ਜਾਇ । ਸਭੁ ਹਰਾਮੁ ਜੇਤਾ ਕਿਛੁ ਖਾਇ ॥

ਗੁਰੂ ਜੀ ਦੇ ਇਹ ਮਹਾਨ ਬਚਨ ਭਾਈ ਸਾਹਿਬ ਜੀ ਦੇ ਮਨ ਵਿੱਚ ਵਸੇ ਹੋਏ ਸਨ । ਸੰਸਾਰ ਦੌਲਤ, ਮਕਾਨ, ਕਾਰਾਂ ਅਤੇ ਵਸਤੂਆਂ ਨਾਲ ਜੁੜਿਆ ਹੋਇਆ ਹੈ । ਉਹ ਹੋਰ ਜਿਆਦਾ ਦੌਲਤ ਇਕੱਠੀ ਕਰਨ ਦੇ ਤਰੀਕੇ ਲੱਭ ਰਿਹਾ ਹੈ । ਪਰ ਭਾਈ ਸਾਹਿਬ ਜੀ ਦਾ ਇਨ੍ਹਾਂ ਚੀਜ਼ਾਂ ਨਾਲ ਕੋਈ ਸਬੰਧ ਨਹੀਂ ਸੀ । ਉਹ ਤਾਂ ਪੰਥ ਦੀ ਚੜ੍ਹਦੀ ਕਲਾ ਅਤੇ ਤਰੱਕੀ ਲਈ ਤਰੀਕੇ ਖੋਜ ਰਹੇ ਸਨ ।

ਸੰਨ 1976 ਵਿੱਚ ਉਹਨਾਂ ਦਾ ਇਹ ਮਿਸ਼ਨ ਇੱਕ ਕਦਮ ਹੋਰ ਅੱਗੇ ਵਧਿਆ । ਅੰਮ੍ਰਿਤਸਰ ਦੇ ਆਲੇ ਦੁਆਲੇ ਦਸ ਦਿਨਾਂ ਦੇ ਕੈਂਪ ਆਯੋਜਿਤ ਕੀਤੇ ਗਏ ਜਿਸ ਵਿੱਚ ਬਹੁਤ ਸਿੰਘਾਂ ਨੇ ਹਿੱਸਾ ਲਿਆ । ਦਿਨ ਦੀ ਸ਼ੁਰੂਆਤ ਗੁਰੂ ਗਰੰਥ ਸਾਹਿਬ ਜੀ ਦੀ ਸੇਵਾ ਨਾਲ ਹੁੰਦੀ ਸੀ । ਕਈ ਥਾਵਾਂ ਦੇ ਹਾਲਾਤ ਬਹੁਤ ਸਹੀ ਨਹੀਂ ਸਨ, ਉੱਥੇ ਗੰਦਗੀ ਸੀ । ਪਹਿਲਾਂ ਉਹਨਾਂ ਨੂੰ ਗੁਰੂ ਮਹਾਰਾਜ ਦਾ ਸਹੀ ਆਦਰ ਸਤਿਕਾਰ ਕਰਨ ਬਾਰੇ ਸਿਖਾਇਆ ਜਾਂਦਾ ਫਿਰ ਉੱਥੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ । ਇਸ ਉਪਰੰਤ ਗੁਰਮਤਿ ਵੀਚਾਰਾਂ ਕੀਤੀਆਂ ਜਾਂਦੀਆਂ । ਇਸੇ ਤਰ੍ਹਾਂ ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਕੀਰਤਨ ਦਾ ਦੀਵਾਨ ਸਜਦਾ ਤੇ ਬਾਅਦ ਵਿੱਚ ਭਾਈ ਸਾਹਿਬ ਜੀ ਗੁਰਮਤਿ ਉੱਤੇ ਵਖਿਆਨ ਕਰਦੇ । ਇਹ ਵਿਖਿਆਨ ਸੁਣ ਕੇ ਕਈਆਂ ਦੀ ਜ਼ਿੰਦਗੀ ਬਦਲ ਗਈ ਤੇ ਉਹ ਅੰਮ੍ਰਿਤ ਛਕਣ ਲਈ ਤਿਆਰ ਹੋ

lectures, the lives of many took a turn and they prepared themselves to take Amrit. The youth were especially influenced by his words. It was a great phenomenon to witness. Even while travelling the Singhs and Singhnees would perform Kirtan on trailers which had a wondrous effect on the surrounding villagers. Many would just join in and create a large procession. Singhs like Master Niranjan Singh Jee (Gurdaspur), Hazara Singh Jee Retd. DSP (Gurdaspur), Gurmukh Singh Jee (Patiala), Baldev Singh Jee (Amritsar) all took part in this. They all helped in the Keertan and Vichaar seva. All who attended this "Chaldhaa Vaheer Smaagam" lost any desire to return home.

As the Singhs were travelling to the Gallee Village, they were obstructed by a CID team. The police had been sent by Niranjan 'Singh' Nirankaree to intentionally cause a disturbance. The police took Bhai Sahib in for questioning at a nearby Doctor's building. They asked who had given them permission to go from village to village doing missionary work. Bhai Sahib responded by telling them that no permission needs to be sought for the work of the Sikh mission. The police were dumbstruck by his quick and sharp responses and the vigour and love he showed for his. The police asked for forgiveness for obstructing and went on their way.

*Giani Hazoora Singh – United Kingdom*

## College Thugs

Once Shaheed Bhai Fauja Singh jee's Gursikh Friend was running for the College Student Union President. There were many Students that had attended the Campaign day and a handful of troublemakers were also present. The troublemakers started hurling abuse at the Gursikh while he was speaking and threatened him that if he did not stand down from running for Student Union President they would sort him out.

The Gursikh later on that day met Bhai Fauja Singh jee who told him what had happened. Bhai Sahib was furious and went into Bir Rass, and said "we will show these troublemakers they can't intimidate Gursikhs." Bhai Sahib grabbed a long Lathi (wooden staff) and made his way to the 30-40 Youth. Bhai Sahib said, "Which one of you has threatened by dear friend for no reason and said many disgusting words to him?" At that moment all the crowd of Youth got really aggressive and said, "What are you going to do about it?"

Bhai Fauja Singh Jee, who was a skilled martial artist, began hitting them with his Lathi. One by one, they all dropped in a brawl. Majority of them had broken or fractured bones. Amazingly, Bhai Sahib didn't have a scratch on him, even though he was outnumbered by 30-40. Bhai Sahib said, "If you ever do this again to anyone, then I will come back again". They all asked for forgiveness and said they would never to it again!

*Dr Daljeet Singh Virk, United Kingdom*

ਗਏ । ਖਾਸ ਕਰਕੇ ਨੌਜਵਾਨ ਉਹਨਾਂ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਸਨ । ਇਸ ਵਰਤਾਰੇ ਦੇ ਸਾਖੀ ਹੋਣਾ ਬਹੁਤ ਅਸਚਰਜ ਸੀ । ਟਰਾਲੀ ਉੱਤੇ ਸਫਰ ਕਰਦਿਆਂ ਵੀ ਸਿੰਘ ਸਿੰਘਣੀਆਂ ਕੀਰਤਨ ਕਰਦੇ ਸਨ ਜਿਸ ਨਾਲ ਆਲੇ ਦੁਆਲੇ ਦੇ ਪਿੰਡ ਵਾਸੀਆਂ ਉੱਤੇ ਇੱਕ ਅਦਭੁੱਤ ਪ੍ਰਭਾਵ ਪੈਂਦਾ । ਕਈ ਉਹਨਾਂ ਦੇ ਨਾਲ ਨਾਲ ਤੁਰ ਪੈਂਦੇ ਤੇ ਕਾਫਲਾ ਵੱਡੇ ਜਲੂਸ ਦਾ ਰੂਪ ਧਾਰਨ ਕਰ ਲੈਂਦਾ । ਮਾਸਟਰ ਨਿਰੰਜਣ ਸਿੰਘ (ਗੁਰਦਾਸਪੁਰ), ਹਜ਼ਾਰਾ ਸਿੰਘ ਜੀ ਰਿ: ਡੀ ਐਸ ਪੀ (ਗੁਰਦਾਸਪੁਰ), ਗੁਰਮੁਖ ਸਿੰਘ ਜੀ (ਪਟਿਆਲਾ), ਬਲਦੇਵ ਸਿੰਘ ਜੀ (ਅੰਮ੍ਰਿਤਸਰ) ਅਤੇ ਹੋਰ ਗੁਰਸਿੱਖ ਇਸ ਕਾਫਲੇ ਦਾ ਹਿੱਸਾ ਸਨ । ਇਹ ਸਾਰੇ ਕੀਰਤਨ ਅਤੇ ਵਿਚਾਰ ਸੇਵਾ ਵਿੱਚ ਹਿੱਸਾ ਪਾਉਂਦੇ । ਉਹ ਸਾਰੇ ਜਿਨ੍ਹਾਂ ਨੇ ਇਹ ‘’ਚਲਦਾ ਵਹੀਰ ਸਮਾਗਮਾਂ’’ ਵਿੱਚ ਹਿੱਸਾ ਲਿਆ ਉਹਨਾਂ ਵਿੱਚ ਘਰ ਵਾਪਸ ਮੁੜਨ ਦੀ ਇੱਛਾ ਖਤਮ ਹੋ ਗਈ ਸੀ।

ਜਦੋਂ ਸਿੰਘ ਗਲੀ ਪਿੰਡ ਵਿੱਚੋਂ ਲੰਘ ਰਹੇ ਸਨ ਤਾਂ ਉੱਥੇ ਉਹਨਾਂ ਨੂੰ ਇੱਕ ਸੀ. ਆਈ. ਡੀ ਟੀਮ ਨੇ ਰੋਕ ਲਿਆ । ਇਹ ਟੀਮ ਨਿਰੰਜਨ ‘ਸਿੰਘ’ ਨਿਰੰਕਾਰੀ ਵੱਲੋਂ ਜਾਣਬੁੱਝ ਕੇ ਫਸਾਦ ਪਾਉਣ ਲਈ ਭੇਜੀ ਗਈ ਸੀ। ਪੁਲਿਸ ਭਾਈ ਸਾਹਿਬ ਜੀ ਨੂੰ ਨੇੜੇ ਇੱਕ ਡਾਕਟਰ ਦੀ ਇਮਾਰਤ ਵਿੱਚ ਪੁੱਛਗਿੱਛ ਕਰਨ ਲਈ ਲੈ ਗਈ। ਉਹਨਾਂ ਭਾਈ ਸਾਹਿਬ ਜੀ ਨੂੰ ਪੁੱਛਿਆ ਕਿ ਉਹਨਾਂ ਨੇ ਪਿੰਡ ਪਿੰਡ ਵਿੱਚ ਪ੍ਰਚਾਰ ਕਰਨ ਲਈ ਕਿਸ ਕੋਲੋਂ ਇਜਾਜ਼ਤ ਲਈ ਹੈ। ਭਾਈ ਸਾਹਿਬ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਸਿੱਖੀ ਦੇ ਮਿਸ਼ਨ ’ਤੇ ਕੰਮ ਕਰਨ ਲਈ ਕਿਸੇ ਇਜਾਜ਼ਤ ਦੀ ਲੋੜ ਨਹੀਂ ਹੈ। ਪੁਲਿਸ ਉਹਨਾਂ ਦੇ ਤੇਜ਼ ਅਤੇ ਤਿੱਖੇ ਜੁਆਬਾਂ ਅਤੇ ਉਹਨਾਂ ਦੇ ਸਿੱਖੀ ਪ੍ਰਤੀ ਜੋਸ਼ ਨੂੰ ਦੇਖ ਕੇ ਚੁੱਪ ਹੋਣ ਲਈ ਮਜ਼ਬੂਰ ਹੋ ਗਈ। ਪੁਲਿਸ ਵਾਲਿਆਂ ਨੇ ਭਾਈ ਸਾਹਿਬ ਜੀ ਤੋਂ ਮੁਆਫੀ ਦੀ ਯਾਚਨਾ ਕੀਤੀ ਤੇ ਉੱਥੋਂ ਪੱਤਰਾ ਵਾਚ ਗਏ ।

ਗਿਆਨੀ ਹਜ਼ੂਰਾ ਸਿੰਘ – ਇੰਗਲੈਂਡ

## ਕਾਲਜ ਦੇ ਗੁੰਡੇ

ਇੱਕ ਵਾਰ ਸ਼ਹੀਦ ਭਾਈ ਫੌਜਾ ਸਿੰਘ ਜੀ ਦਾ ਇੱਕ ਗੁਰਸਿੱਖ ਮਿੱਤਰ ਕਾਲਜ ਦੀ ਸਟੂਡੈਂਟ ਯੂਨੀਅਨ ਵਿੱਚ ਚੋਣ ਲੜ ਰਿਹਾ ਸੀ। ਉੱਥੇ ਚੋਣ ਮੁਹਿੰਮ ਵਾਲੇ ਦਿਨ ਬਹੁਤ ਸਾਰੇ ਵਿਦਿਆਰਥੀ ਹਾਜ਼ਰ ਸਨ ਤੇ ਕੁਝ ਫਸਾਦੀ ਵੀ ਉੱਥੇ ਮੌਜੂਦ ਸਨ । ਜਦੋਂ ਗੁਰਸਿੱਖ ਵੀਰ ਨੇ ਬੋਲਣਾ ਸ਼ੁਰੂ ਕੀਤਾ ਤਾਂ ਫਸਾਦੀਆਂ ਨੇ ਉਸ ਨਾਲ ਬਦਸਲੂਕੀ ਕਰਨੀ ਸ਼ੁਰੂ ਕਰ ਦਿੱਤੀ ਤੇ ਉਸ ਨੂੰ ਧਮਕੀ ਦਿੱਤੀ ਕਿ ਜੇ ਉਸ ਨੇ ਸਟੂਡੈਂਟ ਯੂਨੀਅਨ ਦੇ ਪ੍ਰਧਾਨ ਦੇ ਅਹੁਦੇ ਲਈ ਆਪਣਾ ਨਾਮ ਵਾਪਸ ਨਾ ਲਿਆ ਤਾਂ ਉਸ ਨੂੰ ਦੇਖ ਲਿਆ ਜਾਵੇਗਾ ।

ਉਹ ਗੁਰਸਿੱਖ ਬਾਅਦ ਵਿੱਚ ਭਾਈ ਫੌਜਾ ਸਿੰਘ ਜੀ ਨੂੰ ਮਿਲਿਆ ਤੇ ਉਹਨਾਂ ਨੂੰ ਦਿਨ ਵਿੱਚ ਜੋ ਵਾਪਰਿਆ ਸੀ, ਉਸ ਬਾਰੇ ਜਾਣਕਾਰੀ ਦਿੱਤੀ । ਭਾਈ ਸਾਹਿਬ ਜੀ ਸੁਣਦਿਆਂ ਗੁੱਸੇ ਵਿੱਚ ਆ ਗਏ ਤੇ ਬੀਰ ਰਸ ਵਿੱਚ ਭਰ ਗਏ । ਕਹਿਣ ਲੱਗੇ ਕਿ ਮੈਂ ਉਹਨਾਂ ਫਸਾਦੀਆਂ ਨੂੰ ਦੱਸਾਂਗਾ ਕਿ ਗੁਰਸਿੱਖ ਨੂੰ ਡਰਾਇਆ ਧਮਕਾਇਆ ਨਹੀਂ ਜਾ ਸਕਦਾ । ਭਾਈ ਸਾਹਿਬ ਜੀ ਨੇ ਇੱਕ ਡਾਂਗ ਹੱਥ ਵਿੱਚ ਫੜੀ ਤੇ ਚੱਲ ਕੇ 30 – 40 ਨੌਜਵਾਨਾਂ ਦੇ ਗਰੁੱਪ ਕੋਲ ਜਾ ਪਹੁੰਚੇ । ਭਾਈ ਸਾਹਿਬ ਜੀ ਨੇ ਪੁੱਛਿਆ ਕਿ ਉਹ ਕੌਣ ਹੈ ਜਿਸਨੇ ਮੇਰੇ ਗੁਰਸਿੱਖ ਮਿੱਤਰ ਨੂੰ ਬਿਨਾਂ ਕਿਸੇ ਕਾਰਨ ਧਮਕੀ ਦਿੱਤੀ ਸੀ । ਭਾਈ ਸਾਹਿਬ ਜੀ ਦੇ ਪੁੱਛਣ ਤੇ ਨੌਜਵਾਨਾਂ ਦੀ ਢਾਣੀ ਗੁੱਸੇ ਵਿੱਚ ਆ ਗਈ ਤੇ ਕਹਿਣ ਲੱਗੀ ਕਿ ਦੱਸੋ ਤੁਸੀਂ ਕੀ ਕਰ ਲਵੋਗੇ ?

ਭਾਈ ਫੌਜਾ ਸਿੰਘ ਜੀ ਗਤਕੇ ਦੇ ਕੁਸ਼ਲ ਖਿਡਾਰੀ ਸਨ । ਉਹਨਾਂ ਨੇ ਨੌਜਵਾਨਾਂ ਨੂੰ ਇੱਕ ਇੱਕ ਕਰਕੇ ਮਾਰਨਾ ਸ਼ੁਰੂ ਕਰ ਦਿੱਤਾ । ਸਾਰੇ ਇੱਕ ਇੱਕ ਕਰ ਕੇ ਡਿਗਣ ਲੱਗੇ ਤੇ ਉਹਨਾਂ ਵਿੱਚੋਂ ਬਹੁਤਿਆਂ ਦੀਆਂ ਹੱਡੀਆਂ ਟੁੱਟ ਗਈਆਂ ਜਾਂ ਤਿੜਕ ਗਈਆਂ । ਹੈਰਾਨੀ ਇਸ ਗੱਲ ਦੀ ਸੀ ਕਿ ਚਾਹੇ ਭਾਈ ਸਾਹਿਬ ਜੀ ਦਾ ਮੁਕਾਬਲਾ 30 – 40 ਨੌਜਵਾਨਾਂ ਨਾਲ ਸੀ ਪਰ ਭਾਈ ਸਾਹਿਬ ਜੀ ਨੂੰ ਇੱਕ ਵੀ ਝਰੀਟ ਨਾ ਆਈ । ਭਾਈ ਸਾਹਿਬ ਜੀ ਨੇ ਉਹਨਾਂ ਨੌਜਵਾਨਾਂ ਨੂੰ ਕਿਹਾ ਕਿ ਜੇ ਤੁਸੀਂ ਕਿਸੇ ਹੋਰ ਨਾਲ ਇਸ ਤਰ੍ਹਾਂ ਦਾ ਵਿਹਾਰ ਕੀਤਾ ਤਾਂ ਮੈਂ ਫਿਰ ਵਾਪਿਸ ਆ ਜਾਵਾਂਗਾ । ਉਹਨਾਂ ਸਾਰਿਆਂ ਨੇ ਭਾਈ ਸਾਹਿਬ ਜੀ ਤੋਂ ਮੁਆਫੀ ਮੰਗੀ ਤੇ ਕਿਹਾ ਕਿ ਉਹ ਦੁਬਾਰਾ ਇਸ ਤਰ੍ਹਾਂ ਨਹੀਂ ਕਰਨਗੇ !

ਡਾ: ਦਲਜੀਤ ਸਿੰਘ ਵਿਰਕ, ਇੰਗਲੈਂਡ

# Rangley Saajan Dr Surinder Singh and Bhai Fauja Singh

Once, Bhai Fauja Singh jee organized a Siri Akhand Paath Sahib at Khalsa Farm (his farm) and many Gurmukhs including Dr. Surinder Singh jee attended this Samagam. Most of the time, Dr Sahib sat in the hazoori of Maharaj and listened to paath. At one point, Dr. Sahib stepped out and Bhai Fauja Singh too followed him and asked him to eat some Langar. Dr. Sahib told Bhai Fauja Singh that he is going out and would be back in about half an hour or so.

In Ludhiana at that time a Singh by the name of Bhai Gurdeep Singh was residing. His son had recently died and he was in a very depressed condition. Bhai Gurdeep Singh was close to Dr. Sahib and Dr. Sahib was able to feel his mental condition. There was no time to reach him the conventional way, so Dr Sahib arrived at the house of Bhai Gurdeep Singh, the other way (spiritual way). Dr Sahib advised Bhai Gurdeep Singh to do Gurbani paath and not be depressed this way. He said that Singhs don't get depressed when they lose their worldly possessions and always stay in Chardi Kala through Naam and Gurbani paath. Dr Sahib stayed there for about half hour or so and then got up to leave. Bhai Gurdeep Singh went to see off Dr Sahib and for a moment he looked back and then looked outside towards Dr Sahib but he could not find him anywhere.



After some days he met Bhai Fauja Singh and narrated to him the incident of Dr Sahib's arrival. Bhai Fauja Singh asked him for the date and was surprised to know that on that date, Dr Sahib was attending Akhand Paath Sahib. He then remembered that he had stepped out for half an hour or so. Then they figured out that Dr Sahib had gone to console Bhai Gurdeep Singh who was in an extremely dejected and depressed state of mind. Such was the spiritual state of Dr Sahib.

*Gurmukh Singh, Anandpur Sahib, Punjab*

# ਰੰਗਲੇ ਸੱਜਣ ਡਾ: ਸੁਰਿੰਦਰ ਸਿੰਘ ਅਤੇ ਭਾਈ ਫੌਜਾ ਸਿੰਘ

ਇੱਕ ਵਾਰ ਭਾਈ ਫੌਜਾ ਸਿੰਘ ਜੀ ਨੇ ਖਾਲਸਾ ਫਾਰਮ ਉੱਤੇ ਸ੍ਰੀ ਅਖੰਡ ਪਾਠ ਸਾਹਿਬ ਰੱਖਿਆ ਤੇ ਇਸ ਸਮਾਗਮ ਵਿੱਚ ਡਾ: ਸੁਰਿੰਦਰ ਸਿੰਘ ਜੀ ਸਮੇਤ ਕਈ ਗੁਰਸਿੱਖਾਂ ਨੇ ਭਾਗ ਲਿਆ। ਬਹੁਤਾ ਸਮਾਂ ਡਾ: ਸਾਹਿਬ ਮਹਾਰਾਜ ਦੀ ਹਜ਼ੂਰੀ ਵਿੱਚ ਬੈਠੇ ਪਾਠ ਸੁਣਦੇ ਰਹੇ । ਇੱਕ ਸਮੇਂ ਡਾ: ਸਾਹਿਬ ਹਜ਼ੂਰੀ ਤੋਂ ਬਾਹਰ ਆਏ ਤਾਂ ਭਾਈ ਫੌਜਾ ਸਿੰਘ ਜੀ ਵੀ ਉਹਨਾਂ ਪਿੱਛੇ ਹੀ ਬਾਹਰ ਆ ਗਏ ਤੇ ਉਹਨਾਂ ਨੂੰ ਲੰਗਰ ਛਕਣ ਦੀ ਬੇਨਤੀ ਕੀਤੀ । ਡਾ: ਸਹਿਬ ਨੇ ਭਾਈ ਫੌਜਾ ਸਿੰਘ ਜੀ ਨੂੰ ਕਿਹਾ ਕਿ ਮੈਂ ਥੋੜ੍ਹੀ ਦੇਰ ਬਾਹਰ ਜਾ ਰਿਹਾ ਹਾਂ ਤੇ ਅੱਧੇ ਘੰਟੇ ਵਿੱਚ ਵਾਪਸ ਆ ਜਾਵਾਂਗਾ ।



ਲੁਧਿਆਣਾ ਵਿੱਚ ਭਾਈ ਗੁਰਦੀਪ ਸਿੰਘ ਦੇ ਨਾਂ ਦਾ ਇੱਕ ਸਿੰਘ ਰਹਿੰਦਾ ਸੀ ।ਹਾਲ ਹੀ ਵਿੱਚ ਉਹਨਾਂ ਦਾ ਪੁੱਤਰ ਚੜ੍ਹਾਈ ਕਰ ਗਿਆ ਸੀ ਤੇ ਉਹ ਬਹੁਤ ਨਿਰਾਸ਼ ਹਾਲਤ ਵਿੱਚ ਸੀ । ਭਾਈ ਗੁਰਦੀਪ ਸਿੰਘ ਡਾ: ਸੁਰਿੰਦਰ ਸਿੰਘ ਦੇ ਬਹੁਤ ਨਜ਼ਦੀਕੀ ਸਨ ਤੇ ਡਾ: ਸਾਹਿਬ ਉਹਨਾਂ ਦੀ ਮਾਨਸਿਕ ਅਵਸਥਾ ਨੂੰ ਮਹਿਸੂਸ ਕਰਨ ਦੇ ਯੋਗ ਸਨ । ਡਾ: ਸਹਿਬ ਕੋਲ ਭਾਈ ਗੁਰਦੀਪ ਸਿੰਘ ਕੋਲ ਰਵਾਇਤੀ ਢੰਗ ਨਾਲ ਪਹੁੰਚਣ ਦਾ ਸਮਾਂ ਨਹੀਂ ਸੀ ਇਸ ਲਈ ਉਹ ਰੂਹਾਨੀ ਢੰਗ ਨਾਲ ਭਾਈ ਗੁਰਦੀਪ ਸਿੰਘ ਦੇ ਘਰ ਪਹੁੰਚੇ । ਡਾ: ਸਾਹਿਬ ਨੇ ਭਾਈ ਗੁਰਦੀਪ ਸਿੰਘ ਨੂੰ ਸਲਾਹ ਦਿੱਤੀ ਕਿ ਉਹ ਇਸ ਤਰ੍ਹਾਂ ਨਿਰਾਸ਼ ਨਾ ਹੋਣ ਤੇ ਗੁਰਬਾਣੀ ਦਾ ਪਾਠ ਕਰਨ । ਉਹਨਾਂ ਕਿਹਾ ਕਿ ਸਿੰਘ ਆਪਣੀ ਦੁਨਿਆਵੀ ਸੰਪਤੀ ਗਵਾ ਕੇ ਨਿਰਾਸ਼ ਨਹੀਂ ਹੁੰਦੇ ਬਲਕਿ ਨਾਮ ਬਾਣੀ ਰਾਹੀਂ ਚੜ੍ਹਦੀ ਕਲਾ ਵਿੱਚ ਰਹਿੰਦੇ ਹਨ । ਡਾ: ਸਾਹਿਬ ਉੱਥੇ ਅੱਧਾ ਕੁ ਘੰਟਾ ਰਹੇ ਤੇ ਵਾਪਸ ਚਾਲੇ ਪਾਉਣ ਲਈ ਉੱਠੇ । ਭਾਈ ਗੁਰਦੀਪ ਸਿੰਘ ਡਾ: ਸਾਹਿਬ ਨੂੰ ਬਾਹਰ ਛੱਡਣ ਲਈ ਆਏ । ਇੱਕ ਪਲ ਲਈ ਭਾਈ ਗੁਰਦੀਪ ਸਿੰਘ ਨੇ ਪਿੱਛੇ ਮੁੜ ਕੇ ਦੇਖਿਆ ਤੇ ਵਾਪਸ ਬਾਹਰ ਵੱਲ ਡਾ: ਸਾਹਿਬ ਵੱਲ ਦੇਖਿਆ ਪਰ ਡਾ: ਸਾਹਿਬ ਉਨ੍ਹਾਂ ਨੂੰ ਕਿਤੇ ਵੀ ਨਾ ਦਿਖੇ ।

ਕੁਝ ਦਿਨਾਂ ਬਾਅਦ ਭਾਈ ਗੁਰਦੀਪ ਸਿੰਘ ਭਾਈ ਫੌਜਾ ਸਿੰਘ ਜੀ ਨੂੰ ਮਿਲੇ ਅਤੇ ਡਾ: ਸਾਹਿਬ ਜੀ ਦੇ ਆਉਣ ਵੇਲੇ ਹੋਏ ਵਰਤਾਰੇ ਬਾਰੇ ਦੱਸਿਆ । ਭਾਈ ਫੌਜਾ ਸਿੰਘ ਨੇ ਉਹਨਾਂ ਤੋਂ ਆਉਣ ਦੀ ਤਾਰੀਕ ਪੁੱਛੀ। ਉਹਨਾਂ ਨੂੰ ਤਾਰੀਖ ਸੁਣ ਕੇ ਹੈਰਾਨੀ ਹੋਈ ਕਿਉਂਕਿ ਉਸ ਦਿਨ ਡਾ: ਸਾਹਿਬ ਅਖੰਡ ਪਾਠ ਸਮਾਗਮਾਂ ਵਿੱਚ ਹਾਜ਼ਰ ਸਨ । ਫਿਰ ਭਾਈ ਸਾਹਿਬ ਨੂੰ ਯਾਦ ਆਇਆ ਕਿ ਡਾ: ਸਾਹਿਬ ਅੱਧੇ ਕੁ ਘੰਟੇ ਲਈ ਬਾਹਰ ਚਲੇ ਗਏ ਸਨ । ਉਹਨਾਂ ਹਿਸਾਬ ਲਾਇਆ ਕਿ ਉਸ ਸਮੇਂ ਡਾ: ਸਾਹਿਬ ਭਾਈ ਗੁਰਦੀਪ ਸਿੰਘ ਨਾਲ ਦੁਖ ਸਾਂਝਾ ਕਰਨ ਲਈ ਗਏ ਸਨ ਕਿਉਂਕਿ ਉਸ ਵੇਲੇ ਉਹ ਬਹੁਤ ਹੀ ਨਿਰਾਸ਼ ਤੇ ਉਦਾਸ ਹਾਲਤ ਵਿੱਚ ਸਨ । ਡਾ: ਸਾਹਿਬ ਜੀ ਦੀ ਇਸ ਤਰ੍ਹਾਂ ਦੀ ਰੂਹਾਨੀ ਅਵਸਥਾ ਸੀ ।

ਗੁਰਮੁਖ ਸਿੰਘ, ਅਨੰਦਪੁਰ ਸਾਹਿਬ, ਪੰਜਾਬ

# ਪੁਰਾਤਨ ਸਿੰਘਾਂ ਵਾਲਾ ਜੀਵਨ - Jeevan of a Puratan Gursikh



ਭਾਈ ਸਾਹਿਬ ਭਾਈ ਫੌਜਾ ਸਿੰਘ ਜੀ ਦਾ ਜੀਵਨ ਅਸਲ ਪੁਰਾਤਨ ਸਿੰਘਾਂ ਵਾਲਾ ਜੀਵਨ ਸੀ । ਉਹ ਜਪੀ ਤਪੀ, ਨਿੱਤਨੇਮੀ, ਸਿਮਰਨ ਦੇ ਅਭਿਆਸੀ ਸਨ । ਬਾਣੇ ਨਾਲ ਅਤੇ ਸ਼ਸਤਰਾਂ ਨਾਲ ਇੰਨਾ ਪਿਆਰ ਸੀ ਕਿ ਜਿੰਨਾ ਗੁਰੂ ਨਾਲ ਪਿਆਰ ਸੀ । ਗੁਰੂ ਗਰੰਥ ਸਾਹਿਬ ਜੀ ਨਾਲ ਪਿਆਰ ਤੋਂ ਬਾਅਦ ਸ਼ਸਤਰਾਂ ਨਾਲ ਇੰਨਾ ਪਿਆਰ ਸੀ ਕਿ ਉਹਨਾਂ ਦੀ ਜਿੰਦ ਜਾਨ ਸ਼ਸਤਰ ਸਨ । ਸਿੰਘਾਂ ਨੂੰ ਹਮੇਸ਼ਾਂ ਇਹੀ ਪ੍ਰੇਰਨਾ ਦਿੰਦੇ ਕਿ ਸਿਮਰਨ ਦੇ ਅਭਿਆਸ, ਕੀਰਤਨ ਦੇ ਅਭਿਆਸ ਤੇ ਬਾਣੀ ਪੜ੍ਹਨ ਦੇ ਨਾਲ ਨਾਲ ਰਹਿਤ ਵਿੱਚ ਪ੍ਰਪੱਕ ਤੇ ਬਾਣੇ ਧਾਰਨੀ ਹੋਣ । ਅਖੰਡ ਕੀਰਤਨੀ ਜਥੇ ਦੇ ਬਹੁਤ ਸਿੰਘਾਂ ਨੂੰ ਉਹਨਾਂ ਪੂਰਾ ਬਾਣਾ ਪਹਿਨਣ, ਸੀਸ ਤੇ ਦੁਮਾਲਾ ਸਜਾਉਣ, ਕਮਰਕੱਸਾ ਤੇ ਸ਼ਸਤਰਾਂ ਨਾਲ ਲੈਸ ਹੋਣ ਲਈ ਪਿਆਰ ਨਾਲ ਪ੍ਰੇਰਿਤ ਕੀਤਾ । ਪਹਿਲਾਂ ਵੀ ਜਥੇ ਦੇ ਸਿੰਘ ਬਾਣਾ ਪਹਿਨਦੇ ਸਨ ਪਰ ਉਹਨਾਂ ਨੇ ਹੋਰ ਜਿਆਦਾ ਉਤਸ਼ਾਹ ਦਿੱਤਾ । ਧੁਰੋਂ ਵਾਹਿਗੁਰੂ ਜੀ ਦੀ ਬਖਸ਼ਿਸ਼ ਨਾਲ ਉਹ ਰੂਹਾਂ ਆਈਆ ਹੋਈਆਂ ਸਨ । ਉਹਨਾਂ ਨੇ ਧਰਮ ਵਾਸਤੇ ਕਾਰਜ ਕਰਨ ਲਈ ਹੀ ਵਾਹਿਗੁਰੂ ਜੀ ਦੇ ਹੁਕਮ ਨਾਲ ਆਪਣਾ ਜੀਵਨ ਧਾਰਨ ਕੀਤਾ ਸੀ । ਸੰਸਾਰਕ ਕਾਰ ਵਿਹਾਰ ਕਰਦਿਆਂ ਹੋਇਆ ਉਹਨਾਂ ਦੇ ਅੰਦਰ ਜਿਹੜੀ ਲਗਨ ਸੀ, ਉਹ ਇਹੋ ਹੀ ਰਹਿੰਦੀ ਸੀ ਕਿ ਖਾਲਸੇ ਪੰਥ ਦਾ ਕਿੱਦਾਂ ਬੋਲ ਬਾਲਾ ਹੋਵੇ, ਖਾਲਸੇ ਪੰਥ ਦੀ ਕਿੱਦਾਂ ਚੜ੍ਹਦੀ ਕਲਾ ਹੋਵੇ । ਸਿੰਘ ਕਿੱਦਾਂ ਚੜ੍ਹਦੀ ਕਲਾ ਦੇ ਚਾਹੀਦੇ ਨੇ । ਜੇ ਕਿਤੇ ਲੋੜ ਪਵੇ ਤਾਂ ਭਾਵੇਂ ਮੈਨੂੰ ਸ਼ਹੀਦ ਵੀ ਹੋਣਾ ਪਵੇ ਮੈਂ ਹਰ ਵੇਲੇ ਤਿਆਰ ਹਾਂ । ਸ਼ਹੀਦੀ ਦਾ ਚਾਅ ਉਹਨਾਂ ਦੇ ਮਨ ਵਿੱਚ 24 ਘੰਟੇ ਰਹਿੰਦਾ ਸੀ । ਕਲਗੀਧਰ ਮਹਾਰਾਜ ਜੀ ਜਿਸ ਤਰ੍ਹਾਂ ਚਾਹੁੰਦੇ ਹਨ ਕਿ ਉਹਨਾਂ ਦੇ ਸਿੰਘ ਹੋਣ, ਜਿਹਨਾਂ ਉੱਤੇ ਮਹਾਰਾਜ ਦੀ ਪੂਰਨ ਪ੍ਰਸੰਨਤਾ ਹੋਵੇ ਉਹਨਾਂ ਵਿੱਚ ਭਾਈ ਸਾਹਿਬ ਭਾਈ ਫੌਜਾ ਸਿੰਘ ਜੀ ਸ਼ਹੀਦ ਇੱਕ ਹੋਏ ਹਨ । ਭਾਈ ਸਾਹਿਬ ਜੋ ਕੁਝ ਸੋਚਦੇ ਰਹੇ, ਜੋ ਕੁਝ ਉਹਨਾਂ ਦੇ ਮਨ ਦੇ ਚਾਅ ਸੀ, ਸ਼ਹੀਦੀ ਦਾ ਚਾਅ ਸੀ, ਸਤਿਗੁਰ ਜੀ ਨੇ ਉਹਨਾਂ ਨੂੰ ਬਖਸ਼ਿਸ਼ ਕੀਤਾ । ਉਹਨਾਂ ਸਾਰੀ ਸੁੱਤੀ ਹੋਈ ਕੌਮ ਨੂੰ ਆਪਣਾ ਖੂਨ ਡੋਲ੍ਹ ਕੇ ਜਗਾ ਕੇ, ਹੋਸ਼ ਵਿੱਚ ਲਿਆ ਕੇ ਇਹ ਗੱਲ ਸਮਝਾਈ ਕਿ ਦੇਖੋ ਤੁਸੀਂ ਕਿਸ ਪਾਸੇ ਜਾ ਰਹੇ ਹੋ । ਅਵੇਸਲੇ ਹੋਣ ਕਰਕੇ ਤੁਹਾਡਾ ਘਰ ਲੁੱਟਿਆ ਜਾ ਰਿਹਾ ਹੈ । ਤੁਹਾਡੇ ਘਰ ਨੂੰ ਸੰਨ੍ਹ ਲੱਗ ਰਹੀ ਹੈ ਤੇ ਤੁਸੀਂ ਅਵੇਸਲੇ ਹੋ ਕੇ ਬੇਪਰਵਾਹ ਤੇ ਬੇਧਿਆਨੇ ਤੁਰੇ ਜਾ ਰਹੇ ਹੋ । ਸ਼ਹੀਦਾਂ ਦਾ ਖੂਨ ਸੁੱਤੀਆਂ ਕੌਮਾਂ ਨੂੰ ਜਗਾਉਂਦਾ ਹੈ, ਜਾਗਰਿਤੀ ਪੈਦਾ ਕਰਦਾ ਹੈ, ਬੀਰ ਰਸ ਪੈਦਾ ਕਰਦਾ ਹੈ । ਉਹਨਾਂ ਨੂੰ ਆਪਣੇ ਵਿਰਸੇ ਦਾ ਗਿਆਨ ਕਰਾਉਂਦਾ ਹੈ ਕਿ ਤੁਸੀਂ ਕੀ ਹੋ ਤੇ ਕਿੱਧਰ ਨੂੰ ਜਾ ਰਹੇ ਹੋ । ਤੁਸੀਂ ਕਰਨਾ ਕੀ ਹੈ ਤੇ ਕਰ ਕੀ ਰਹੇ ਹੋ । ਭਾਈ ਸਾਹਿਬ ਜੀ ਦਾ ਉੱਚਾ ਸੁੱਚਾ ਜੀਵਨ ਉਂਦਾਂ ਦਾ ਸੀ ਜਿੱਦਾਂ ਦੇ ਕਲਗੀਧਰ ਪਾਤਿਸ਼ਾਹ ਦੇ ਅਸਲ ਗੁਰਸਿੱਖਾਂ ਦਾ ਹੋਣਾ ਚਾਹੀਦਾ ਹੈ ।

Bhai Sahib Bhai Fauja Singh's life was like Puraatan Singh's life . He was japi tapi, Nitnemi and practioner of Naam Abhyaas. After his love for Guru Granth Sahib Ji, he had immense love for bana and shastar. He encouraged Singhs to keep their rehat and wear bana as well as doing Simran, kirtan and reciting gurbani. He inspired many Akhand Kirtani Jatha Singhs to wear full bana, to tie a dumalla and kamarkassa, and to always keep shastar with them. The Jatha Singhs already wore bana but they were more influenced and inspired by him. With Wahegurus blessing, his soul came from heaven in order to do work for his faith. He always lived his life accoring to Wahegurus hukam. Whilst living and partaking in normal familial duties, he was always thinking about how or when the Khalsa panth would achieve greatness and how singhs could be chardi kala. He would say 'If needed, I will become shaheed and i am always ready for this.' He was excited about shaheedi 24 hours a day. Bhai Fauja Singh was one of those Singhs, whom Dasmesh Maharaj would want Singhs to be like and who had Maharajee's blessings. Whatever Bhai Sahib thought about, whatever his hopes were, his excitement about shaheedi, all were achieved with Satgurus blessings. His blood woke up a sleeping Kaum, it made them understand and realise where they were heading. Their carelessness was leading their house to be robbed.

The blood of shaheeds wakes up sleeping nations, revolutionaries are born, bir ras is born. It makes them aware of their heritage, of what they are and where they are heading. Bhai Sahibs life was how Guru Gobind Singh Jis true Sikhs life should be.

ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ *Baba Nihaal Singh Harianwelan*

# Provocation Campaign by Nirankari Cult

1. Gurbachan put his foot on Sri Guru Granth Sahib jees Saroop

2. Created Sat Sitaaray (Seven Stars) mimicking the Panj Pyaareh ( 5 Beloved Ones)

3. Called himself equal to Sri Guru Nanak Dev jee

4. People within the cult were appointed positions of “Bhai Mardana”, “Bhai Bala”, “Bhai Gurdas”, Bebe Nanaki and “Baba Buddha” along with other historical Sikh personalities

5. Called himself Greater than Sri Hargobind Sahib jee by saying “ Your Guru freed 52 prisoners, but I have Freed 63 People.

6. Called Siri Guru Granth Sahib Ji a bundle of papers

7. Criticised and mock Guru Sahib through their texts titled Avtar Bani & Yug Purash.

8. Called Kar Seva, Bikar Seva.

9. Pious Sikh Passage are intermixed and entwined with anti-Sikh apocrypha and self-made verses calculated to profane Sikhism and to insult its sacrosanct dignity. Example below: “Gurbachan Singh is the Descent of Divinity on Earth. He is the Sustainer of the entire Universe. (O, Gurbachan) your Will is the sole measure of Goodness. For, you are the eternal living God.”

10. In the April 1972 Sant Nirankari Magazine it shows, the pious text of Bhai Gurdas, “jahar pir jagat gur baba”, ‘Guru Nanak is the living Light and Guide of mankind’ has been perverted by these pseudo-nirankari into Jahar pir Gurbachan baba, ‘(Baba) Gurbachan is the light and Guide of mankind’

11. Gurbachana Narakdhari son had been actually named Gobind Singh, not as a mark of reverence for Sri Guru Gobind Singh as many Sikhs do, but as a mockery of the last Sikh Guru.

12. Gurbachana Narakdhari, created a serious riot by stating in a public gathering that “Guru Gobind Singh, the Sikh Prophet knew nothing about spiritualism or devotion to God; he was just a common hunter, a shikari of birds and animals..”

13. Avtar Narakdhari father of Gurbachana dug up a ditch at his headquarters at Delhi and has named it Santokhsar, with the deliberate and malicious intention of insulting the Sikh religion.

14. In 1972, Gurbachana Narakdhari, to outdo the Agha Khan and Asiatic emperors and magnates of the past ages, had himself publicly weighed against bundles of Reserve Bank of India paper-currency to prove his divinity. His Photographs of this ceremony widely appeared in the Press and. these photos carried a caption underneath: “ape kanda tol toraji ape tolan hara”. This is a text from Guru Granth Sahib jee he had further more made himself into Human Satguru.

15. Speakers, Lecturers throught Punjab and India spoke against Sikh Gurus, History, Rehat, Gurbani openly on a mass scale.

# Various Stories of 1978 Shaheed Gursikhs

baabaaneeaa kehaaneeaa puth saputh karaen
The stories of one's ancestors make the children good children

## Shaheed Bhai Avtar Singh and Rangley Saajan Dr Surinder Singh

Once at Ludhiana Samagam, Dr Sahib requested Bhai Avtar Singh to eat food prepared by him at such and such place. This was morning time of the day when Ran Subaayee was to occur at night. Bhai Avtar Singh jee said that he would eat langar prepared at the Samagam but Dr Sahib insisted on his request. Bhai Avtar Singh jee promised to come shortly but later on forgot about it. At night Ran Subaayee started and it was towards the end of Ran Subaayee that Bhai Avtar Singh remembered that he had promised to eat parshaada prepared by Dr Sahib.

He rushed to the place where Dr Sahib had asked him to come. When he reached there, he found that Dr Sahib was sitting in Samadhi and food that he had prepared was lying in front of him covered with by a piece of cloth. Bhai Sahib was filled with Bairaag and Dr Sahib too very lovingly served food to Bhai Sahib.

When Bhai Avtar Singh was done eating and was about to leave, Dr Sahib came out to see him off. At that point, Dr Sahib's eyes were filled with tears and he went forward and hugged Bhai Sahib. Then he revealed that, both of them had separated from river Sirsa and after that incident, they met now, after so many hundred years. By river Sirsa separation he meant that both of them were with Guru Sahib during the Siri Anandpur Sahib battles.

Bhai Avtar Singh's personality, style, talk and behaviour resembled Puratan Singhs of 1700s. His talk was very influential and affective. He was very strict in Khalsa Rehit including Sarbloh Bibek.

## Shaheed Bhai Avtar Singh and a Famous Sant who advised him to give up Sarbloh

There is a very famous dera in Hoshiarpur district and a very prominent and famous Sant jee used to reside there. Sant jee was definitely Kamaayee waalay and many Jatha Singhs too had very loving relationship with him. Bhai Avtar Singh jee used to attend some of the Dera Samagams and since Bhai Sahib jee kept strict Sarbloh Rehit, he used to avoid taking Degh from these samagams because the Degh was not prepared according to full maryada.

Sant jee used to notice this many times and one day he sent one of his Sewadaars to the house of Bhai Sahib informing him that Siri Guru Gobind Singh jee had given darshan to him (Sant jee) and instructed him to let Bhai Avtar Singh know that he should not worry about his Sarbloh Rehit and start accepting Degh from the Dera.

Bhai Sahib was startled when he heard this. He wondered why Guru Sahib did not give him this Hukam directly. In any case, he requested the Sewadaar to come back after a day.

# 1978 ਦੇ ਗੁਰਸਿੱਖ ਸ਼ਹੀਦਾਂ ਦੀ ਦਾਸਤਾਨ

ਬਾਬਣੀਆ ਕਹਾਣੀਆ ਪੁਤ ਸਪੁਤ ਕਰੇਨ ॥

## ਸ਼ਹੀਦ ਭਾਈ ਅਵਤਾਰ ਸਿੰਘ ਅਤੇ ਰੰਗਲੇ ਸੱਜਣ ਡਾ: ਸੁਰਿੰਦਰ ਸਿੰਘ

ਇੱਕ ਵਾਰ ਲੁਧਿਆਣਾ ਸਮਾਗਮ ਤੇ ਡਾ: ਸਾਹਿਬ ਨੇ ਭਾਈ ਅਵਤਾਰ ਸਿੰਘ ਨੂੰ ਬੇਨਤੀ ਕੀਤੀ ਉਹ ਉਹਨਾਂ ਵੱਲੋਂ ਤਿਆਰ ਕੀਤਾ ਹੋਇਆ ਲੰਗਰ ਉਨ੍ਹਾਂ ਵੱਲੋਂ ਦੱਸੀ ਥਾਂ ਤੇ ਆ ਕੇ ਛਕਣ । ਉਦੋਂ ਸਵੇਰ ਦਾ ਸਮਾਂ ਸੀ ਅਤੇ ਰੈਣ ਸਬਾਈ ਕੀਰਤਨ ਰਾਤ ਨੂੰ ਹੋਣੇ ਸਨ । ਭਾਈ ਅਵਤਾਰ ਸਿੰਘ ਜੀ ਨੇ ਕਿਹਾ ਕਿ ਉਹ ਸਮਾਗਮ ਉੱਤੇ ਹੀ ਲੰਗਰ ਛਕ ਲੈਣਗੇ ਪਰ ਡਾ: ਸਾਹਿਬ ਆਪਣੀ ਬੇਨਤੀ ਉੱਤੇ ਕਾਇਮ ਰਹੇ । ਭਾਈ ਅਵਤਾਰ ਸਿੰਘ ਜੀ ਨੇ ਫਿਰ ਕਿਹਾ ਕਿ ਉਹ ਥੋੜ੍ਹੀ ਦੇਰ ਬਾਅਦ ਆਉਣਗੇ ਪਰ ਉਹ ਬਾਅਦ ਵਿੱਚ ਜਾਣਾ ਭੁੱਲ ਗਏ। ਰਾਤ ਨੂੰ ਰੈਣ ਸਬਾਈ ਸ਼ੁਰੂ ਹੋ ਗਈ । ਰੈਣਸਬਾਈ ਦੀ ਸਮਾਪਤੀ ਤੋਂ ਕੁਝ ਸਮਾਂ ਪਹਿਲਾਂ ਭਾਈ ਅਵਤਾਰ ਸਿੰਘ ਜੀ ਨੂੰ ਯਾਦ ਆਇਆ ਕਿ ਉਹਨਾਂ ਨੇ ਡਾ: ਸਾਹਿਬ ਨਾਲ ਉਹਨਾਂ ਵੱਲੋਂ ਤਿਆਰ ਕੀਤਾ ਪ੍ਰਸ਼ਾਦਾ ਛਕਣ ਦਾ ਵਾਅਦਾ ਕੀਤਾ ਸੀ ।

ਭਾਈ ਅਵਤਾਰ ਸਿੰਘ ਜੀ ਉਸ ਜਗ੍ਹਾ ਵੱਲ ਛੇਤੀ ਨਾਲ ਗਏ ਜਿੱਥੇ ਡਾ: ਸਾਹਿਬ ਨੇ ਉਹਨਾਂ ਨੂੰ ਆਉਣ ਲਈ ਕਿਹਾ ਸੀ । ਜਦੋਂ ਭਾਈ ਸਾਹਿਬ ਉੱਥੇ ਪਹੁੰਚੇ ਤਾਂ ਉਹਨਾਂ ਦੇਖਿਆ ਕਿ ਡਾ: ਸਾਹਿਬ ਸਮਾਧੀ ਵਿੱਚ ਬੈਠੇ ਸਨ ਤੇ ਜਿਹੜਾ ਲੰਗਰ ਉਹਨਾਂ ਤਿਆਰ ਕੀਤਾ ਸੀ ਉਹ ਉਹਨਾਂ ਦੇ ਸਾਹਮਣੇ ਇੱਕ ਕੱਪੜੇ ਨਾਲ ਢਕਿਆ ਪਿਆ ਸੀ । ਇਹ ਦੇਖ ਕੇ ਭਾਈ ਸਾਹਿਬ ਵੈਰਾਗ ਵਿੱਚ ਆ ਗਏ ਤੇ ਡਾ: ਸਾਹਿਬ ਨੇ ਬੜੇ ਪਿਆਰ ਨਾਲ ਭਾਈ ਸਾਹਿਬ ਨੂੰ ਲੰਗਰ ਛਕਾਇਆ ।

ਜਦੋਂ ਭਾਈ ਸਾਹਿਬ ਲੰਗਰ ਛਕਣ ਤੋਂ ਬਾਅਦ ਉੱਠ ਕੇ ਜਾਣ ਲੱਗੇ ਤਾਂ ਡਾ: ਸਾਹਿਬ ਉਹਨਾਂ ਨੂੰ ਬਾਹਰ ਛੱਡਣ ਆਏ । ਇਸ ਵੇਲੇ ਡਾ: ਸਾਹਿਬ ਦੀਆਂ ਅੱਖਾਂ 'ਚੋਂ ਹੰਝੂ ਵਗ ਰਹੇ ਸਨ । ਉਹਨਾਂ ਅੱਗੇ ਵਧ ਕੇ ਭਾਈ ਸਹਿਬ ਨੂੰ ਗਲਵਕੜੀ ਵਿੱਚ ਲੈ ਲਿਆ । ਫਿਰ ਡਾ: ਸਾਹਿਬ ਨੇ ਦੱਸਿਆ ਕਿ ਉਹ ਦੋਨੋਂ ਸਰਸਾ ਨਦੀ ਦੇ ਕੰਢੇ 'ਤੇ ਵਿਛੜ ਗਏ ਸਨ ਤੇ ਉਹ ਸੈਂਕੜੇ ਸਾਲਾਂ ਬਾਅਦ ਦੁਬਾਰਾ ਮਿਲੇ ਹਨ । ਸਰਸਾ ਨਦੀ 'ਤੇ ਵਿਛੋੜੇ ਦਾ ਮਤਲਬ ਉਹ ਦੋਨੋਂ ਗੁਰੂ ਪਿਆਰੇ ਅਨੰਦਪੁਰ ਸਾਹਿਬ ਦੀ ਲੜਾਈ ਵੇਲੇ ਗੁਰੂ ਗੋਬਿੰਦ ਸਿੰਘ ਜੀ ਨਾਲ ਸਨ ।

ਭਾਈ ਅਵਤਾਰ ਸਿੰਘ ਜੀ ਦੀ ਸ਼ਖਸੀਅਤ, ਸ਼ੈਲੀ, ਗੱਲਬਾਤ ਦਾ ਤਰੀਕਾ ਤੇ ਰਹਿਣੀ ਬਹਿਣੀ 17ਵੀਂ ਸਦੀ ਦੇ ਸਿੰਘਾਂ ਨਾਲ ਮੇਲ ਖਾਂਦੀ ਸੀ । ਉਹਨਾਂ ਦੀ ਗੱਲਬਾਤ ਬਹੁਤ ਹੀ ਅਸਰਦਾਇਕ ਤੇ ਪ੍ਰਭਾਵਸ਼ਾਲੀ ਹੁੰਦੀ ਸੀ। ਭਾਈ ਸਾਹਿਬ ਜੀ ਖਾਲਸਾ ਰਹਿਤ ਅਤੇ ਸਰਬਲੋਹ ਰਹਿਤ ਵਿੱਚ ਬਹੁਤ ਪ੍ਰਪੱਕ ਸਨ ।

## ਸ਼ਹੀਦ ਭਾਈ ਅਵਤਾਰ ਸਿੰਘ ਜੀ ਅਤੇ ਇੱਕ ਮਸ਼ਹੂਰ ਸੰਤ ਜਿਸ ਨੇ ਉਹਨਾਂ ਨੂੰ ਸਰਬਲੋਹ ਛੱਡਣ ਲਈ ਕਿਹਾ

ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਮਸ਼ਹੂਰ ਡੇਰਾ ਹੈ ਤੇ ਉਸ ਵਿੱਚ ਇੱਕ ਬਹੁਤ ਹੀ ਮਸ਼ਹੂਰ ਤੇ ਉੱਘੇ ਸੰਤ ਦਾ ਵਾਸਾ ਸੀ । ਸੰਤ ਜੀ ਬਹੁਤ ਕਮਾਈ ਵਾਲੇ ਸਨ ਅਤੇ ਜਥੇ ਦੇ ਬਹੁਤ ਸਿੰਘਾਂ ਦਾ ਉਹਨਾਂ ਨਾਲ ਪਿਆਰ ਭਰਿਆ ਰਿਸ਼ਤਾ ਸੀ । ਭਾਈ ਅਵਤਾਰ ਸਿੰਘ ਜੀ ਡੇਰੇ ਦੇ ਕੁਝ ਸਮਾਗਮਾਂ ਵਿੱਚ ਸ਼ਾਮਲ ਹੁੰਦੇ ਸਨ ਅਤੇ ਕਿਉਂਕਿ ਭਾਈ ਸਾਹਿਬ ਜੀ ਸਰਬਲੋਹ ਰਹਿਤ ਦੇ ਧਾਰਨੀ ਸਨ ਇਸ ਲਈ ਉਹ ਸਮਾਗਮ ਵਿੱਚ ਦੇਗ ਨਹੀਂ ਲੈਂਦੇ ਸੀ ਕਿਉਂਕਿ ਉੱਥੇ ਦੇਗ ਪੂਰਨ ਮਰਿਯਾਦਾ ਅਨੁਸਾਰ ਤਿਆਰ ਨਹੀਂ ਸੀ ਹੁੰਦੀ ।

ਸੰਤ ਜੀ ਨੇ ਕਈ ਵਾਰ ਭਾਈ ਸਾਹਿਬ ਨੂੰ ਦੇਗ ਨਾ ਲੈਂਦਿਆ ਦੇਖਿਆ ਸੀ । ਇੱਕ ਦਿਨ ਉਹਨਾਂ ਨੇ ਆਪਣੇ ਸੇਵਾਦਾਰ ਨੂੰ ਭਾਈ ਸਾਹਿਬ ਜੀ ਦੇ ਘਰ ਇਹ ਦੱਸਣ ਲਈ ਭੇਜਿਆ ਕਿ ਸੰਤ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਦਰਸ਼ਨ ਦਿੱਤੇ ਹਨ ਅਤੇ ਗੁਰੂ ਸਾਹਿਬ ਜੀ ਨੇ ਸੰਤ ਜੀ ਨੂੰ ਹਿਦਾਇਤ ਕੀਤੀ ਹੈ ਕਿ ਉਹ ਭਾਈ ਅਵਤਾਰ ਸਿੰਘ ਜੀ ਨੂੰ ਦੱਸ ਦੇਣ ਕਿ ਭਾਈ ਸਾਹਿਬ ਸਰਬਲੋਹ ਰਹਿਤ ਦਾ ਫਿਕਰ ਨਾ ਕਰਿਆ ਕਰਨ ਤੇ ਡੇਰੇ ਵਿੱਚੋਂ ਦੇਗ ਛਕ ਲਿਆ ਕਰਨ ।

ਭਾਈ ਸਾਹਿਬ ਜੀ ਇਹ ਸੁਣ ਕੇ ਘਬਰਾ ਗਏ । ਉਹਨਾਂ ਸੋਚਿਆ ਕਿ ਗੁਰੂ ਸਾਹਿਬ ਜੀ ਨੇ ਇਹ ਹੁਕਮ ਉਨ੍ਹਾਂ ਨੂੰ ਆਪ ਸਿੱਧਾ ਕਿਉਂ ਨਹੀਂ ਕੀਤਾ । ਫਿਰ ਵੀ ਉਹਨਾਂ ਨੇ ਸੇਵਾਦਾਰ ਨੂੰ ਅਗਲੇ ਦਿਨ ਵਾਪਸ ਆਉਣ ਲਈ ਕਿਹਾ

He said that he wanted to confirm this with Guru Sahib directly. The next day, Bhai Sahib told the Sewadaar that Siri Guru Gobind Singh jee Maharaj had confirmed with him that whoever is telling him to leave the Sarbloh Rehit should be given 100 slippers on the head. Bhai Sahib asked the Sewadaar to let Sant jee know that he would be coming to fulfill the hukam of Guru Sahib soon.

The Sevadaar informed Sant jee about what Bhai Sahib had said. Sant jee quickly dispatched the Sevadaar to let Bhai Sahib know that he should not leave the Sarbloh Rehit and continue not to take Degh as per his Maryada.

## Shaheed Bhai Avtar Singh jee's Sabjee of Wild Leaves

Bhai Sher Singh jee who currently is residing in Vancouver and keeps full Khalsa rehit including Sarbloh Bibek, spent many years in the company of Shaheed Bhai Avtar Singh jee. He narrated to us his experiences in Bhai Avtar Singh. Once they were travelling somewhere on foot and on their way Singhs got hungry. They had not eaten anything for sometime. Bhai Avtar Singh jee and other Singhs decided to rest at a suitable place. There was no city, town or village nearby. While Singhs started doing paath, Bhai Sahib went to the woods and collected whole bunch of leaves and shrubs of different varieties. He took some water from a nearby pond and started cooking the leaves and shrubs in water. Along with cooking Bhai Avtar Singh jee continued doing Gurbani and Simran.

Bhai Sher Singh told us that at first they were apprehensive of eating this mixture of wild leaves and shrubs but when they did eat it, he and other Singhs found it so tasty that they could not have enough of it. There was no salt, no tadka, no masala in this unique sabjee but because of Gurbani Paath and Kamaayee of Bhai Avtar Singh jee, it tasted so well. Bhai Avtar Singh jee used to say that a Sarblohi Singh should give up tastes of food.

## Mata Hardev Kaur jee on her Husband -

Shaheed Bhai Raghbir Singh jee (1978)



Mata jee spoke about how much pride she felt knowing that Shaheed Bhai Raghbir Singh jee was the first Singh to jump forward thirsty for Shaheedi and offer himself for Sevaa when Bhai Fauja Singh jee asked for Singhs to Stand against Narakdharees . ''Gur Ki Ninda Suneh Na Kaan'' He went forward to face the bullets, sticks and swords yielded by the Narakdharees. Bhai Raghbir Singh jee received bullets to his chest, blows to his skull and his bones were broken by the lathi's.

The one thing about Shaheed Bhai Raghbir Singh jee's Jeevan that stands out everyday is how long his Nitnem was and how much BaNee he knew by Memory. Even Mata jee said it was a Miracle in itself watching him do Amritvelaa. "Amritvelaa meant everything to him and he would sit and do Naam Abhyaas for about 3-4 hours followed by Hours of GurbaNee Paath by Memory. Bhai Sahib was a True Khalsa and totally dedicated to Gurmat, his Rehni matches those Puratan Gursikhs of the past.

। ਭਾਈ ਸਾਹਿਬ ਜੀ ਨੇ ਕਿਹਾ ਕਿ ਉਹ ਗੁਰੂ ਸਾਹਿਬ ਜੀ ਨਾਲ ਸਿੱਧਾ ਇਸ ਗੱਲ ਦੀ ਪੁਸ਼ਟੀ ਕਰਨਾ ਚਾਹੁੰਦੇ ਹਨ । ਅਗਲੇ ਦਿਨ ਭਾਈ ਸਾਹਿਬ ਜੀ ਨੇ ਸੇਵਾਦਾਰ ਨੂੰ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੁਸ਼ਟੀ ਕੀਤੀ ਹੈ ਕਿ ਜਿਸ ਕਿਸੇ ਨੇ ਵੀ ਉਹਨਾਂ ਨੂੰ ਸਰਬਲੋਹ ਰਹਿਤ ਛੱਡਣ ਲਈ ਕਿਹਾ ਹੈ ਉਸ ਦੇ ਸਿਰ ਵਿੱਚ ਸੌ ਛਿੱਤਰ ਮਾਰੇ ਜਾਣ । ਭਾਈ ਸਾਹਿਬ ਜੀ ਨੇ ਸੇਵਾਦਾਰ ਨੂੰ ਕਿਹਾ ਕਿ ਉਹ ਸੰਤ ਜੀ ਨੂੰ ਦੱਸ ਦੇਣ ਕਿ ਉਹ ਗੁਰੂ ਸਾਹਿਬ ਜੀ ਦਾ ਹੁਕਮ ਪੂਰਾ ਕਰਨ ਲਈ ਜਲਦ ਹੀ ਆਉਣਗੇ।

ਸੇਵਾਦਾਰ ਨੇ ਭਾਈ ਸਾਹਿਬ ਦੀ ਕਹੀ ਗੱਲ ਸੰਤ ਜੀ ਨੂੰ ਆਣ ਦੱਸੀ। ਸੰਤ ਜੀ ਨੇ ਤੁਰੰਤ ਹੀ ਸੇਵਾਦਾਰ ਨੂੰ ਵਾਪਸ ਇਹ ਸੁਨੇਹਾ ਦੇ ਕੇ ਮੋੜ ਦਿੱਤਾ ਕਿ ਉਹ ਭਾਈ ਸਾਹਿਬ ਨੂੰ ਦੱਸ ਦੇਵੇ ਕਿ ਭਾਈ ਸਾਹਿਬ ਜੀ ਆਪਣੀ ਸਰਬਲੋਹ ਰਹਿਤ ਨਾ ਤਿਆਗਣ ਤੇ ਡੇਰੇ ਵਿੱਚ ਉਹ ਆਪਣੀ ਮਰਿਆਦਾ ਅਨੁਸਾਰ ਦੇਗ ਨਾ ਲਿਆ ਕਰਨ ।

## ਸ਼ਹੀਦ ਭਾਈ ਅਵਤਾਰ ਸਿੰਘ ਜੀ ਅਤੇ ਜੰਗਲੀ ਪੱਤਿਆਂ ਦੀ ਸਬਜ਼ੀ

ਭਾਈ ਸ਼ੇਰ ਸਿੰਘ ਜੀ ਜੋ ਕਿ ਇਸ ਵੇਲੇ ਵੈਨਕੂਵਰ ਵਿੱਚ ਰਹਿੰਦੇ ਹਨ, ਪੂਰਨ ਖਾਲਸਾ ਰਹਿਤ ਅਤੇ ਸਰਬਲੋਹ ਬਿਬੇਕ ਦੇ ਧਾਰਨੀ ਹਨ। ਉਹਨਾਂ ਨੇ ਭਾਈ ਅਵਤਾਰ ਸਿੰਘ ਜੀ ਦੀ ਕਈ ਸਾਲ ਸੰਗਤ ਕੀਤੀ ਹੈ। ਉਹਨਾਂ ਨੇ ਭਾਈ ਅਵਤਾਰ ਸਿੰਘ ਜੀ ਨਾਲ ਬਿਤਾਏ ਸਮੇਂ ਦੇ ਕੁਝ ਅਨੁਭਵ ਸਾਡੇ ਨਾਲ ਸਾਂਝੇ ਕੀਤੇ । ਇੱਕ ਵਾਰ ਉਹ ਕਿਤੇ ਪੈਦਲ ਜਾ ਰਹੇ ਸਨ ਤੇ ਸਿੰਘਾਂ ਨੂੰ ਭੁੱਖ ਲੱਗ ਗਈ । ਸਿੰਘਾਂ ਨੇ ਕਾਫੀ ਸਮੇਂ ਤੋਂ ਕੁਝ ਛਕਿਆ ਨਹੀਂ ਸੀ । ਭਾਈ ਅਵਤਾਰ ਸਿੰਘ ਜੀ ਤੇ ਬਾਕੀ ਸਿੰਘਾਂ ਨੇ ਕਿਸੇ ਉਚਿਤ ਸਥਾਨ ’ਤੇ ਅਰਾਮ ਕਰਨ ਦਾ ਫੈਸਲਾ ਕੀਤਾ । ਉੱਥੇ ਨੇੜੇ ਤੇੜੇ ਕੋਈ ਸ਼ਹਿਰ ਜਾਂ ਪਿੰਡ ਨਹੀਂ ਸੀ। ਸਿੰਘਾਂ ਨੇ ਇੱਕ ਜਗ੍ਹਾ ਬੈਠ ਕੇ ਪਾਠ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਈ ਅਵਤਾਰ ਸਿੰਘ ਜੀ ਜੰਗਲ ਵੱਲ ਚਲੇ ਗਏ ਤੇ ਉੱਥੋਂ ਪੱਤੇ ਅਤੇ ਝਾੜੀਆਂ ਇਕੱਠੀਆਂ ਕਰ ਕੇ ਵਾਪਸ ਲਿਆਏ । ਭਾਈ ਸਾਹਿਬ ਜੀ ਨੇ ਲਾਗੇ ਟੋਭੇ ਵਿੱਚੋਂ ਪਾਣੀ ਲੈ ਕੇ ਜੰਗਲੀ ਪੱਤਿਆਂ ਤੇ ਝਾੜੀਆਂ ਨੂੰ ਸਾਫ ਕੀਤਾ ਤੇ ਉਹਨਾਂ ਨੂੰ ਪਾਣੀ ਵਿੱਚ ਰਿੰਨ੍ਹਣ ਲੱਗ ਪਏ । ਪੱਤਿਆਂ ਨੂੰ ਪਕਾਉਣ ਦੇ ਨਾਲ ਨਾਲ ਭਾਈ ਅਵਤਾਰ ਸਿੰਘ ਜੀ ਨਾਮ ਸਿਮਰਨ ਤੇ ਗੁਰਬਾਣੀ ਦਾ ਪਾਠ ਕਰਦੇ ਰਹੇ ।

ਭਾਈ ਸ਼ੇਰ ਸਿੰਘ ਜੀ ਨੇ ਸਾਨੂੰ ਦੱਸਿਆ ਕਿ ਪਹਿਲਾਂ ਤਾਂ ਸਿੰਘ ਜੰਗਲੀ ਪੱਤਿਆ ਤੇ ਝਾੜੀਆਂ ਦੀ ਸਬਜ਼ੀ ਨੂੰ ਖਾਣ ਤੋਂ ਹਿਚਕਚਾਉਂਦੇ ਰਹੇ ਪਰ ਜਦੋਂ ਉਹਨਾਂ ਨੇ ਸਬਜ਼ੀ ਖਾਧੀ ਤਾਂ ਸਿੰਘਾਂ ਨੂੰ ਬਹੁਤ ਸਵਾਦ ਲੱਗੀ। ਇਸ ਵਿਲੱਖਣ ਸਬਜ਼ੀ ਵਿੱਚ ਕੋਈ ਲੂਣ, ਮਸਾਲਾ ਜਾਂ ਤੜਕਾ ਨਹੀਂ ਸੀ ਬਸ ਭਾਈ ਅਵਤਾਰ ਸਿੰਘ ਜੀ ਦੀ ਕਮਾਈ ਤੇ ਗੁਰਬਾਣੀ ਦੇ ਪਾਠ ਕਰਕੇ ਹੀ ਸਬਜ਼ੀ ਇੰਨੀ ਸਵਾਦ ਬਣੀ ਸੀ । ਭਾਈ ਅਵਤਾਰ ਸਿੰਘ ਜੀ ਕਿਹਾ ਕਰਦੇ ਸਨ ਕਿ ਸਰਬਲੋਹੀ ਸਿੰਘਾਂ ਨੂੰ ਖਾਣੇ ਦੇ ਸੁਆਦ ਨੂੰ ਤਿਆਗ ਦੇਣਾ ਚਾਹੀਦਾ ਹੈ ।

## ਮਾਤਾ ਹਰਦੇਵ ਕੌਰ ਜੀ ਦੇ ਆਪਣੇ ਪਤੀ ਪ੍ਰਤੀ ਵਿਚਾਰ -


ਸ਼ਹੀਦ ਭਾਈ ਰਘਬੀਰ ਸਿੰਘ ਜੀ (1978)

ਮਾਤਾ ਜੀ ਨੇ ਦੱਸਿਆ ਕਿ ਉਹਨਾਂ ਨੂੰ ਕਿੰਨਾ ਮਾਣ ਹੋਇਆ ਜਦੋਂ ਉਹਨਾਂ ਨੂੰ ਪਤਾ ਲੱਗਿਆ ਕਿ ਜਦੋਂ ਭਾਈ ਫੌਜਾ ਸਿੰਘ ਜੀ ਨੇ ਸਿੰਘਾਂ ਨੂੰ ਨਰਕਧਾਰੀਆਂ ਖਿਲਾਫ ਖੜ੍ਹਨ ਲਈ ਕਿਹਾ ਸੀ ਤਾਂ ਸ਼ਹੀਦ ਭਾਈ ਰਘਬੀਰ ਸਿੰਘ ਜੀ ਪਹਿਲੇ ਸਿੰਘ ਸੀ ਜਿਹਨਾਂ ਸ਼ਹੀਦੀ ਦੀ ਆਸ ਵਿੱਚ ਆਪਣੇ ਆਪ ਨੂੰ ਸੇਵਾ ਲਈ ਪੇਸ਼ ਕੀਤਾ। ‘‘ਗੁਰ ਕੀ ਨਿੰਦਾ ਸੁਣੈ ਨਾ ਕਾਨ’’ ਭਾਈ ਸਾਹਿਬ ਜੀ ਨਰਕਧਾਰੀਆਂ ਦੀਆਂ ਗੋਲੀਆਂ, ਲਾਠੀਆਂ ਤੇ ਤਲਵਾਰਾਂ ਸੀਨੇ ਤੇ ਖਾਣ ਲਈ ਅੱਗੇ ਵਧੇ । ਭਾਈ ਰਘਬੀਰ ਸਿੰਘ ਜੀ ਦੀ ਛਾਤੀ ਵਿੱਚ ਗੋਲੀਆਂ ਲੱਗੀਆਂ ਸਨ, ਉਹਨਾਂ ਦੀ ਖੋਪੜੀ ’ਤੇ ਸੱਟ ਲੱਗੀ ਸੀ ਤੇ ਉਹਨਾਂ ਦੀਆਂ ਹੱਡੀਆਂ ਡਾਂਗਾਂ ਦੀ ਮਾਰ ਨਾਲ ਟੁੱਟ ਗਈਆਂ ਸਨ ।

ਭਾਈ ਰਘਬੀਰ ਸਿੰਘ ਜੀ ਦੇ ਜੀਵਨ ਬਾਰੇ ਇੱਕ ਗੱਲ ਜੋ ਉਘੜ ਕੇ ਸਾਹਮਣੇ ਆਉਂਦੀ ਹੈ ਉਹ ਇਹ ਹੈ ਕਿ ਉਹਨਾਂ ਦਾ ਰੋਜ਼ ਦਾ ਨਿੱਤਨੇਮ ਕਿੰਨਾ ਲੰਬਾ ਸੀ ਤੇ ਉਹਨਾਂ ਨੂੰ ਕਿੰਨੀਆਂ ਬਾਣੀਆਂ ਕੰਠ ਸਨ । ਮਾਤਾ ਜੀ ਦੇ ਕਹਿਣ ਅਨੁਸਾਰ ਉਹਨਾਂ ਨੂੰ ਅੰਮ੍ਰਿਤ ਵੇਲਾ ਕਰਦੇ ਦੇਖਣਾ ਆਪਣੇ ਆਪ ਵਿੱਚ ਇੱਕ ਚਮਤਕਾਰ ਸੀ। ਮਾਤਾ ਜੀ ਅਨੁਸਾਰ ਅੰਮ੍ਰਿਤ ਵੇਲਾ ਉਹਨਾਂ ਲਈ ਸਭ ਕੁਝ ਸੀ । ਭਾਈ ਸਾਹਿਬ ਜੀ 3-4 ਘੰਟੇ ਨਾਮ ਅਭਿਆਸ ਕਰਦੇ ਤੇ ਉਸ ਤੋਂ ਬਾਅਦ ਕਈ ਘੰਟੇ ਕੰਠ ਕੀਤੀ ਹੋਈ ਬਾਣੀ ਪੜ੍ਹਦੇ। ਭਾਈ ਸਾਹਿਬ ਜੀ ਪੂਰਨ ਖਾਲਸਾ ਸਨ ਤੇ ਗੁਰਮਤਿ ਨੂੰ ਪਰਣਾਏ ਹੋਏ ਸਨ । ਉਹਨਾਂ ਦੀ ਰਹਿਣੀ ਪੁਰਾਤਨ ਗੁਰਸਿੱਖਾਂ ਨਾਲ ਮੇਲ ਖਾਂਦੀ ਸੀ ।

# Shaheed Bhai Anokh Singh jee Babbar Meeting Bhai Fauja Singh

While doing his job, Bhai Anokh Singh came into contact with Bhai Fauja Singh. Bhai Fauja Singh's personality had a major effect and Bhai Anokh Singh also became a traveller on the Gurmukh path. He used to take training in Shaster Vidiya at Shaheed Bhai Fauja Singh's Farmhouse (Khalsa Farm), along with other young Singhs. Bhai Sahib had a deep love for Bhai Sulakhan Singh Babbar. Before going underground, Bhai Surinder Singh Nagokay had an Akhand Paath Sahib at his home in which Bhai Anokh Singh sat for the entirety in one position and listened from start to finish. The bloody massacre of April 13, 1978 was like a storm that shook Bhai Anokh Singh and his companions to the core. During the 1978 massacre, Bhai Sahib was with Bhai Fauja Singh. The martyrdom of Bhai Fauja Singh and his companions had a deep effect on the Saintly Bhai Anokh Singh. Bhai Sahib was due to have his Rishta done and get married, he refused to get married and cancelled his engagement completely. Filled with Naam Baairaag and Khalsa Bir Rass he made a firm conviction to get Justice for the Gursikhs till his Final Swaas. After the 1978 massacre, Nirankaris were punished in Patti and Tarn Taaran in which the name of Bhai Anokh Singh began to be mentioned.





# ਸ਼ਹੀਦ ਭਾਈ ਅਨੋਖ ਸਿੰਘ ਜੀ ਬੱਬਰ ਦੀ ਭਾਈ ਫੌਜਾ ਸਿੰਘ ਨਾਲ ਮਿਲਣੀ

ਨੌਕਰੀ ਦੌਰਾਨ ਭਾਈ ਅਨੋਖ ਸਿੰਘ ਜੀ ਭਾਈ ਫੌਜਾ ਸਿੰਘ ਜੀ ਦੇ ਸੰਪਰਕ ਵਿੱਚ ਆਏ । ਭਾਈ ਫੌਜਾ ਸਿੰਘ ਜੀ ਦੀ ਸ਼ਖਸੀਅਤ ਤੋਂ ਭਾਈ ਅਨੋਖ ਸਿੰਘ ਜੀ ਬਹੁਤ ਪ੍ਰਭਾਵਿਤ ਹੋਏ ਤੇ ਗੁਰਮੁਖ ਮਾਰਗ ਦੇ ਪਾਂਧੀ ਬਣ ਗਏ । ਭਾਈ ਅਨੋਖ ਸਿੰਘ ਜੀ ਹੋਰ ਨੌਜਵਾਨ ਸਿੰਘਾਂ ਨਾਲ ਖਾਲਸਾ ਫਾਰਮ ਉੱਤੇ ਸ਼ਸਤਰ ਵਿਦਿਆ ਦੀ ਸਿਖਲਾਈ ਲੈਂਦੇ । ਭਾਈ ਸਾਹਿਬ ਜੀ ਦਾ ਭਾਈ ਸੁਲੱਖਣ ਸਿੰਘ ਬੱਬਰ ਨਾਲ ਬਹੁਤ ਪਿਆਰ ਸੀ। ਰੂਪੋਸ਼ ਹੋਣ ਤੋਂ ਪਹਿਲਾਂ ਭਾਈ ਸੁਰਿੰਦਰ ਸਿੰਘ ਨਾਗੋਕੇ ਨੇ ਆਪਣੇ ਗ੍ਰਹਿ ਵਿਖੇ ਅਖੰਡ ਪਾਠ ਸਾਹਿਬ ਕਰਵਾਇਆ। ਭਾਈ ਅਨੋਖ ਸਿੰਘ ਜੀ ਨੇ ਇੱਕੋ ਚੌਂਕੜੇ ਵਿੱਚ ਸਾਰਾ ਅਖੰਡ ਪਾਠ ਸਰਵਣ ਕੀਤਾ।

13 ਅਪ੍ਰੈਲ 1978 ਦਾ ਖ਼ੂਨੀ ਸਾਕਾ ਇੱਕ ਅਜਿਹਾ ਤੂਫਾਨ ਸੀ ਜਿਸ ਨੇ ਭਾਈ ਅਨੋਖ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਧੁਰ ਅੰਦਰੋਂ ਹਿਲਾ ਦਿੱਤਾ । 1978 ਦੇ ਸਾਕੇ ਦੌਰਾਨ ਭਾਈ ਅਨੋਖ ਸਿੰਘ ਜੀ ਭਾਈ ਫੌਜਾ ਸਿੰਘ ਜੀ ਦੇ ਨਾਲ ਸਨ । ਭਾਈ ਫੌਜਾ ਸਿੰਘ ਜੀ ਤੇ ਉਹਨਾਂ ਦੇ ਸਾਥੀਆਂ ਦੀ ਸ਼ਹਾਦਤ ਨੇ ਸੰਤ ਸਰੂਪ ਭਾਈ ਅਨੋਖ ਸਿੰਘ ਜੀ ’ਤੇ ਬਹੁਤ ਡੂੰਘਾ ਅਸਰ ਪਾਇਆ । ਭਾਈ ਸਾਹਿਬ ਜੀ ਦਾ ਰਿਸ਼ਤਾ ਹੋ ਚੁੱਕਾ ਸੀ ਤੇ ਜਲਦ ਹੀ ਉਹਨਾਂ ਦਾ ਅਨੰਦ ਕਾਰਜ ਹੋਣਾ ਸੀ । ਉਹਨਾਂ ਨੇ ਅਨੰਦ ਕਾਰਜ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਮੰਗਣੀ ਤੋੜ ਦਿੱਤੀ । ਨਾਮ ਬੈਰਾਗ ਅਤੇ ਖਾਲਸਾ ਬੀਰ ਰਸ ਵਿੱਚ ਭਰਿਆਂ ਭਾਈ ਸਾਹਿਬ ਜੀ ਨੇ ਅੰਤਿਮ ਸਵਾਸਾਂ ਤੱਕ ਗੁਰਸਿੱਖਾਂ ਲਈ ਇਨਸਾਫ ਪਰਾਪਤ ਕਰਨ ਦਾ ਪ੍ਰਣ ਕੀਤਾ । 1978 ਦੇ ਸਾਕੇ ਤੋਂ ਬਾਅਦ ਜਦੋਂ ਪੱਟੀ ਅਤੇ ਤਰਨਤਾਰਨ ਦੇ ਇਲਾਕੇ ਵਿੱਚ ਨਿਰੰਕਾਰੀਆਂ ਨੂੰ ਸਜ਼ਾ ਮਿਲਣੀ ਸ਼ੁਰੂ ਹੋ ਗਈ ਤਾਂ ਭਾਈ ਅਨੋਖ ਸਿੰਘ ਜੀ ਬੱਬਰ ਦਾ ਨਾਮ ਮੁੱਖ ਰੂਪ ਵਿੱਚ ਸਾਹਮਣੇ ਆਉਣ ਲੱਗ ਪਿਆ ।

*Filled with Naam Baairaag and Khalsa Bir Rass he made a firm conviction to get Justice for the Gursikhs till his Final Swaas.*

# Conclusion

In 1708 Guru Gobind Singh Ji declared to the Khalsa, 'that after him there shall be no human Guru and the Adi Guru Granth shall be the one true Eternal Guru'. He also declared that the Panj Piare would act as the human instruments of the Adi Guru Granth to initiate, baptize and impart Gurmantar and spiritual instructions to all Sikhs; and that the guiding spirit of the Guru would reside in the Khalsa so long it maintains its moral character and distinct form.

During the passage of time the Sikh Panth has faced and triumphed over many threats and challenges. However, the dangers facing the Sikhs and Sikhism in modern times come from internal, as much as external forces. The Amritsar massacre on 13th April 1978 in this regard, was an open confrontation and clash between the Sikhs and their sworn enemy, the Nirankaris, who were subsequently excommunicated outright following a Hukumnama issued by the Akal Takhat on 6th October 1978.

Throughout Sikh history there has been no shortage of false prophets who set themselves up as subsequent Gurus and formed rival Guruships, breakway sects and cults. The Minas, Dhirmalias, Masands, Ram Raiyas, Niranjaniyas, Mahants, Nirankaris, Radhasoamis and Namdhari groups - each created considerable schisms within the Panth.

Breakway sects receive political patronage and protection by serving the political ambitions and gains of the ruling class, and have done so actively throughout the Afghan, Mughul and British rule. The Niranjaniyas were responsible for the arrest and martyrdom of Bhai Taru Singh and led the Mughul authorities to the secret hideouts of Sikh women and children, resulting in their extermination. It was a Niranjani who supplied information leading to the arrest of Sukha Singh and the persecution of the family of Mehtab Singh, both prominent Sikhs.

When the Mughuls put a price on the head of the Sikhs, the Niranjaniyas minted money. They also helped Ahmad Shah Abdali against the Sikhs and were responsible for the Great Holocaust. Eventually, the Niranjaniyas were mercilessly killed for conspiring against the Khalsa Panth, and in similar fashion the Nirankaris met their fate.

Today, the extremist right-wing Hindu organisation Rashtriya Swayamsevak Sangh (RSS), its offshoot 'Sangh Parivar' and front organisations like Vishwa Hindu Parishad (VHP), which is active in the west, poses a serious threat to the stability of the Panth by attempting to crystallise a Hindu-nationalist identity in which Sikhs and Sikhism are being pressed into the Hindu fold.

The RSS in India and abroad are well entrenched and poised to assimilate Sikhs through propagating and distorting Sikh teachings and history. Similarly, cult figures such as Baba Bhaniara and Ashutosh have earned infamous status within the Panth by debasing and profaning Sikh rites, and grossly misleading the Sikhs away from the path ordained by Guru Sahib Ji. There is little doubt that the Indian government and right-wing Hindu groups are supporting and promoting such personalities to keep the Panth under its heel.

Bhai Fauja Singh and his companions kept steadfast to this path to the very last breath, giving their mind, body and spirit to the service of the true Eternal Guru and Panth. Their example was a clear demonstration to the world that no matter what the price, the honour of Guru Granth Sahib Ji and the Khalsa Panth would be upheld.

Similarly, Baba Jarnail Singh Bhindranwala, Bhai Mehnga Singh Babbar, Bhai Shubeg Singh, Bhai Anokh Singh Babbar, Jathedar Sukhdev Singh Babbar, Bhai Sulakhan Singh

# ਸਾਰ

ਸੰਨ 1708 ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਕਿਹਾ ਕਿ, **''ਉਹਨਾਂ ਤੋਂ ਬਾਅਦ ਕੋਈ ਵੀ ਗੁਰੂ ਮਨੁੱਖ ਰੂਪ ਵਿੱਚ ਨਹੀਂ ਹੋਵੇਗਾ ਅਤੇ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਾਹਿਦ ਸਦੀਵੀ ਗੁਰੂ ਹੋਣਗੇ।**'ਗੁਰੂ ਸਾਹਿਬ ਜੀ ਨੇ ਐਲਾਨ ਕੀਤਾ ਕਿ ਪੰਜ ਪਿਆਰੇ ਗੁਰੂ ਗਰੰਥ ਸਾਹਿਬ ਜੀ ਦੇ ਮਨੁੱਖੀ ਵਸੀਲਾ ਬਣ ਕੇ ਸਿੱਖਾਂ ਨੂੰ ਅੰਮ੍ਰਿਤ ਛਕਾਉਣ, ਗੁਰਮੰਤਰ ਦੇਣ ਅਤੇ ਅਧਿਆਤਮਕ ਨਿਰਦੇਸ਼ ਦੇਣ ਦਾ ਸਾਧਨ ਬਨਣਗੇ। ਗੁਰੂ ਜੀ ਦੀ ਆਤਮਾ ਉਨੀ ਦੇਰ ਤੱਕ ਖਾਲਸੇ ਵਿੱਚ ਵਸੇਗੀ ਜਿੰਨੀ ਦੇਰ ਤੱਕ ਖਾਲਸੇ ਦਾ ਕਿਰਦਾਰ ਉੱਚਾ ਰਹੇਗਾ ਤੇ ਨਿਆਰੀ ਹਸਤੀ ਕਾਇਮ ਰਹੇਗੀ ।

ਸਮੇਂ ਸਮੇਂ ਦੌਰਾਨ ਸਿੱਖ ਪੰਥ ਨੇ ਚੁਣੌਤੀਆਂ ਅਤੇ ਖਤਰਿਆਂ ਦਾ ਸਾਹਮਣਾ ਕੀਤਾ ਹੈ ਅਤੇ ਉਹਨਾਂ ਉੱਤੇ ਜਿੱਤ ਪ੍ਰਾਪਤ ਕੀਤੀ ਹੈ । ਪਰ ਮੌਜੂਦਾ ਸਮਿਆਂ ਵਿੱਚ ਸਿੱਖਾਂ ਅਤੇ ਸਿੱਖੀ ਨੂੰ ਜਿੰਨਾਂ ਖਤਰਾ ਬਾਹਰੀ ਤਾਕਤਾਂ ਤੋਂ ਹੈ ਉਨਾ ਹੀ ਅੰਦਰੂਨੀ ਤਾਕਤਾਂ ਤੋਂ ਵੀ ਹੈ । 13 ਅਪ੍ਰੈਲ 1978 ਨੂੰ ਅੰਮ੍ਰਿਤਸਰ ਦਾ ਕਤਲੇਆਮ ਸਿੱਖਾਂ ਦੇ ਕੱਟੜ ਦੁਸ਼ਮਣ ਨਿਰੰਕਾਰੀਆਂ ਖਿਲਾਫ ਖੁੱਲ੍ਹਾ ਟਕਰਾਅ ਸੀ । ਨਿਰੰਕਾਰੀਆਂ ਨੂੰ 6 ਅਕਤੂਬਰ 1978 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰਕੇ ਪੰਥ ਵਿੱਚੋਂ ਛੇਕ ਦਿੱਤਾ ਗਿਆ ਸੀ ।

ਸਿੱਖ ਇਤਿਹਾਸ ਵਿੱਚ ਝੂਠੇ ਗੁਰੂਆਂ ਦਾ ਘਾਟਾ ਨਹੀਂ ਰਿਹਾ ਹੈ ਜਿਨ੍ਹਾਂ ਨੇ ਗੁਰੂ ਸਾਹਿਬਾਨ ਦੇ ਬਰਾਬਰ ਆਪਣੇ ਆਪ ਨੂੰ ਗੁਰੂ ਹੋਣ ਦਾ ਦਾਅਵਾ ਕੀਤਾ ਤੇ ਅਲੱਗ ਧੜੇ ਜਾਂ ਸੰਪਰਦਾਵਾਂ ਸਥਾਪਤ ਕੀਤੀਆਂ। ਮੀਣੇ, ਧੀਰਮੱਲੀਏ, ਮਸੰਦ, ਰਾਮ ਰਾਈਏ, ਨਿਰੰਜਣੀਏ, ਮਹੰਤ, ਨਿਰੰਕਾਰੀ, ਰਾਧਾ ਸੁਆਮੀ ਅਤੇ ਨਾਮਧਾਰੀ ਆਦਿ ਨੇ ਪੰਥ ਵਿੱਚ ਕਾਫੀ ਫੁੱਟ ਪਾਈ ।

ਵੱਖ ਹੋਏ ਧੜਿਆਂ ਨੇ ਸੱਤਾਧਾਰੀਆਂ ਦੀ ਖੁਸ਼ਾਮਦ ਕਰਕੇ ਅਤੇ ਸੱਤਾਧਾਰੀਆਂ ਦੀ ਮਦਦ ਕਰਕੇ ਸਿਆਸੀ ਸੁਰੱਖਿਆ ਅਤੇ ਸਰਪ੍ਰਸਤੀ ਪ੍ਰਾਪਤ ਕੀਤੀ। ਅਜਿਹਾ ਮੁਗਲ ਕਾਲ, ਅਫਗਾਨ ਕਾਲ ਤੇ ਬ੍ਰਿਟਿਸ਼ ਰਾਜ ਵਿੱਚ ਹੁੰਦਾ ਰਿਹਾ। ਭਾਈ ਤਾਰੂ ਸਿੰਘ ਜੀ ਨੂੰ ਮੁਗਲਾਂ ਹੱਥ ਫੜਾਉਣ ਅਤੇ ਉਹਨਾਂ ਦੀ ਸ਼ਹੀਦੀ ਦੇ ਜ਼ਿੰਮੇਵਾਰ ਨਿਰੰਜਣੀਏ ਸਨ। ਉਹਨਾਂ ਨੇ ਮੁਗਲਾਂ ਨੂੰ ਸਿੰਘਾਂ ਸਿੰਘਣੀਆਂ ਦੇ ਛੁਪਣ ਦੇ ਟਿਕਾਣੇ ਦੀ ਖਬਰ ਨਾ ਦਿੱਤੀ ਜਿਸ ਕਰਕੇ ਉਹਨਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਇੱਕ ਨਿਰੰਜਣੀਏ ਦੀ ਜਾਣਕਾਰੀ ਤੇ ਹੀ ਭਾਈ ਸੁੱਖਾ ਸਿੰਘ ਦੀ ਗ੍ਰਿਫਤਾਰੀ ਹੋਈ ਸੀ ਅਤੇ ਭਾਈ ਮਹਿਤਾਬ ਸਿੰਘ ਦੇ ਪਰਿਵਾਰ ਦਾ ਕਤਲੇਆਮ ਹੋਇਆ ਸੀ ।

ਜਦੋਂ ਮੁਗਲਾਂ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖੇ ਤਾਂ ਨਿਰੰਜਣੀਆਂ ਨੇ ਖੂਬ ਪੈਸੇ ਬਣਾਏ । ਉਹਨਾਂ ਅਹਿਮਦ ਸ਼ਾਹ ਅਬਦਾਲੀ ਦੀ ਵੀ ਮਦਦ ਕੀਤੀ ਤੇ ਵੱਡੇ ਘੱਲੂਘਾਰੇ ਦੇ ਜ਼ਿੰਮੇਵਾਰ ਸਨ। ਨਿਰੰਜਣੀਆਂ ਦੇ ਖਾਲਸਾ ਪੰਥ ਖਿਲਾਫ ਸਾਜ਼ਿਸ਼ਾਂ ਰਚਣ ਕਾਰਨ ਉਹਨਾਂ ਨੂੰ ਬਹੁਤ ਬੇਰਹਿਮੀ ਨਾਲ ਮਾਰਿਆ ਗਿਆ ਅਤੇ ਇਸੇ ਤਰ੍ਹਾਂ ਦਾ ਹੀ ਹਾਲ ਨਿਰੰਕਾਰੀਆਂ ਦਾ ਹੋਇਆ ।

ਅੱਜਕਲ ਕੱਟੜ ਸੱਜੇ-ਪੱਖੀ ਹਿੰਦੂ ਸੰਗਠਨ ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐਸ ਐਸ), ਉਹਨਾਂ ਵਿੱਚੋਂ ਨਿਕਲੇ ਸੰਘ ਪਰਿਵਾਰ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਜਿਹੀਆਂ ਸੰਸਥਾਵਾਂ ਖਾਲਸਾ ਪੰਥ ਦੀ ਸਥਿਰਤਾ ਲਈ ਬਹੁਤ ਵੱਡਾ ਖਤਰਾ ਹਨ। ਇਹ ਸੰਸਥਾਵਾਂ ਪੱਛਮੀ ਦੇਸ਼ਾਂ ਵਿੱਚ ਵੀ ਸਰਗਰਮ ਹਨ। ਇਹਨਾਂ ਦਾ ਮੁੱਖ ਮਕਸਦ ਹਿੰਦੂ ਰਾਸ਼ਟਰਵਾਦੀ ਪਛਾਣ ਨੂੰ ਉਭਾਰਨਾ ਹੈ ਅਤੇ ਇਸ ਰਾਹੀਂ ਸਿੱਖੀ ਅਤੇ ਸਿੱਖ ਧਰਮ ਨੂੰ ਹਿੰਦੂ ਧਰਮ ਵਿੱਚ ਸੰਮਿਲਤ ਕਰਨਾ ਹੈ ।

ਭਾਰਤ ਅਤੇ ਵਿਦੇਸ਼ਾਂ ਵਿੱਚ ਆਰ ਐਸ ਦੀਆਂ ਡੂੰਘੀਆਂ ਜੜ੍ਹਾਂ ਹਨ । ਉਹ ਪਰਚਾਰ ਰਾਹੀਂ ਸਿੱਖ ਧਰਮ ਅਤੇ ਇਤਿਹਾਸ ਨੂੰ ਵਿਗਾੜ ਕੇ ਸਿੱਖਾਂ ਨੂੰ ਆਪਣੇ ਵਿੱਚ ਸੰਮਿਲਤ ਕਰਨ ਤਿਆਰੀ ਵਿੱਚ ਹਨ । ਇਸੇ ਤਰ੍ਹਾਂ ਹੀ ਭਨਿਆਰਾ ਤੇ ਆਸ਼ੂਤੋਸ਼ ਜਿਹੇ ਦੰਭੀਆਂ ਨੇ ਸਿੱਖ ਪੰਥ ਅੰਦਰ ਬਦਨਾਮੀ ਖੱਟੀ ਹੈ । ਉਹ ਸਿੱਖ ਰੀਤਾਂ ਰਸਮਾਂ ਖਿਲਾਫ ਬੋਲ ਕੇ ਅਤੇ ਸਿੱਖਾਂ ਨੂੰ ਗੁਰੂ ਸਾਹਿਬ ਦੇ ਰਾਹ ਤੋਂ ਗੁੰਮਰਾਹ ਕਰਕੇ ਸਿੱਖੀ ਤੋਂ ਦੂਰ ਲਿਜਾ ਰਹੇ ਹਨ । ਇੱਸ ਗੱਲ ਵਿੱਚ ਰੱਤੀ ਮਾਤਰ ਵੀ ਸ਼ੱਕ ਨਹੀਂ ਕਿ ਭਾਰਤ ਸਰਕਾਰ ਅਤੇ ਸੱਜੇ ਪੱਖੀ ਹਿੰਦੂ ਗਰੁੱਪ ਇਹਨਾਂ ਦੀ ਮਦਦ ਕਰ ਰਹੇ ਹਨ ਅਤੇ ਇਹਨਾਂ ਨਾਮ ਨਿਹਾਦ ਬਾਬਿਆਂ ਨੂੰ ਸਿੱਖ ਪੰਥ ਨੂੰ ਨੀਵਾਂ ਦਿਖਾਉਣ ਲਈ ਉਤਸ਼ਾਹਤ ਕਰ ਰਹੇ ਹਨ ।

ਭਾਈ ਫੌਜਾ ਸਿੰਘ ਜੀ ਅਤੇ ਉਹਨਾਂ ਦੇ ਸਾਥੀ ਗੁਰੂ ਮਾਰਗ ਉੱਤੇ ਆਪਣੇ ਆਖਰੀ ਸਾਹਾਂ ਤੱਕ ਦ੍ਰਿੜ ਰਹੇ ਤੇ ਉਹਨਾਂ ਨੇ ਆਪਣਾ ਤਨ, ਮਨ ਤੇ ਧਨ ਸੱਚੇ ਪਾਤਿਸ਼ਾਹ ਤੇ ਗੁਰੂ ਪੰਥ ਨੂੰ ਭੇਟ ਕਰ ਦਿੱਤਾ । ਉਹਨਾਂ ਸੰਸਾਰ ਨੂੰ ਇਹ ਸਾਫ ਕਰ ਦਿੱਤਾ ਕਿ ਕਿਸੇ ਵੀ ਕੀਮਤ ਤੇ ਗੁਰੂ ਗਰੰਥ ਸਾਹਿਬ ਜੀ ਤੇ ਖਾਲਸਾ ਪੰਥ ਦੀ ਸ਼ਾਨ ਬਰਕਰਾਰ ਰੱਖੀ ਜਾਵੇਗੀ ।

ਇਸੇ ਤਰ੍ਹਾਂ ਹੀ ਜੂਨ 1984 ਵਿੱਚ ਬਾਬਾ ਜਰਨੈਲ ਸਿੰਘ, ਭਾਈ ਮਹਿੰਗਾ ਸਿੰਘ ਬੱਬਰ, ਭਾਈ ਸੁਬੇਗ ਸਿੰਘ, ਭਾਈ ਅਮਰੀਕ ਸਿੰਘ, ਭਾਈ ਅਨੋਖ ਸਿੰਘ ਬੱਬਰ, ਜਥੇਦਾਰ ਸੁਖਦੇਵ ਸਿੰਘ ਬੱਬਰ, ਭਾਈ ਸੁਲੱਖਣ ਸਿੰਘ ਬੱਬਰ, ਭਾਈ ਕਾਹਨ ਸਿੰਘ ਬੱਬਰ, ਮਾਸਟਰ ਬਲਵਿੰਦਰ ਸਿੰਘ ਬੱਬਰ ਅਤੇ ਹੋਰ ਬਹੁਤ ਸਾਰੇ ਸਿੰਘਾਂ ਨੇ ਅੰਮ੍ਰਿਤਸਰ ਵਿਖੇ ਭਾਰਤ ਸਰਕਾਰ ਦੇ ਖਿਲਾਫ ਇੱਕ ਬੇਮਿਸਾਲ ਲੜਾਈ ਲੜੀ। ਇਸ ਤੋਂ ਬਾਅਦ ਸਿੱਖਾਂ ਨੇ ਇੱਕ ਦਹਾਕੇ ਤੋਂ ਵੀ ਜ਼ਿਆਦਾ ਸਮਾਂ ਪੰਜਾਬ ਅੰਦਰ ਸਰਕਾਰੀ ਕਤਲੇਆਮ ਖਿਲਾਫ ਜੰਗ ਲੜੀ ।

ਹੁਣ ਜਦੋਂ ਅਸੀਂ ਨਵੀਂ ਸਦੀ ਵਿੱਚ ਪ੍ਰਵੇਸ਼ ਕਰ ਰਹੇ ਹਾਂ ਤਾਂ ਪੰਥ ਨੂੰ ਪ੍ਰਭਾਵਸ਼ਾਲੀ ਅਗਵਾਈ ਦੀ ਲੋੜ ਹੈ ਜਿਸ ਤਰ੍ਹਾਂ ਦੀ ਅਗਵਾਈ ਭਾਈ ਫੌਜਾ ਸਿੰਘ ਜੀ ਅਤੇ ਉਹਨਾਂ ਦੇ ਸਾਥੀਆਂ ਨੇ ਦਿੱਤੀ। ਅਜਿਹੀ ਲੀਡਰਸ਼ਿਪ ਜੋ ਸ਼ਬਦ ਗੁਰੂ ਨੂੰ ਸਮਰਪਿਤ ਹੋਵੇ ਅਤੇ ਪੰਥ ਦੀਆਂ ਲੋੜਾਂ ਦੀ ਜਵਾਬਦੇਹ ਹੋਵੇ। ਉਸ ਵੇਲੇ ਹੀ ਫਿਰ ਗੁਰੂ ਸਾਹਿਬ ਜੀ ਦੀ ਆਤਮਾ ਅਤੇ ਗਿਆਨ ਪੰਥ ਵਿੱਚ ਸਮਾਏਗਾ ਅਤੇ ਪੰਥ ਨੂੰ ਖਤਰੇ ਤੋਂ ਬਚਾਏਗਾ। ਪੰਥਕ ਜ਼ਿੰਮੇਵਾਰੀ ਤੇ ਲੀਡਰਸ਼ਿਪ ਹਰ ਪੀੜ੍ਹੀ ਦੇ ਮੋਢਿਆਂ 'ਤੇ ਹੁੰਦੀ ਹੈ । ਸਾਰੀਆਂ ਪੰਥਕ ਜਥੇਬੰਦੀਆਂ ਦੀ ਏਕਤਾ ਵਧਾਉਣ ਅਤੇ ਜਾਗਰੂਕਤਾ ਫੈਲਾਉਣ ਦੀ ਜ਼ਿੰਮੇਵਾਰੀ ਹੈ ਤਾਂ ਕਿ ਖਾਲਸਾ ਪੰਥ ਅੰਦਰੂਨੀ ਤੇ ਬਾਹਰੀ ਦਬਾਵਾਂ ਦਾ ਸਾਹਮਣਾ ਕਰ ਸਕੇ ਅਤੇ ਮਨੁੱਖਤਾ ਦੀ ਨਿੱਘਰ ਰਹੀ ਆਤਮਾ ਨੂੰ ਅੰਮ੍ਰਿਤ ਨਾਮ ਅਤੇ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਅਤੇ ਸਦੀਵੀ ਗੁਰੂ ਗੁਰੂ ਗਰੰਥ ਸਾਹਿਬ ਜੀ ਦੀ ਸਿਖਿਆਵਾਂ ਰਾਹੀਂ ਤਰੋ ਤਾਜ਼ਾ ਕਰ ਸਕੇ ।

Babbar, Bhai Kahan Singh Babbar, Master Balvinder Singh Babbar, Bhai Amrik Singh and many others, fought a heroic battle against the Indian army onslaught in Amritsar in June 1984, as well as the ensuing decade-long genocide of Sikhs in Panjab instigated by a brutal Indian administration.

As we enter the new millenium the Panth is again in need of dynamic leadership like that of Shaheed Bhai Fauja Singh and his fearless companions; one that is truly obedient to Shabad Guru and responsive to the needs of the Panth. Only then will the spirit and wisdom of Guru Sahib Ji pervade throughout the Panth and protect it from danger. Panthic responsibility and leadership rests on the shoulders of each generation. All Panthic Sikh organisations have an equal role to play in developing solidarity and creating awareness so that the Khalsa Panth is able to resist internal and external pressures, and earnestly work towards rejuvinating the fallen spirit of humanity through the Ambrosial Naam and teachings of Guru Nanak Ji, Guru Gobind Singh Ji and our eternal master - Guru Granth Sahib Ji.

## Hukumnama Against the Nakli - Nirankaris

On 6th October 1978, a Hukumnama bearing the seal of the Akal Takht was issued calling upon Sikhs all over the world to boycott the Nirankaris. Sikhs were not to allow the sect to flourish within society. A committee comprising of the following notable figures prepared the Hukamnama: Giani Gurdit Singh, Giani Lal Singh, Giani Partap Singh, Giani Sadhu Singh,Sardar Kapur Singh,Sardar Parkash Singh and Sardar Satbir Singh.

Through this Hukamnama, all Sikhs were instructed to stop "roti beti di sanjh", meaning that food and marital relations with the Nirankaris must cease. However, we would like to point out that even today, 25 years later, the Nirankaris are flourishing in England and Canada. Many people we consider to be Sikhs are in fact Nirankaris. They even control some Gurdwaras in Canada and use the Internet to spread their propaganda.

## ਨਕਲੀ ਨਿਰੰਕਾਰੀਆਂ ਵਿਰੁੱਧ ਹੁਕਮਨਾਮਾ

6 ਅਕਤੂਬਰ 1978 ਨੂੰ ਪੂਰੀ ਦੁਨੀਆਂ ਵਿੱਚ ਵਸਦੇ ਸਿੱਖਾਂ ਨੂੰ ਨਿਰੰਕਾਰੀਆਂ ਦਾ ਬਾਈਕਾਟ ਕਰਨ ਲਈ ਇੱਕ ਹੁਕਮਨਾਮਾ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਮੁਹਰ ਥੱਲੇ ਜਾਰੀ ਹੋਇਆ । ਹੁਕਮਨਾਮੇ ਵਿੱਚ ਆਦੇਸ਼ ਸੀ ਕਿ ਸਿੱਖ ਇਸ ਫਿਰਕੇ ਨੂੰ ਸਮਾਜ ਅੰਦਰ ਵਧਣ ਫੁੱਲਣ ਨਾ ਦੇਣ । ਜਾਣੇ ਪਛਾਣੇ ਤੇ ਸਤਿਕਾਰਯੋਗ ਸਿੱਖਾਂ ਤੇ ਅਧਾਰਤ ਇੱਕ ਕਮੇਟੀ ਨੇ ਹੁਕਮਨਾਮੇ ਦੀ ਤਿਆਰੀ ਕੀਤੀ । ਇਸ ਕਮੇਟੀ ਵਿੱਚ ਗਿਆਨੀ ਗੁਰਦਿੱਤ ਸਿੰਘ, ਗਿਆਨੀ ਲਾਲ ਸਿੰਘ, ਗਿਆਨੀ ਪ੍ਰਤਾਪ ਸਿੰਘ, ਗਿਆਨੀ ਸਾਧੂ ਸਿੰਘ, ਸਰਦਾਰ ਕਪੂਰ ਸਿੰਘ, ਸਰਦਾਰ ਪ੍ਰਕਾਸ਼ ਸਿੰਘ ਅਤੇ ਸਰਦਾਰ ਸਤਬੀਰ ਸਿੰਘ ਸ਼ਾਮਲ ਸਨ ।

ਇਸ ਹੁਕਮਨਾਮੇ ਰਾਹੀਂ ਸਮੂਹ ਸਿੱਖਾਂ ਨੂੰ ਨਿਰੰਕਾਰੀਆਂ ਨਾਲ ਰੋਟੀ ਬੇਟੀ ਦੀ ਸਾਂਝ ਤੋੜਨ ਦਾ ਹੁਕਮ ਸੀ । ਪਰ ਅਸੀਂ ਇਹ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ ਕਿ ਤਿੰਨ ਦਹਾਕੇ ਤੋਂ ਜ਼ਿਆਦਾ ਸਮਾਂ ਬੀਤਣ ਦੇ ਬਾਅਦ ਵੀ ਅੱਜ ਕਲ ਨਿਰੰਕਾਰੀ ਕਨੇਡਾ ਅਤੇ ਇੰਗਲੈਂਡ ਵਿੱਚ ਵਧ ਫੁੱਲ ਰਹੇ ਹਨ । ਬਹੁਤ ਸਾਰੇ ਲੋਕ ਜਿਨ੍ਹਾਂ ਨੂੰ ਅਸੀਂ ਸਿੱਖ ਸਮਝਦੇ ਹਾਂ ਉਹ ਅਸਲ ਵਿੱਚ ਨਿਰੰਕਾਰੀ ਹਨ । ਨਿਰੰਕਾਰੀਆਂ ਦਾ ਕਨੇਡਾ ਦੇ ਕੁਝ ਗੁਰਦਵਾਰਿਆ ਵਿੱਚ ਕੰਟਰੋਲ ਵੀ ਹੈ ਤੇ ਉਹ ਇੰਟਰਨੈੱਟ ਰਾਹੀਂ ਆਪਣਾ ਪ੍ਰਚਾਰ ਕਰ ਰਹੇ ਹਨ ।

੧ੴ ਵਾਹਿਗੁਰੂ ਜੀ ਕੀ ਫ਼ਤਹ ॥

# ਸ੍ਰੀ ਅਕਾਲ ਜੀ ਸਹਾਇ ॥

# ਹੁਕਮਨਾਮਾ

# ਸ੍ਰੀ ਅਕਾਲ ਤਖ਼ਤ ਸਾਹਿਬ

ਦੇਗ ਤੇਗ਼ ਫ਼ਤਹ ਨੁਸਰਤ ਬੇਦਰੰਗ ॥
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

[illegible]

ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥

[illegible]

[illegible]

[illegible]

[illegible]

ਗੁਰੂ ਕੀ ਆਗਿਆ ਹੈ:
ਪੂਜਾ ਅਕਾਲ ਪੁਰਖ ਕੀ ॥
ਪਰਚਾ ਸ਼ਬਦ ਕਾ ॥
ਦੀਦਾਰ ਖ਼ਾਲਸੇ ਕਾ ॥

[illegible]

ਜਥੇਦਾਰ
ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

wwww.akj.org

# Memories of Bhai Fauja Singh:
## Interview with Bibi Amarjit Kaur

Taken from So Kaheeat Hai Soora, August 2004.



When a time of darkness falls upon a community and its people are in a deep sleep, then Akal Purakh sends some blessed souls who may only spend a short time on the earth but light the way of their people for centuries. These blessed souls spread the rays of truth, remove the darkness and awaken the long sleeping people.

In 1978, the Sikh youth were in a deep sleep. Akal Purakh at that time sent such a blessed soul, who, with the splashes of his blood, woke the Panth. That soul was Shaheed Jathedar Bhai Fauja Singh ji. The entire Sikh community was falling into the pit of Communism, Brahminism and faith in false human-gurus. The martyrdom of Bhai Fauja Singh and his companions started a new chapter for the Sikhs.

Here is an interview with that brave warrior's wife, Bibi Amarjit Kaur.

**Respected Bibi jeeo! Will you tell us about the Khalsa Farm that was started by Bhai Sahib Fauja Singh?**

Inside him (Bhai Fauja Singh) there was a blazing inferno to reinvigorate the Sikhs. He wanted every Sikh to be both religiously and politically aware. He wanted the community to take the Khalsa form and move towards Khalsa Raj.

Once, he (Bhai Fauja Singh) was in vairaag and he went from Amritsar to Machevara, near the Satluj river and went into Bhai Hardial Singh and Darshan Singh's fields to do solitary simran. Those Singhs respected him very much and when he wanted to return after spending quite a bit of time there, they would not let him leave. They were even willing to give him some land there. When I found out about this, I reminded him, you yourself used to tell me that across the river in Gazneepur you have some land and used to suggest making a farm there to start Sikhi camps. He liked my suggestion. This is how Khalsa Farm was started.

In the Farm, all the Singhs woke up around 2am and did Amritvela. After that there was keertan, gatka practice, etc. that lasted the entire day. He (Bhai Fauja Singh) used to jap naam very loudly. When the camp concluded, all the Singhs would be sad to be separating and departing and would even begin to weep. They did not feel like leaving.

# ਭਾਈ ਫੌਜਾ ਸਿੰਘ ਜੀ ਦੀਆਂ ਯਾਦਾਂ
## ਬੀਬੀ ਅਮਰਜੀਤ ਕੌਰ ਨਾਲ ਗੱਲਬਾਤ

ਜਦੋਂ ਕੌਮਾਂ ਦੇ ਇਤਿਹਾਸ ਵਿੱਚ ਕਾਲੀਆਂ ਰਾਤਾਂ ਪੈਰ ਪਸਾਰ ਬਹਿੰਦੀਆਂ ਹਨ, ਕੌਮਾਂ ਦੇ ਭੋਲੇ ਨੀਂਗਰ ਜਦੋਂ ਕਦੇ ਲੰਮੀਆਂ ਤਾਣ ਕੇ ਘੂਕ ਸੌਂ ਜਾਂਦੇ ਹਨ ਤਾਂ ਅਕਾਲ ਪੁਰਖ ਆਪਣੇ ਰੂਹਾਨੀ ਨੂਰ ਦੀ ਊਰਜਾ ਅੰਦਰੋਂ ਕੁਝ ਅਜਿਹੀਆਂ ਬਖਸ਼ੀਆਂ ਰੂਹਾਂ ਨੂੰ ਧਰਤੀ 'ਤੇ ਭੇਜਦਾ ਹੈ, ਜਿਹੜੀਆਂ ਭਾਵੇਂ ਕਿ ਫਾਨੀ ਸੰਸਾਰ ਅੰਦਰ ਥੋੜ੍ਹਾ ਚਿਰ ਹੀ ਰਹਿੰਦੀਆਂ ਨੇ ਪਰ ਉਹਨਾਂ ਦੀ ਥੋੜ ਚਿਰੀ ਆਮਦ ਸਦੀਆਂ ਤੱਕ ਕੌਮੀ ਪਰਵਾਨਿਆਂ ਦਾ ਰਾਹ ਰੁਸ਼ਨਾਉਂਦੀ ਰਹਿੰਦੀ ਹੈ । ਅਜਿਹੀਆਂ ਬਖਸ਼ੀਆਂ ਰੂਹਾਂ ਸੱਚ ਦਾ ਚਾਨਣ ਖਿਲਾਰਦੀਆਂ ਹੋਈਆਂ ਹਨੇਰਿਆਂ ਨੂੰ ਦੂਰ ਕਰਦੀਆਂ ਹਨ ਤੇ ਲੰਮੀ ਤਾਣ ਕੇ ਘੂਕ ਸੁੱਤੀਆਂ ਕੌਮਾਂ ਨੂੰ ਹਲੂਣਾ ਦੇ ਕੇ ਜਾਗਰਿਤ ਕਰ ਜਾਂਦੀਆਂ ਹਨ ।

ਸੰਨ 1978 ਤੋਂ ਪਹਿਲਾਂ ਸਿੱਖ ਕੌਮ ਦੀ ਜਵਾਨੀ ਵੀ ਲੰਮੀਆਂ ਤਾਣ ਕੇ ਸੁੱਤੀ ਪਈ ਸੀ । ਅਕਾਲ ਪੁਰਖ ਨੇ ਅਜਿਹੀ ਬਖਸ਼ੀ ਹੋਈ ਰੂਹ ਉਸ ਸਮੇਂ ਕੌਮ ਵਿੱਚ ਭੇਜੀ, ਜਿਹੜੀ ਸੁੱਤੀ ਪਈ ਕੌਮ ਨੂੰ ਆਪਣੇ ਲਹੂ ਦਾ ਛਿੱਟਾ ਦੇ ਕੇ ਜਗਾ ਗਈ । ਉਹ ਰੂਹ ਸੀ ਸ਼ਹੀਦ ਜਥੇਦਾਰ ਭਾਈ ਫੌਜਾ ਸਿੰਘ ਜੀ ਦੀ । ਜਦੋਂ ਸਾਰੀ ਕੌਮ ਕਾਮਰੇਡ ਅਤੇ ਬਿਪਰਵਾਦੀ ਵਿਚਾਰਧਾਰਾਵਾਂ ਦੀ ਨੀਮ-ਕਬੂਲੀ ਦੇ ਅਸਰ ਹੇਠ ਅਤੇ ਦੇਹਧਾਰੀ ਗੁਰੂ ਡੰਮ੍ਹ ਦੇ ਅੰਧ ਵਿਸ਼ਵਾਸ ਦੀ ਖਾਈ ਵਿੱਚ ਡਿੱਗਦੀ ਜਾ ਰਹੀ ਸੀ ਤਾਂ ਭਾਈ ਫੌਜਾ ਸਿੰਘ ਅਤੇ ਸਾਥੀ ਸਿੰਘਾਂ ਦੀ ਸ਼ਹਾਦਤ ਨੇ ਪੰਥਕ ਪਰਚਮ ਨੂੰ ਉੱਚਾ ਚੁਕਦਿਆ ਹੋਇਆਂ ਇੱਕ ਨਵਾਂ ਅਧਿਆਇ ਜੋੜ ਦਿੱਤਾ । ਪੇਸ਼ ਹਨ, ਉਸ ਸੂਰਬੀਰ ਯੋਧੇ ਦੀ ਸਿੰਘਣੀ ਬੀਬੀ ਅਮਰਜੀਤ ਕੌਰ ਨਾਲ ਕੀਤੀ ਮੁਲਾਕਾਤ ਦੇ ਕੁਝ ਅੰਸ਼ :

**? ਸਤਿਕਾਰਯੋਗ ਬੀਬੀ ਜੀਓ ! ਭਾਈ ਸਾਹਿਬ ਫੌਜਾ ਸਿੰਘ ਵੱਲੋਂ ਚਲਾਏ ਜਾਂਦੇ ਖਾਲਸਾ ਫਾਰਮ ਬਾਰੇ ਕੁਝ ਸ਼ਬਦ ।**

– ਉਨ੍ਹਾਂ ਦੇ ਅੰਦਰ ਸਿੱਖ ਧਰਮ ਨੂੰ ਪਰਚੰਡ ਕਰਨ ਲਈ ਇੱਕ ਕਿਸਮ ਦਾ ਜਵਾਲਾਮੁਖੀ ਉਸਲਵੱਟੇ ਲੈ ਰਿਹਾ ਸੀ । ਉਹ ਚਾਹੁੰਦੇ ਸਨ ਕਿ ਹਰ ਸਿੱਖ ਧਾਰਮਿਕ ਅਤੇ ਰਾਜਨੀਤਿਕ ਤੌਰ ਤੇ ਜਾਗ੍ਰਿਤ ਹੋਵੇ । ਕੌਮ ਖਾਲਸਾ ਸਰੂਪ ਹੋ ਕੇ ਖਾਲਸਾ ਰਾਜ ਵੱਲ ਨੂੰ ਕਦਮ ਵਧਾਵੇ । ਇੱਕ ਵਾਰੀ ਉਹ (ਭਾਈ ਫੌਜਾ ਸਿੰਘ) ਵੈਰਾਗ ਦੀ ਅਵਸਥਾ ਵਿੱਚ ਆ ਕੇ ਅੰਮ੍ਰਿਤਸਰ ਤੋਂ ਚੱਲਕੇ ਮਾਛੀਵਾੜੇ ਦੇ ਨਜ਼ਦੀਕ ਸਤਲੁੱਜ ਦਰਿਆ ਦੇ ਕਿਨਾਰੇ ਭਾਈ ਹਰਦਿਆਲ ਸਿੰਘ ਤੇ ਦਰਸ਼ਨ ਸਿੰਘ ਨਾਮਕ ਸਿੰਘਾਂ ਦੇ ਖੇਤਾਂ ਵਿੱਚ ਸਿਮਰਨ ਕਰਨ ਚਲੇ ਗਏ । ਉਹ ਸਿੰਘ ਇਨ੍ਹਾਂ ਦਾ ਬਹੁਤ ਸਤਿਕਾਰ ਕਰਿਆ ਕਰਦੇ ਸਨ, ਜਦੋਂ ਇਹ ਕਾਫੀ ਸਮਾਂ ਉੱਥੇ ਰਹਿ ਕੇ ਵਾਪਸ ਆਉਣ ਲੱਗੇ ਤਾਂ ਉਹ ਸਿੰਘ ਵਾਪਸ ਨਾ ਆਉਣ ਦੇਣ । ਉਹ ਚਾਰ ਕਿੱਲੇ ਜ਼ਮੀਨ ਦੇਣ ਨੂੰ ਤਿਆਰ ਸਨ । ਜਦੋਂ ਗੱਲ ਮੇਰੇ ਤੱਕ ਪਹੁੰਚੀ, ਤਾਂ ਮੈਂ ਯਾਦ ਕਰਵਾਇਆ ਕਿ ''ਤੁਸੀਂ ਆਪ ਹੀ ਦੱਸਿਆ ਕਰਦੇ ਹੋ ਕਿ ਦਰਿਆ ਤੋਂ ਪਾਰ ਗਜ਼ਨੀਪੁਰ ਵਿੱਚ ਆਪਣੀ ਘਰ ਦੀ ਜ਼ਮੀਨ ਹੈ । ਕਿਉਂ ਨਾ ਉੱਥੇ ਫਾਰਮ ਬਣਾ ਕੇ ਸਿੱਖੀ ਕੈਂਪ ਸ਼ੁਰੂ ਕੀਤੇ ਜਾਣ ।'' ਮੇਰੀ ਸਲਾਹ ਉਨ੍ਹਾਂ ਨੂੰ ਜਚ ਗਈ । ਇਸ ਤਰ੍ਹਾਂ ਖਾਲਸਾ ਫਾਰਮ ਦੀ ਰਚਨਾ ਹੋਈ । ਫਾਰਮ ਵਿੱਚ ਸਾਰੇ ਸਿੰਘ ਤਕਰੀਬਨ ਦੋ ਵਜੇ ਉੱਠ ਕੇ ਅੰਮ੍ਰਿਤ ਵੇਲੇ ਦੀ ਸੰਭਾਲ ਕਰਿਆ ਕਰਦੇ ਸਨ । ਉਸ ਤੋਂ ਬਾਅਦ ਕੀਰਤਨ, ਗਤਕਾ ਅਭਿਆਸ ਆਦਿਕ ਕਰਮ ਸਾਰਾ ਦਿਨ ਚਲਦੇ ਰਹਿੰਦੇ ਸਨ । ਇਹ (ਫੌਜਾ ਸਿੰਘ ਹੋਰੀਂ) ਉੱਚੀ ਉੱਚੀ ਖੰਡਾ ਖੜਕਾਉਂਦੇ(ਨਾਮ ਜਪਦੇ) ਸਨ । ਕੈਂਪ ਦੀ ਸਮਾਪਤੀ 'ਤੇ ਸਾਰੇ ਸਿੰਘ ਵੈਰਾਗੀ ਅਵਸਥਾ ਵਿੱਚ ਆ ਕੇ ਵਿਛੜਣ ਸਮੇਂ ਧਾਹੀਂ ਰੋ ਪਿਆ ਕਰਦੇ ਸਨ । ਉਹਨਾਂ ਦਾ ਉੱਥੋਂ ਜਾਣ ਨੂੰ ਜੀਅ ਨਹੀਂ ਕਰਦਾ ਸੀ । ਫੌਜਾ ਸਿੰਘ ਹੋਰਾਂ ਦੇ ਦੱਸਣ ਮੁਤਾਬਕ ਇਹ ਸਥਾਨ ਪੁਰਾਤਨ ਸਮੇਂ ਛੋਟੇ ਘੱਲੂਘਾਰੇ ਦੇ ਸ਼ਹੀਦ ਸਿੰਘਾਂ ਦਾ ਸਥਾਨ ਸੀ । ਹੋਰ ਵੀ ਕਈ ਸਿੰਘਾਂ ਨੂੰ ਸ਼ਹੀਦੀ ਪਹਿਰੇ ਦਾ ਅਨੁਭਵ ਹੋਇਆ ਕਰਦਾ ਸੀ । ਜਗ੍ਹਾ ਬਹੁਤ ਰਮਣੀਕ ਸੀ । ਇਕਾਂਤ ਹੋਣ ਕਰਕੇ ਸਿਮਰਨ ਕੀਰਤਨ ਤੇ ਗੁਰਬਾਣੀ ਦੇ ਜਾਪ ਲਈ ਬਹੁਤ ਵਧੀਆ ਥਾਂ ਸੀ । ਉਹਨਾਂ ਦੇ ਮਨ ਵਿੱਚ ਸਿੱਖੀ ਨੂੰ ਵਧਦਾ ਫੁੱਲਦਾ ਦੇਖਣ ਦੀ ਅਥਾਹ ਤੜਪ ਸੀ, ਪਰ ਵਾਹਿਗੁਰੂ ਨੇ ਪੂਰਾ ਸਮਾਂ ਨਹੀਂ ਦਿੱਤਾ ।

**? ਭਾਈ ਸਾਹਿਬ ਦੇ ਨਾਲ ਰਹਿੰਦਿਆਂ ਕੋਈ ਅਭੁੱਲ ਯਾਦ ਦੱਸਣ ਦੀ ਕ੍ਰਿਪਾਲਤਾ ਕਰੋਗੇ ?**

– ਯਾਦਾਂ ਤਾਂ ਬੜੀਆਂ ਨੇ, ਬਹੁਤ ਨੇ, ਅਸਲ ਵਿੱਚ ਉਨ੍ਹਾਂ ਨਾਲ ਬੀਤਿਆ ਸਾਰਾ ਸਮਾਂ ਹੀ ਨਾ-ਭੁੱਲਣਯੋਗ ਹੈ । ਉਹ ਕਦੇ ਵੀ ਨਹੀਂ ਭੁੱਲੇ, ਹੁਣ ਵੀ ਹਰ ਸਮੇਂ ਉਹਨਾਂ ਦੀ ਹੋਂਦ ਮਹਿਸੂਸ ਹੁੰਦੀ ਰਹਿੰਦੀ ਹੈ । ਉਹਨਾਂ ਦੀ ਸ਼ਖਸੀਅਤ ਹੀ ਅਜਿਹੀ ਸੀ ਕਿ ਹਰ ਕੋਈ ਉਨ੍ਹਾਂ ਵੱਲ ਖਿੱਚਿਆ ਜਾਂਦਾ ਸੀ । ਉਨ੍ਹਾਂ ਦੁਆਲੇ ਸਦਾ ਸੰਸਾਰੀਆਂ ਅਤੇ ਸਾਧੂ ਸੰਤਾਂ

Fauja Singh used to say that this was the place of Shaheed Singhs from the smaller Ghaloghara. Many other Singhs also felt the presence and patrol of Shaheed Singhs. The location was very peaceful. Because it was isolated, it was very good for simran, keertan and gurbani. He had immeasurable desire to see Sikhi grow and blossom but Vahiguru did not give enough time.

**While staying with Bhai Sahib, can you tell us about any unforgettable memories?**
There are so many memories. Actually, the entire time spent with him was unforgettable. I will never forget them, even now I feel his presence. He had such a personality that everyone was attracted to him. He was always surrounded by both worldly people and religious people. I too couldn't help but be effected by him.
There was a pull towards him, but I did not even think of marriage with him. I did not tie a keskee back then, but I did do keertan. I also went to the Akhand Keertanee Jatha's smaagams. But I had no desire to be married. In truth, I was quite afraid of household life. To take care of children and prepare food was no easy task for me because I had very little desire to do those sort of things.
Once, he (Bhai Fauja Singh) saw me doing keertan at Bhai Bakhtaavar Singh (Chayharta) house and asked Bhai Bakhtaavar Singh about me. When Bhai Bakhtaavar Singh's Singhnee asked me, I said in very clear words that I don't know much about cooking or other housekeeping and I'm very afraid of raising children and because of this I have decided to not get married.
He replied that he already prepares his own food and he didn't feel any need to have children and that all Gursikh's children were like his own and he gave them just as much love.
After this, my mother and father saw him. A year after our engagement Ardaas, we had our Anand kaaraj. During this time, I began to tie a dastaar. He kept both his promises: for his entire life he made his own food.

**Will you tell us about any words Bhai Fauja Singh spoke before his martyrdom about the future?**
-Quite a bit before his martyrdom, he began to say that there was another battle to be fought. It was about this time that S. Gajinder Singh's poem "Gangoo dee Rooh" (Gangoo's spirit) was published. He would read the lines from this poem many times:
"There's Gandhi, there's Nehru and there's Nehru's daughter. They are all just Gangoo, what else is there here?"
He said they would try to bring Sikhi down with any way possible and that to stop them, every Singh would have to be shastardhaari (carry weapons). He would say to me many times, "Every time you're left behind. And then I have to take birth again for you. This time I won't leave you behind."
Every day, at least ten times a day he would say to me, "Don't cry when you see my body, this is going to happen. Accept Bhaanaa."
One day, he came to get me from my school. My fellow teachers were with me and they also respected him a lot (this was April 11th). He said to my fellow teachers, "Bhain jee, the divine call is coming. I'm going to leave and I'm ready."

ਦਾ ਘੇਰਾ ਜੁੜਿਆ ਰਹਿੰਦਾ ਸੀ । ਮੈਂ ਵੀ ਉਨ੍ਹਾਂ ਤੋਂ ਪ੍ਰਭਾਵਿਤ ਹੋਏ ਬਗੈਰ ਨਹੀਂ ਰਹਿ ਸਕੀ, ਖਿੱਚ ਜ਼ਰੂਰ ਸੀ ਪਰ ਵਿਆਹ ਬਾਬਤ ਤਾਂ ਮੈਂ ਕਦੇ ਵੀ ਨਹੀਂ ਸੋਚਿਆ ਸੀ । ਉਦੋਂ ਮੈਂ ਕੇਸਕੀ ਤਾਂ ਭਾਵੇਂ ਨਹੀਂ ਕਰਦੀ ਸੀ ਪਰ ਕੀਰਤਨ ਜ਼ਰੂਰ ਕਰਦੀ ਹੁੰਦੀ ਸੀ । ਅਖੰਡ ਕਰਿਤਨੀ ਜਥੇ ਦੇ ਸਮਾਗਮਾਂ 'ਤੇ ਵੀ ਜਾਂਦੀ ਸੀ । ਪਰ ਆਪਣੇ ਵਿਆਹ ਦਾ ਮੇਰਾ ਕੋਈ ਇਰਾਦਾ ਨਹੀਂ ਸੀ ਅਸਲ ਵਿੱਚ ਮੈਂ ਗ੍ਰਿਹਸਥ ਦੇ ਝਮੇਲਿਆਂ ਤੋਂ ਬਹੁਤ ਡਰਦੀ ਸੀ । ਬੱਚੇ ਸਾਂਭਣੇ ਅਤੇ ਪ੍ਰਸ਼ਾਦਾ ਤਿਆਰ ਕਰਨਾ ਮੇਰੇ ਲਈ ਕੋਈ ਸੁਖਾਲਾ ਕੰਮ ਨਹੀਂ ਸੀ ਕਿਉਂਕਿ ਮੈਨੂੰ ਘਰੇਲੂ ਕੰਮ-ਕਾਰ ਵਿੱਚ ਬਹੁਤ ਘੱਟ ਲਗਾਅ ਸੀ । ਇੱਕ ਵਾਰ ਇਹਨਾਂ ਨੇ ਮੈਨੂੰ ਭਾਈ ਬਖਤਾਵਰ ਸਿੰਘ (ਛੇਹਰਟਾ) ਦੇ ਘਰ ਕੀਰਤਨ ਕਰਦਿਆਂ ਦੇਖਿਆ ਤਾਂ ਭਾਈ ਬਖਤਾਵਰ ਸਿੰਘ ਤੋਂ ਮੇਰੇ ਬਾਬਤ ਪੁੱਛ ਪੜਤਾਲ ਕੀਤੀ । ਭਾਈ ਬਖਤਾਵਰ ਸਿੰਘ ਦੀ ਸਿੰਘਣੀ ਨੇ ਜਦੋਂ ਮੈਨੂੰ ਪੁੱਛਿਆ ਤਾਂ ਮੈਂ ਸਾਫ-ਸਾਫ ਸ਼ਬਦਾਂ ਵਿੱਚ ਦੱਸ ਦਿੱਤਾ ਕਿ ਮੈਨੂੰ ਪ੍ਰਸ਼ਾਦਾ ਬਨਾਉਣਾ ਅਤੇ ਹੋਰ ਘਰੇਲੂ ਕੰਮ ਘੱਟ ਕਰਕੇ ਆਉਂਦੇ ਹਨ ਅਤੇ ਬੱਚੇ ਪਾਲਣ ਤੋਂ ਮੈਂ ਬਹੁਤ ਡਰਦੀ ਸੀ, ਇਸੇ ਲਈ ਮੈਂ ਵਿਆਹ ਨਾ ਕਰਵਾਉਣ ਦਾ ਫੈਸਲਾ ਕੀਤਾ ਹੈ । ਤਾਂ ਉਹਨਾਂ ਕਹਿ ਦਿੱਤਾ ਕਿ ਪ੍ਰਸ਼ਾਦਾ ਮੈਂ ਪਹਿਲਾਂ ਵੀ ਆਪਣੇ ਹੱਥੀਂ ਹੀ ਸਜਾਉਂਦਾ ਹਾਂ ਅਤੇ ਬੱਚਿਆਂ ਦੀ ਮੈਨੂੰ ਕੋਈ ਲੋੜ ਨਹੀਂ ਭਾਸਦੀ, ਸਾਰੇ ਗੁਰਸਿੱਖਾਂ ਦੇ ਬੱਚਿਆਂ ਨੂੰ ਮੈਂ ਆਪਣਿਆਂ ਵਾਂਗ ਹੀ ਪਿਆਰ ਕਰਦਾ ਹਾਂ । ਇਸ ਤੋਂ ਬਾਅਦ ਮੇਰੇ ਮਾਤਾ ਪਿਤਾ ਨੇ ਉਨ੍ਹਾਂ ਨੂੰ ਦੇਖਿਆ । ਮੰਗਣੀ ਦੀ ਅਰਦਾਸ ਤੋਂ ਸਾਲ ਬਾਅਦ ਸਾਡਾ ਅਨੰਦ ਕਾਰਜ ਹੋ ਗਿਆ,ਇਸੇ ਦੌਰਾਨ ਮੈਂ ਦਸਤਾਰ ਸਜਾ ਲਈ । ਉਹਨਾਂ ਨੇ ਆਪਣੇ ਦੋਵੇਂ ਬਚਨ ਨਿਭਾਏ ਤੇ ਸਾਰੀ ਉਮਰ ਪ੍ਰਸ਼ਾਦਾ ਖੁਦ ਤਿਆਰ ਕਰਦੇ ਰਹੇ ।



**? ਸ਼ਹਾਦਤ ਤੋਂ ਪਹਿਲਾਂ ਭਾਈ ਫੌਜਾ ਸਿੰਘ ਦੇ ਕੋਈ ਭਵਿੱਖਤ ਬਚਨ ਹੋਣ ਤਾਂ ਦੱਸਣ ਦੀ ਕ੍ਰਿਪਾਲਤਾ ਕਰੋ ?**

- ਸ਼ਹੀਦੀ ਤੋਂ ਕਾਫੀ ਸਮਾਂ ਪਹਿਲਾਂ ਹੀ ਉਹ ਕਹਿਣ ਲੱਗ ਪਏ ਸਨ ਕਿ ਹੁਣ ਇੱਕ ਹੋਰ ਲੜਾਈ ਲੜਨੀ ਹੋਵੇਗੀ । ਉਨ੍ਹਾਂ ਦਿਨਾਂ ਵਿੱਚ ਸ੍ਰ: ਗਜਿੰਦਰ ਸਿੰਘ ਦੀ ਕਵਿਤਾ 'ਗੰਗੂ ਦੀ ਰੂਹ' ਪ੍ਰਕਾਸ਼ਿਤ ਹੋਈ ਸੀ । ਉਹ ਬਹੁਤੀ ਵਾਰੀ ਇਸ ਕਵਿਤਾ ਦੀਆਂ ਸਤਰਾਂ ਗੁਣਗੁਣਾਇਆ ਕਰਦੇ ਸਨ :

ਔਹ ਗਾਂਧੀ ਔਹ ਨਹਿਰੂ ਔਹ ਨਹਿਰੂ ਦੀ ਧੀ ਏ
ਬਸ ਗੰਗੂ ਹੀ ਗੰਗੂ ਨੇ ਹੋਰ ਏਥੇ ਕੀ ਏ ?

ਇਹਨਾਂ ਨੇ ਸਿੱਖੀ ਨੂੰ ਢਾਹ ਲਾਉਣ ਦੀ ਹਰ ਸੰਭਵ ਕੋਸ਼ਿਸ਼ ਕਰਨੀ ਹੈ, ਇਨ੍ਹਾਂ ਨੂੰ ਨੱਥ ਪਾਉਣ ਲਈ ਹਰ ਸਿੰਘ ਨੂੰ ਸ਼ਸਤਰਧਾਰੀ ਹੋਣਾ ਪਵੇਗਾ । ਮੈਨੂੰ ਕਈ ਵਾਰੀ ਕਿਹਾ ਕਰਦੇ ਸਨ ਕਿ '' ਹਰ ਵਾਰ ਤੂੰ ਪਿੱਛੇ ਰਹਿ ਜਾਂਦੀ ਐਂ, ਮੈਨੂੰ ਤੇਰੇ ਲਈ ਫਿਰ ਜਨਮ ਲੈਣਾ ਪੈਂਦਾ ਐ ਐਤਕੀਂ ਪਿੱਛੇ ਨਹੀਂ ਛੱਡਾਂਗਾ ।'' ਮੈਨੂੰ ਘੱਟੋ ਘੱਟ ਦਿਨ ਵਿੱਚ ਦਸ ਵਾਰ ਸੁਣਾ ਕੇ ਕਿਹਾ ਕਰਦੇ ਸਨ ਕਿ ''ਮੇਰੀ ਲਾਸ਼ ਦੇਖ ਕੇ ਰੋਣਾ ਨਹੀਂ, ਇਹ ਸਭ ਹੋਣਾ ਹੀ ਹੈ, ਭਾਣਾ ਮੰਨਣਾ । '' ਇੱਕ ਦਿਨ ਮੇਰੇ ਸਕੂਲ ਮੈਨੂੰ ਲੈਣ ਵਾਸਤੇ ਗਏ । ਮੇਰੀਆਂ ਸਾਥਣ ਅਧਿਆਪਕਾਵਾਂ ਇਨ੍ਹਾਂ ਦਾ ਬਹੁਤ ਸਤਿਕਾਰ ਕਰਦੀਆਂ ਸਨ (ਇਹ ਗੱਲ 11 ਅਪ੍ਰੈਲ ਦੀ ਹੈ )। ਸਾਥਣ ਅਧਿਆਪਕਾਵਾਂ ਨੂੰ ਕਹਿਣ ਲੱਗੇ ਕਿ ''ਭੈਣ ਜੀ ਸੱਦੇ ਆਉਣੇ ਹਨ ਧੁਰੋਂ, ਅਸੀਂ ਚਲੇ ਜਾਣਾ ਹੈ । ਸਾਡੇ ਤਿਆਰੇ ਖਿੱਚੇ ਹੋਏ ਹਨ।'' ਇੱਕ ਵਾਰ ਅਸੀਂ ਭਾਈ ਅਵਤਾਰ ਸਿੰਘ ਖੁੱਡ ਕਲਾਂ ਨੂੰ ਮਿਲਣ ਗਏ । ਉਨ੍ਹਾਂ ਨੇ ਵੀ ਇਹੋ ਬਚਨ ਕਿਹਾ ਕਿ ''ਬੀਬੀ ਮੈਂ ਤੇ ਫੌਜਾ ਸਿੰਘ ਹੋਰਾਂ ਜਲਦੀ ਹੀ ਚਲੇ ਜਾਣਾ ਹੈ, ਤੂੰ ਨੌਕਰੀ ਕਰਦੀ ਰਹੀਂ ।'' ਉਦੋਂ ਇਨ੍ਹਾਂ ਬਚਨਾਂ ਦੀ ਸਮਝ ਨਹੀਂ ਸੀ ਪਰ ਜਦੋਂ ਭਾਣਾ ਵਰਤ ਗਿਆ ਉਦੋਂ ਜਾ ਕੇ ਪਤਾ ਚੱਲਿਆ ਕਿ ਉਹ ਕੀ ਕਹਿਣਾ ਚਾਹੁੰਦੇ ਸਨ । ਇਹ ਵੀ ਕਿਹਾ ਕਰਦੇ ਸਨ ਕਿ ''ਜੇ ਸਿੱਖ ਕੌਮ ਬਾਣੀ ਬਾਣੇ, ਸੇਵਾ ਸਿਮਰਨ ਵਿੱਚ ਪ੍ਰਪੱਕ ਹੋ ਜਾਵੇ ਤਾਂ ਸਤਿਗੁਰੂ ਤਾਂ ਅੱਜ ਹੀ ਰਾਜ ਦੇਣ ਨੂੰ ਤਿਆਰ ਹਨ । ਸਿੰਘਾਂ ਨੂੰ ਕਿਹਾ ਕਰਦੇ ਸਨ ਕਿ ਜਿੰਨੀ ਜਲਦੀ ਕੌਮ ਖਾਲਸ ਹੋਵੇਗੀ, ਓਨੀ ਜਲਦੀ ਹੀ ਖਾਲਸਾ ਰਾਜ ਆ ਜਾਵੇਗਾ ।''

**ਸੰਤ ਗਿਆਨੀ ਕਰਤਾਰ ਸਿੰਘ ਜੀ ਭਿੰਡਰਾਂਵਾਲਿਆਂ ਅਤੇ ਭਾਈ ਸਾਹਿਬ ਦੇ ਆਪਸੀ ਸਬੰਧ ਕਿਹੋ ਜਿਹੇ ਸਨ ?**

Once we went to meet Bhai Avtaar Singh of Khudaa(n) Kalaa(n) and he too said, "Bibi, me and Bhai Fauja Singh are going to leave very soon. You should keep working." At that time I didn't understand what he meant but when it happened, only then did I understand what he was trying to say.
He used to also say, "If the Sikh Kaum became solid in Baanee, Baanaa, sevaa and simran, Satguru jee is willing to give them raj even today." He used to say that as soon as the Kaum becomes pure, Khalsa Raj will come.

**What was the relationship like between Bhai Sahib and Sant Giani Kartar Singh Ji Bhindrawale?**
There was a very loving relationship. Sant Giani Kartar Singh jee used to have a lot of love and respect for him. He would spread his hazooriya on the ground for him (Bhai Sahib) to sit on.
It was in those days that some mischievous people disrespected Sree Guru Granth Sahib jee in Gurdwara Guru Kay Mehal and he (Bhai Sahib) had arrived there along with his companions. The incensed mob threw rocks and bottles of acid at the Singhs. Their clothes burnt off but their bodies were alright. After this incident, we along with the Bhindravala Jatha took out a march through Amritsar and at this time Sant jee gave his full support.
It was also at this time that we would go to Mehta Chownk to do Akhand Keertan. Sant Giani Kartar Singh was very opposed to human Gurudoms and because of this, he (Bhai Sahib) had a lot of love for him. To stop the Narakhdari attacks, we started a common front.
And in addition, he also had a lot of love for Sant Baba Harnam Singh Rampur Khaeray vaalay. One time Sant jee came from Khaera Sahib to Sree Amritsar and his avasthaa was very vairagi. I met him in Guru Ram Das Saraa(n) and I asked him to come to our home. Sant jee had not eaten for four days.
He (Bhai Sahib) said to Baba jee, "Baba jee, please give my message to Guru Gobind Singh jee" Baba jee replied, "Alright son, I'll give it." What that message was, I didn't know nor did he ask.
The next day Sant jee said, "Son, I gave your message to Guru Sahib. Guru Sahib has said, "So Sikh sakhaa bandhap hai bhai jo gur kay bhaanay vich aavai." "
At that time I didn't understand what Guru Sahib's bhaanaa was. When he became shaheed though, I understood everything about what bhaanaa Sant jee was talking about.

**At the time of Bhai Sahib's martyrdom, what do you think Sant Giani Jarnail Singh Ji Bhindranwale's mental state was?**
I felt that because of his (Bhai Sahib's) shaheedee along with the shaheedee of his companions, Sant jee was feeling a lot of pain. The pain in his heart was visible on his face. He used to say that he was indebted to these Singhs who had spilled their blood for Shabad Guru. "I will pay off this debt by spilling my own blood. The whole world will be left watching."
Usually in the media and in the religious-political groups, you are presented as having been opposed to Sant Ji. How much truth is there in this?
There is no truth in this at all. I truly respected Sant Giani Jarnail Singh jee from my heart and will continue to do so. He used to have a lot of respect for me as well. I remember that when we used to meet in the Parkarma, he would say Fateh first and would say over and over,

– ਬਹੁਤ ਪਿਆਰ ਵਾਲੇ ਸਬੰਧ ਸਨ । ਸੰਤ ਗਿਆਨੀ ਕਰਤਾਰ ਸਿੰਘ ਜੀ ਉਨ੍ਹਾਂ ਦਾ ਬਹੁਤ ਪਿਆਰ ਸਤਿਕਾਰ ਕਰਿਆ ਕਰਦੇ ਸਨ । ਇਨ੍ਹਾਂ ਦੇ ਬੈਠਣ ਲਈ ਸਤਿਕਾਰ ਵਜੋਂ ਆਪਣਾ ਹਜ਼ੂਰੀਆ ਵਿਛਾ ਦਿਆ ਕਰਦੇ ਸਨ । ਉਨ੍ਹਾਂ ਦਿਨਾਂ ਵਿੱਚ ਗੁਰੂ ਕੇ ਮਹਿਲ ਗੁਰਦੁਆਰਾ ਸਾਹਿਬ ਵਿੱਚ ਕੁਝ ਸ਼ਰਾਰਤੀ ਅਨਸਰਾਂ ਨੇ ਗੁਰੂ ਗਰੰਥ ਸਾਹਿਬ ਦਾ ਨਿਰਾਦਰ ਕੀਤਾ ਤਾਂ ਇਹ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਗੁਰੂ ਘਰ ਪਹੁੰਚ ਗਏ । ਭੜਕੇ ਹੋਏ ਹਜੂਮ ਨੇ ਇਨ੍ਹਾਂ ਅਤੇ ਸਾਥੀ ਸਿੰਘਾਂ ਨੂੰ ਪੱਥਰ ਮਾਰੇ ਤੇ ਤੇਜ਼ਾਬ ਦੀਆਂ ਬੋਤਲਾਂ ਮਾਰੀਆਂ । ਇਨ੍ਹਾਂ ਦੇ ਸਾਰੇ ਕੱਪੜੇ ਸੜ ਗਏ ਪਰ ਸਰੀਰ ਬਚ ਗਿਆ । ਇਸ ਘਟਨਾ ਤੋਂ ਬਾਅਦ ਅਸੀਂ ਭਿੰਡਰਾਂ ਵਾਲੇ ਜਥੇ ਨਾਲ ਰਲ ਕੇ ਅੰਮ੍ਰਿਤਸਰ ਵਿੱਚ ਜਲੂਸ ਕੱਢੇ । ਇਸ ਸਮੇਂ ਸੰਤ ਜੀ ਵੱਲੋਂ ਪੂਰ ਸਹਿਯੋਗ ਮਿਲਦਾ ਰਿਹਾ । ਉਨ੍ਹੀ ਦਿਨੀਂ ਅਸੀਂ ਮਹਿਤੇ ਚੌਂਕ ਅਖੰਡ ਕੀਰਤਨ ਕਰਨ ਜਾਇਆ ਕਰਦੇ ਸਾਂ । ਸੰਤ ਗਿਆਨੀ ਕਰਤਾਰ ਸਿੰਘ ਜੀ ਦਾ ਦੇਹਧਾਰੀ ਗੁਰੂ ਡੰਮ੍ਹ ਦੇ ਸਖਤ ਵਿਰੋਧੀ ਹੋਣ ਕਰਕੇ ਇਨ੍ਹਾਂ ਦਾ ਆਪਸੀ ਪ੍ਰਸਪਰ ਪ੍ਰੇਮ ਬਹੁਤ ਜ਼ਿਆਦਾ ਸੀ । ਨਰਕਧਾਰੀ ਹਮਲਿਆਂ ਨੂੰ ਠੱਲ੍ਹਣ ਲਈ ਅਸੀਂ ਸਾਂਝੇ ਫਰੰਟ ਦੇ ਕੰਮ ਕਰਦੇ ਰਹਿੰਦੇ ਸਾਂ । ਇਸ ਤੋਂ ਇਲਾਵਾ ਰਾਮਪੁਰ ਖੇੜੇ ਵਾਲੇ ਸੰਤ ਬਾਬਾ ਹਰਨਾਮ ਸਿੰਘ ਹੁਰਾਂ ਨਾਲ ਵੀ ਇਨ੍ਹਾਂ ਦਾ ਬਹੁਤ ਪ੍ਰੇਮ ਸੀ । ਇੱਕ ਵਾਰ ਉਹ ਖੇੜਾ ਸਾਹਿਬ ਤੋਂ ਅੰਮ੍ਰਿਤਸਰ ਆ ਗਏ । ਉਨ੍ਹਾਂ ਦੇ ਮਨ ਦੀ ਅਵਸਥਾ ਵੈਰਾਗਮਈ ਸੀ । ਮੈਨੂੰ ਗੁਰੂ ਰਾਮਦਾਸ ਸਰਾਂ ਵਿੱਚ ਮਿਲੇ ਤੇ ਮੈਂ ਬੇਨਤੀ ਕਰਕੇ ਘਰ ਲੈ ਆਈ । ਉਨ੍ਹਾਂ (ਸੰਤ ਹਰਨਾਮ ਸਿੰਘ ਜੀ) ਨੇ ਚਾਰ ਦਿਨਾਂ ਤੋਂ ਪ੍ਰਸ਼ਾਦਾ ਨਹੀਂ ਛਕਿਆ ਸੀ । ਉਨ੍ਹਾਂ (ਸੰਤਾਂ) ਨੂੰ ਬੇਨਤੀ ਕੀਤੀ ਕਿ ''ਬਾਬਾ ਜੀ ਮੇਰਾ ਸੁਨੇਹਾ ਗੁਰੂ ਗੋਬਿੰਦ ਸਿੰਘ ਜੀ ਨੂੰ ਦੇ ਦੇਣਾ ।'' ਉਨ੍ਹਾਂ ਕਿਹਾ ''ਠੀਕ ਹੈ ਬੇਟਾ ਦੇ ਦੇਵਾਂਗਾ ।'' ਪਰ ਸੁਨੇਹਾ ਕੀ ਦੇਣਾ ਹੈ, ਦਾ ਨਾ ਮੈਨੂੰ ਹੀ ਕੁਝ ਸੁੱਝਿਆ ਤੇ ਨਾ ਉਨ੍ਹਾਂ ਹੀ ਪੁੱਛਿਆ । ਦੂਸਰੇ ਦਿਨ ਸੰਤ ਜੀ ਕਹਿਣ ਲੱਗੇ ਕਿ ''ਬੇਟਾ ਮੈਂ ਤੇਰਾ ਸੁਨੇਹਾ ਗੁਰੂ ਸਾਹਿਬ ਨੂੰ ਦਿੱਤਾ ਸੀ । ਗੁਰੂ ਸਾਹਿਬ ਨੇ ਕਿਹਾ ਹੈ ਕਿ,'ਸੋ ਸਿਖੁ ਸਖਾ ਬੰਧਪੁ ਹੈ ਭਾਈ ਜੋ ਗੁਰ ਕੇ ਭਾਣੇ ਵਿਚਿ ਆਵੈ' ।'' ਉਦੋਂ ਮੇਰੇ ਸਮਝ ਵਿੱਚ ਨਹੀਂ ਆਇਆ ਕਿ ਗੁਰੂ ਸਾਹਿਬ ਦਾ ਭਾਣਾ ਕੀ ਹੈ ? ਅਖੀਰ ਜਦੋਂ ਉਹ ਸ਼ਹੀਦ ਹੋਏ ਤਾਂ ਸਾਰੀ ਗੱਲ ਦਾ ਭੇਤ ਪਤਾ ਲੱਗਿਆ ਕਿ ਸੰਤ ਕਿਹੜੇ ਭਾਣੇ ਦੀ ਗੱਲ ਕਰਦੇ ਰਹੇ ਸਨ ।

**? ਭਾਈ ਸਾਹਿਬ ਦੀ ਸ਼ਹਾਦਤ ਸਮੇਂ ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਮਾਨਸਿਕ ਅਵਸਥਾ ਕਿਹੋ ਜਿਹੀ ਤੁਸੀਂ ਮਹਿਸੂਸ ਕੀਤੀ?**

– ਮੈਨੂੰ ਮਹਿਸੂਸ ਹੋਇਆ ਕਿ ਇਨ੍ਹਾਂ ਅਤੇ ਇਨ੍ਹਾਂ ਦੇ ਸਾਥੀ ਸਿੰਘਾਂ ਦੀ ਸ਼ਹਾਦਤ ਹੋ ਜਾਣ ਕਰਕੇ ਉਹ ਬਹੁਤ ਹੀ ਦੁੱਖ ਮਹਿਸੂਸ ਕਰਦੇ ਸਨ । ਉਨ੍ਹਾਂ ਦੇ ਮਨ ਦਾ ਦੁੱਖ ਉਨ੍ਹਾਂ ਦੇ ਚਿਹਰੇ ਤੋਂ ਸਾਫ-ਸਾਫ ਝਲਕ ਜਾਂਦਾ ਸੀ । ਉਹ ਆਪ ਅਕਸਰ ਹੀ ਕਿਹਾ ਕਰਦੇ ਸਨ ਕਿ ਮੈਂ ਇਹਨਾਂ ਸਿੰਘਾਂ ਦਾ ਰਿਣੀ ਹਾਂ ਜਿਨ੍ਹਾਂ ਨੇ ਸ਼ਬਦ ਗੁਰੂ ਲਈ ਖੂਨ ਡੋਲ੍ਹਿਆ ਹੈ । ਇਹ ਕਰਜਾ ਮੈਂ ਆਪਣਾ ਖੂਨ ਡੋਲ੍ਹ ਕੇ ਉਤਾਰ ਦਿਆਂਗਾ ਤੇ ਦੁਨੀਆਂ ਦੇਖਦੀ ਰਹਿ ਜਾਵੇਗੀ ।

? ਆਮ ਤੌਰ 'ਤੇ ਪੱਤਰਕਾਰੀ ਹਲਕਿਆਂ ਤੇ ਸਿਆਸੀ-ਧਾਰਮਿਕ ਹਲਕਿਆਂ ਵਿੱਚ ਤੁਹਾਨੂੰ ਸੰਤ ਜੀ ਦੇ ਵਿਰੋਧੀ ਬਣਾ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ । ਇਸ ਵਿੱਚ ਕਿੰਨੀ ਕੁ ਸਚਾਈ ਹੈ ?

– ਇਸ ਵਿੱਚ ਰੱਤੀ ਵੀ ਸਚਾਈ ਨਹੀਂ ਹੈ । ਮੈਂ ਸੰਤ ਗਿਆਨੀ ਜਰਨੈਲ ਸਿੰਘ ਜੀ ਦਾ ਆਪਣੇ ਅੰਦਰਲੇ ਮਨੋਂ ਸਤਿਕਾਰ ਕਰਦੀ ਸਾਂ, ਕਰਦੀ ਹਾਂ ਤੇ ਕਰਦੀ ਰਹਾਂਗੀ ਵੀ । ਉਹ ਵੀ ਮੇਰਾ ਬਹੁਤ ਹੀ ਜ਼ਿਆਦਾ ਮਾਣ-ਸਤਿਕਾਰ ਕਰਿਆ ਕਰਦੇ ਸਨ । ਮੈਨੂੰ ਯਾਦ ਹੈ ਕਿ ਉਹ ਜਦੋਂ ਵੀ ਮੈਨੂੰ ਪ੍ਰਕਰਮਾ ਵਿੱਚ ਮਿਲਦੇ ਹੁੰਦੇ ਸਨ ਤਾਂ ਹਮੇਸ਼ਾਂ ਆਪ ਅੱਗੇ ਹੋ ਕੇ ਫਤਹਿ ਬੁਲਾਇਆ ਕਰਦੇ ਸਨ ਤੇ ਵਾਰ ਵਾਰ ਇਹੋ ਸ਼ਬਦ ਦੁਹਰਾਈ ਜਾਇਆ ਕਰਦੇ ਸਨ-' ਹੋਰ ਬੀਬੀ ਜੀ ਠੀਕ ਓ ? ਕੋਈ ਸੇਵਾ ਦੱਸੋ । ਕਿਸੇ ਚੀਜ਼ ਦੀ ਕੋਈ ਲੋੜ ਹੋਵੇ ਤਾਂ ਦੱਸੋ । ਮੇਰਾ ਸੀਸ ਤੁਹਾਡੇ ਲਈ ਝੁਕਦਾ ਹੈ । ਇੱਕ ਸ਼ਹੀਦ ਦੀ ਸਿੰਘਣੀ ਹੋਣ ਕਰਕੇ ਮੈਂ ਤੁਹਾਡਾ ਅੰਦਰਲੇ ਮਨੋਂ ਸਤਿਕਾਰ ਕਰਦਾ ਹਾਂ ।'

**? ਇਸ ਸਾਲ ਸਾਕਾ ਨੀਲਾ ਤਾਰਾ ਦੀ ਵੀਹਵੀਂ ਵਰ੍ਹੇਗੰਢ ਦਾ ਹੈ, ਕੁਝ ਹੱਡੀਂ ਹੰਢਾਏ ਤਜ਼ਰਬੇ ਸੰਗਤਾਂ ਨਾਲ ਸਾਂਝੇ ਕਰੋ ?**

– ਆਪਰੇਸ਼ਨ ਨੀਲਾ ਤਾਰਾ ਸਮੇਂ ਮੈਂ ਇੱਥੇ ਅੰਦਰ ਹੀ ਸਾਂ । ਚਾਰ ਜੂਨ ਨੂੰ ਸਵੇਰੇ ਅੰਮ੍ਰਿਤਵੇਲੇ ਤੋਂ ਹੀ ਬੰਬਾਰੀ ਸ਼ੁਰੂ ਹੋ ਗਈ ਸੀ । ਮੈਂ ਪੰਜ ਜੂਨ ਨੂੰ ਦਰਬਾਰ ਸਾਹਿਬ ਅੰਦਰ ਮੱਥਾ ਟੇਕਣ ਲਈ ਪਹੁੰਚਣ ਵਿੱਚ ਸਫਲ ਹੋ ਗਈ । ਉੱਥੇ ਮੈਨੂੰ ਰਾਗੀ ਅਮਰੀਕ ਸਿੰਘ (ਸੂਰਮਾ) ਮਿਲਿਆ ਤਾਂ ਮੈਂ ਕਹਿ ਦਿੱਤਾ ਕਿ ਭਾਈ ਸਾਹਿਬ ਜੀ ਗੁਰੂ ਰਾਮਦਾਸ ਦੇ ਘਰੇ ਕੀਰਤਨ ਦੀ ਲੜੀ ਟੁੱਟਣੀ ਨਹੀਂ ਚਾਹੀਦੀ । ਉਸ ਨੇ ਸਤ ਬਚਨ ਕਹਿ ਦਿੱਤੇ ਭਾਂਵੇਂ ਕਿ ਅੰਨ੍ਹੀ ਬੰਬਾਰੀ ਹੁੰਦੀ ਰਹੀ ਪਰ ਅਮਰੀਕ ਸਿੰਘ ਕੀਰਤਨ ਕਰਦਾ ਰਿਹਾ । ਆਖਰਕਾਰ ਗੋਲੀ ਲੱਗਣ ਕਰਕੇ ਲਾਚੀ ਬੇਰ ਕੋਲ ਸ਼ਹੀਦ ਹੋ ਗਿਆ । ਅਸੀਂ ਸਾਰੇ ਜਣੇ ਗੋਲੀਆਂ ਦੇ ਖੜਕੇ ਦੇ ਆਦੀ ਹੋ ਗਏ । ਵਰ੍ਹਦੀਆਂ ਗੋਲੀਆਂ ਵਿੱਚ ਹੀ ਦਰਬਾਰ ਸਾਹਿਬ ਆਉਂਦੇ-ਜਾਂਦੇ ਸਾਂ । ਮੇਰੀ ਛੋਟੀ ਭੈਣ ਪਰਮਜੀਤ ਕੌਰ ਵੀ ਇੱਥੇ ਹੀ ਸੀ । ਉਹ ਸਿੰਘਾਂ ਦੀ ਮੱਲ੍ਹਮ ਪੱਟੀ ਆਦਿ ਦੀ

"Well Bibi jee, are you well? Is there any seva - if you need anything let me know. My head bows before you and because you are the wife of a Shaheed, I respect you from my heart."

**This year is the 20th anniversary of the Blue Star Operation. Will you share your experiences with the Sangat?**

During Operation Blue Star, I was here inside (Sree Darbaar Sahib). On June 4th, at amrit vela, the bombardment began. On June 5th, I was successful in reaching Darbar Sahib to matha taek. There, I met Ragi Amrik Singh who was blind. I said to him, "Bhai sahib jee, keertan should not stop in Guru Ram Das jee's home." He agreed and even though there was bombardment, he kept doing keertan. In the end, he was martyred after being hit by a bullet near the Lachi Baer. We all became used to the sounds of bullets. We came and went to Darbar Sahib in a hail of bullets. My younger sister Paramjit Kaur was also here. She did the seva of tending to injured Singhs. She gave water to the fighting Singhs and in the end she was martyred by the chhabeel (water station). One Singh came from the Babbar's side and took me to the Saraa(n). I didn't want to go but he forcibly took me.

One thing is for sure, everything that happened (all the planning and fortifications) can be attributed to Gen. Shabegh Singh's mind. That amazing warrior-General did something that the whole world will remember. I bow my head before the bravery and daring of Sant Jarnail Singh and his companion Singhs. They ended up being great shaheeds of the Kaum.

**What would you like to say about the Sant-vaad growing under the name of Sikhism in Punjab today?**

In truth, "Sant" is not the name of some type of special dress, it is the name for the nature of a Gurmukh who has lived his life according to Gurbaanee. Today there are a lot of Sant Babas in the Kaum who talk about the Guru. They attach the sangat to the Guru Ghar and they are to be congratulated. But if someone attaches others to himself, then he is dangerous. The Kaum today needs Mahapurakhs. If they are like Baba Harnam Singh Khaeray vaalay, they are welcome. But if they are frauds and hypocrites, then the Sikhs must begin to think, because it is they themselves that give bundles of money to the Sants.

**Will you tell us something about Bhai Fauja Singh Trust?**

That is our home. We don't charge any child. We enroll four types of children: 1) Those effected by the Punjab problem including the children of Kharkoos and the children of those killed by kharkoos. We don't discriminate. No matter what side that child came from, he can be enrolled. 2) Orphan children with no mother or father. 3) Widow families and the children of women who have been widowed for whatever reason. 4) Those children from poor families who want to study and are smart.

We don't take help from any government agency. I want that this house becomes the children's own and orphaned children consider it their own home.

**In the end, do you have any message for the Panth's youth?**

This is a difficult question. They are themselves wise. I just have one request,

"Man maeray satgur kai bhaanai chal. Nij ghar vaseh(n) amrit peeveh(n) taa(n) such laheh(n) mahul."

ਸੇਵਾ ਕਰਦੀ ਰਹੀ । ਮੋਰਚਿਆਂ ਵਿੱਚ ਜੂਝਦੇ ਸਿੰਘਾਂ ਨੂੰ ਜਲ ਛਕਾਉਂਦੀ ਰਹੀ ਤੇ ਆਖਰ ਛਬੀਲ ਲਾਗੇ ਸ਼ਹੀਦੀ ਪਾ ਗਈ । ਮੈਨੂੰ ਇੱਕ ਸਿੰਘ ਬੱਬਰਾਂ ਵਾਲੇ ਪਾਸਿਓਂ ਤੋਂ ਆ ਕੇ ਸਰਾਂ ਵਿੱਚ ਲੈ ਗਿਆ । ਮੈਂ ਜਾਂਦੀ ਨਹੀਂ ਸੀ ਮੱਲੋਜੋਰੀ ਲੈ ਗਿਆ । ਹਾਂ, ਇੱਕ ਗੱਲ ਜ਼ਰੂਰੀ ਐ । ਇਸ ਸਾਰੇ ਵਰਤਾਰੇ ਵਿੱਚ ਜਨਰਲ ਸੁਬੇਗ ਸਿੰਘ ਦੇ ਦਿਮਾਗ ਦੀ ਦਾਦ ਦੇਣੀ ਬਣਦੀ ਹੈ । ਉਸ ਮਹਾਨ ਸੂਰਬੀਰ ਜਰਨੈਲ ਨੇ ਅਜਿਹਾ ਕਾਰਨਾਮਾ ਕਰ ਦਿਖਾਇਆ, ਜਿਹੜਾ ਰਹਿੰਦੀ ਦੁਨੀਆਂ ਤੱਕ ਯਾਦ ਰਹੇਗਾ । ਸੰਤ ਜਰਨੈਲ ਸਿੰਘ ਅਤੇ ਸਾਥੀ ਸਿੰਘਾਂ ਦੀ ਬਹਾਦਰੀ ਅਤੇ ਦਲੇਰੀ ਅੱਗੇ ਮੇਰਾ ਸਿਰ ਝੁਕਦਾ ਹੈ । ਉਹ ਮਹਾਨ ਕੌਮੀ ਸ਼ਹੀਦ ਹੋ ਨਿੱਬੜੇ ।

**? ਅੱਜ ਪੰਜਾਬ ਵਿੱਚ ਸਿੱਖੀ ਦੇ ਨਾਂ ਹੇਠ ਪਣਪ ਰਹੇ ਸੰਤਵਾਦ ਬਾਰੇ ਕੀ ਕਹਿਣਾ ਚਾਹੋਗੇ ?**

– ਅਸਲ ਵਿੱਚ ਸੰਤ ਕਿਸੇ ਵਿਸ਼ੇਸ਼ ਪਹਿਰਾਵੇ ਦਾ ਨਾਂਅ ਨਹੀਂ, ਸਗੋਂ ਸੰਤ ਤਾਂ ਗੁਰਬਾਣੀ ਅਨੁਸਾਰ ਜੀਵਨ ਜਿਊਣ ਵਾਲੇ ਗੁਰਮੁਖ ਦੇ ਸੁਭਾਅ ਦਾ ਨਾਂਅ ਹੈ । ਅੱਜ ਕੌਮ ਵਿੱਚ ਸੰਤ ਬਾਬਿਆਂ ਦੀ ਬਹੁਤਾਤ ਹੈ । ਜਿਹੜੇ ਗੁਰੂ ਦੀ ਗੱਲ



ਕਰਦੇ ਹਨ, ਸੰਗਤਾਂ ਨੂੰ ਗੁਰੂ ਘਰ ਨਾਲ ਜੋੜਦੇ ਹਨ, ਉਹ ਵਧਾਈ ਦੇ ਪਾਤਰ ਹਨ ਪਰ ਜੇ ਕੋਈ ਆਪਣੇ ਨਾਮ ਨਾਲ ਜੋੜਦਾ ਹੈ, ਉਹ ਖਤਰਨਾਕ ਹੈ । ਅੱਜ ਕੌਮ ਨੂੰ ਮਹਾਂ ਪੁਰਸ਼ਾਂ ਦੀ ਲੋੜ ਹੈ । ਬਾਬਾ ਹਰਨਾਮ ਸਿੰਘ ਖੇੜੇ ਵਾਲਿਆਂ ਵਰਗੀਆਂ ਸੰਤ ਰੂਹਾਂ ਹੋਣ ਤਾਂ ਮੁਬਾਰਕ ਪਰ ਜੇਕਰ ਪਖੰਡ ਹੈ ਤਾਂ ਸਿੱਖਾਂ ਨੂੰ ਸੋਚਣਾ ਪਊਗਾ ਕਿਉਂਕਿ ਸੰਤਵਾਦ ਨੂੰ ਮਾਇਆ ਦੇ ਗੱਫੇ ਸੰਗਤਾਂ ਹੀ ਦਿੰਦੀਆਂ ਹਨ ।

**? ਭਾਈ ਫੌਜਾ ਸਿੰਘ ਟਰੱਸਟ ਬਾਰੇ ਕੁਝ ਦੱਸੋਗੇ ?**

– ਉਹ ਤਾਂ ਸਾਡਾ ਘਰ ਹੈ । ਅਸੀਂ ਕਿਸੇ ਵੀ ਬੱਚੀ ਬੱਚੇ ਕੋਲੋਂ ਕੋਈ ਚਾਰਜ ਨਹੀਂ ਲੈਂਦੇ । ਚਾਰ ਕਿਸਮ ਦੇ ਬੱਚੇ ਅਸੀਂ ਭਰਤੀ ਕਰਦੇ ਹਾਂ – (1) ਪੰਜਾਬ ਸਮੱਸਿਆ ਤੋਂ ਪੀੜ੍ਹਤ ਬੱਚੇ, ਜਿਸ ਵਿੱਚ ਖਾੜਕੂਆਂ ਤੇ ਖਾੜਕੂਆਂ ਵੱਲੋਂ ਮਾਰੇ ਗਏ ਲੋਕਾਂ ਦੇ ਬੱਚੇ ਸ਼ਾਮਲ ਹਨ । ਅਸੀਂ ਵਿਤਕਰਾ ਨਹੀਂ ਕਰਦੇ । ਪੰਜਾਬ ਸਮੱਸਿਆ ਨਾਲ ਸਬੰਧਤ ਬੱਚੇ ਭਾਵੇਂ ਕਿਸੇ ਵੀ ਧਿਰ ਦੇ ਕਿਉਂ ਨਾ ਹੋਣ, ਭਰਤੀ ਹੋ ਸਕਦੇ ਹਨ । (2) ਯਤੀਮ ਬੱਚੇ ਜਿਨ੍ਹਾਂ ਦੇ ਮਾਤਾ ਪਿਤਾ ਨਹੀਂ ਹਨ । (3) ਵਿਧਵਾ ਪਰਿਵਾਰ, ਕਿਸੇ ਵੀ ਕਾਰਨ ਵਿਧਵਾ ਹੋਈਆਂ ਔਰਤਾਂ ਦੇ ਬੱਚੇ । (4) ਗਰੀਬ ਬੱਚੇ ਜਿਹੜੇ ਪੜ੍ਹਣਾ ਚਾਹੁੰਦੇ ਹੋਣ ਤੇ ਹੁਸ਼ਿਆਰ ਹੋਣ । ਅਸੀਂ ਕਿਸੇ ਵੀ ਸਰਕਾਰੀ ਸੰਸਥਾ ਵੱਲੋਂ ਕੋਈ ਸਹਾਇਤਾ ਨਹੀਂ ਲੈਂਦੇ । ਮੇਰੀ ਮਨਸ਼ਾ ਹੈ ਕਿ ਇਹ ਹਾਊਸ ਬੱਚਿਆਂ ਦਾ ਆਪਣਾ ਹੋਵੇ, ਯਤੀਮ ਬੱਚੀਆਂ ਇਸ ਨੂੰ ਆਪਣਾ ਪੇਕਾ ਘਰ ਸਮਝਣ ।

**? ਅਖੀਰ ਵਿੱਚ ਸਮੂਹ ਪੰਥ ਤੇ ਨੌਜੁਆਨ ਪੀੜ੍ਹੀ ਨੂੰ ਕੋਈ ਸੰਦੇਸ਼ ?**

– ਬੜਾ ਔਖਾ ਸਵਾਲ ਹੈ । ਉਹ ਖੁਦ ਸਮਝਦਾਰ ਹਨ ਬਸ ਇੱਕੋ ਹੀ ਬੇਨਤੀ ਹੈ :
ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥ ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥

– ਸਮਾਪਤ –

# ਕੁਰਬਾਨੀ

Sacrifice

ਤੇਰੀ ਅਮਰ ਸਿੱਖੀ ਨੂੰ ਸਤਿਗੁਰੂ, ਮਨ ਬਚ ਕ੍ਰਮ ਦੇ ਨਾਲ ਨਿਭਾ ਦਿਆਂਗੇ।

O True Guru we will serve your everlasting Sikhi
with our every word, thought and deed.

ਧਨ, ਧਾਮ, ਜਵਾਨੀ, ਜਾਇਦਾਦ ਸਭ ਕੁਝ, ਕੌਮੀ ਪੰਥ ਦੇ ਅਸੀਂ ਲਗਾ ਦਿਆਂਗੇ।

We will devote our youth, wealth and all other worldly
possessions to the cause of the panth.

ਬਾਲ-ਵਿਵਸਥਾ ਤੋਂ ਦੇਹ ਸੰਭਾਲ ਰਖੀ, ਹੁਣ ਤਾਂ ਲੋੜ ਤੇ ਘੋਲ ਘੁਮਾ ਦਿਆਂਗੇ।

My body preserved since childhood
will be sacrificed now that the need has arisen.

ਤੇਰੀ ਬਾਣੀ ਨੂੰ ਹਿਰਦੇ ਨਿਵਾਸ ਦੇ ਕੇ, ਅਵਗੁਣ ਆਪਣੇ ਸਾਰੇ ਗਵਾ ਦਿਆਂਗੇ।

By continuously repeating and  truly following Gurbani
we will get rid of  all our evil intuitions (evil in our minds)

ਜੇ ਤੂੰ ਮੇਹਰ ਰਖੀ, ਮਿਹਰਬਾਨ ਸਾਂਈ, ਬੰਦ ਬੰਦ ਭੀ ਅਸੀਂ ਕਟਾ ਦਿਆਂਗੇ।

If you keep your grace my graceful lord
we will Sacrifice ourselves limb by limb.

ਤੇਰਾ ਨਾਮ ਨਿਧਾਨੀ, ਸੋਹਣਾ ਨਿਸ਼ਾਨ ਸਾਹਿਬ, ਦਸੋਂ ਦਿਸ਼ਾ ਵਿੱਚ ਅਸੀਂ ਝੁਲਾ ਦਿਆਂਗੇ।

We will endeavour to fly the wonderful Flag of the treasure of  your Naam- all
over the world.

ਡੁਬ ਰਹੀ ਜੋਤਿ ਜੋ ਅਸਾਂ ਨੂੰ ਜਾਪਦੀ ਹੈ, ਖੂਨ ਆਪਣੇ ਨਾਲ ਜਗਾ ਦਿਆਂਗੇ।

The light of Faith which seems to be dwindling,
will be rekindled with our blood.

ਮਨ ਕੀ ਮਤਿ ਨੂੰ ਮੇਟ ਕੇ ਸੱਚੇ ਦਾਤੇ, ਤੇਰੀ ਜੋਤਿ ਵਿੱਚ ਜੋਤਿ ਮਿਲਾ ਦਿਆਂਗੇ।

By forsaking our mind's wisdom
O Lord we will blend our soul with yours.

ਧੁਰੋਂ ਧੋਰਦਗੀ ਅਤੇ ਅਵਤਰੀ ਰੀਤ ਸੁੰਦਰ, ਸਾਰੂ ਕੂੜੂ ਨੂੰ ਤੋੜ ਗਵਾ ਦਿਆਂਗੇ।

With your divinely ordained faith we will overcome all evil

ਮਿੱਟ ਗਏ ਨਿਸ਼ਾਨ ਜੋ ਧਰਮ ਵਾਲੇ, ਲਹੂ ਡੋਲ੍ਹ ਕੇ ਅਸੀਂ ਪ੍ਰਗਟਾ ਦਿਆਂਗੇ।

By sacrificing our selves we will
revive renovate the fading symbol of our faith.

ਮਿਹਰ ਤੇਰੀ ਨਾਲ ਖਾਲਸਾ ਬੋਲਦਾ ਹੈ, ਆਵਾਜ਼ ਅੰਦਰਲੀ ਸਾਰਾ ਸੁਣਾ ਦਿਆਂਗੇ।

The Khalsa speaks with your Grace,
our inner voice will be heard by all.

ਅੰਮ੍ਰਿਤ-ਰੂਪ ਸਿੱਖੀ ਹੈ ਅਮਰ ਕਰਦੀ, ਕੇਸਾਂ ਸੁਆਸਾਂ ਦੇ ਨਾਲ ਨਿਭਾ ਦਿਆਂਗੇ।

Sikhism is immortalising nectar we will serve it
with the five symbols to our last breath.

ਜਦ ਆਣ ਕੇ ਅੜਿਓ ਵਿਧਾਨ ਭਾਰੀ, ਸੀਸ ਤੇਰਾ ਹੈ, ਤੈਨੂੰ ਚੜ੍ਹਾ ਦਿਆਂਗੇ।

When all else fails, in the hour of need,
we will sacrifice our head at your altar.

ਸ਼ਹੀਦ ਭਾਈ ਫੌਜਾ ਸਿੰਘ ਜੀ



*"These are the Sikhs who are prepared to live and die for righteousness, who exemplify the courage of Guru Gobind Singh Ji in their daily life, who love Naam Simran as their life's breath and who recognise the same spirit, the same love, and the same infinite vibration of Naam which flows through the Nation of the Khalsa.....There was none there to defend these courageous Sikhs, except God and Guru. Each one who fell uttured "Vaheguru" and surely was received into the arms of the Guru as he died this martyr's death."*



Shaheed Bhai Avtar Singh Ji



Shaheed Bhai Kewal Singh Ji



Shaheed Bhai Piara Singh Ji



Shaheed Bhai Dharamvir Singh Ji



Shaheed Bhai Gurcharan Singh Ji



Shaheed Bhai Amrik Singh Ji



Shaheed Bhai Raghbir Singh Ji



Shaheed Bhai Ranbir Singh Ji



Shaheed Bhai Harbhajan Singh Ji



Shaheed Bhai Gurdial Singh Ji



Shaheed Bhai Darshan Singh Ji



Shaheed Bhai Hari Singh Ji

Akhand Kirtani Jatha Worldwide